@Qpatrika
@qaumipatrika punjabi
instagram.com/ qaumipatrika
Largest Circulated
C M Y K

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily
Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Monday, 18 March 2024
VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸੋਮਵਾਰ 18 ਮਾਰਚ 2024, 5 ਚੇਤ ਨਾਨਕਸ਼ਾਹੀ ਸੰਮਤ 555 (ਸਫ਼ੇ–12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 108, qpatrika@gmail.com ਫੋਨ : 9971359517 www.qaumipatrika.org

## ਆਬਕਾਰੀ ਮਾਮਲਾ ਨੇ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਨੂੰ ਭੇਜਿਆ 9ਵਾਂ ਸੰਮਨ

ਸਿੰਮੀ ਕੌਰ ਬੱਬਰ

ਨਵੀਂ ਦਿੱਲੀ, 17 ਮਾਰਚ : ਇਨਫੋਰਸਮੈਂਟ ਡਾਇਰੈਕਟੋਰੇਟ (ਈ. ਡੀ.) ਨੇ ਆਬਕਾਰੀ ਨੀਤੀ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ 'ਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਨਵਾਂ ਸੰਮਨ ਜਾਰੀ ਕਰਕੇ 21 ਮਾਰਚ ਨੂੰ ਪੁੱਛਗਿੱਛ ਲਈ ਬੁਲਾਇਆ ਹੈ। ਅਧਿਕਾਰਤ ਸੂਤਰਾਂ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਆਮ ਆਦਮੀ ਪਾਰਟੀ (ਆਪ) ਦੇ 55 ਸਾਲਾ ਕੌਮੀ ਕਨਵੀਨਰ ਨੂੰ ਕੇਂਦਰੀ ਏਜੰਸੀ ਦੇ ਮੱਧ ਦਿੱਲੀ ਸਥਿਤ ਦਫਤਰ 'ਚ ਪੇਸ ਹੋਣ ਲਈ ਕਿਹਾ ਗਿਆ ਹੈ। ਸੂਤਰਾਂ ਨੇ ਦੱਸਿਆ ਕਿ ਮਨੀ ਲਾਂਡਰਿੰਗ ਰੋਕੂ ਕਾਨੂੰਨ () ਤਹਿਤ ਕੇਜਰੀਵਾਲ ਦੇ ਬਿਆਨ ਦਰਜ ਕਰਨ ਲਈ 9ਵਾਂ ਸੰਮਨ ਜਾਰੀ ਕੀਤਾ ਗਿਆ ਹੈ। ਮੁੱਖ ਮੰਤਰੀ ਨੇ ਇਨ੍ਹਾਂ ਸੰਮਨਾਂ ਨੂੰ ਗੈਰ-ਕਾਨੂੰਨੀ ਦੱਸਦਿਆਂ ਹਰ ਵਾਰ ਪੇਸ ਹੋਣ ਤੋਂ ਇਨਕਾਰ ਕੀਤਾ ਹੈ। 'ਆਪ' ਐਤਵਾਰ ਨੂੰ ਇਸ ਮੁੱਦੇ 'ਤੇ ਪ੍ਰੈੱਸ ਕਾਨਫਰੰਸ ਕਰ ਸਕਦੀ ਹੈ। ਦਿੱਲੀ ਦੀ ਇਕ ਅਦਾਲਤ ਨੇ ਇਸ ਮਾਮਲੇ 'ਚ ਪਿਛਲੇ 8 ਸੰਮਨਾਂ 'ਚੋਂ 6 ਦੀ ਉਲੰਘਣਾ ਕਰਨ ਲਈ ਏਜੰਸੀ ਵੱਲੋਂ ਦਾਇਰ ਦੋ ਸ਼ਿਕਾਇਤਾਂ 'ਤੇ ਕੇਜਰੀਵਾਲ ਨੂੰ ਜਮਾਨਤ ਦੇ ਦਿੱਤੀ। ਈਡੀ ਨੇ ਮਾਮਲੇ 'ਚ ਜਾਰੀ ਸੰਮਨ 'ਤੇ ਪੇਸ ਨਾ ਹੋਣ ਲਈ ਕੇਜਰੀਵਾਲ ਖਿਲਾਫ ਮੁਕੱਦਮਾ ਚਲਾਉਣ ਦੀ ਮੰਗ ਕਰਦਿਆਂ ਮੈਜਿਸਟ੍ਰੇਟ ਅਦਾਲਤ ਦਾ ਰੁਖ ਕੀਤਾ ਸੀ। ਏਜੰਸੀ ਨੇ ਦੋ ਦਿਨ ਪਹਿਲਾਂ ਇਸ ਮਾਮਲੇ 'ਚ ਨੇਤਾ ਕੇ. ਕਵਿਤਾ ਨੂੰ ਗ੍ਰਿਫਤਾਰ ਕੀਤਾ ਸੀ। ਆਬਕਾਰੀ ਨੀਤੀ ਮਾਮਲੇ 'ਚ ਈਡੀ ਵੱਲੋਂ ਦਾਇਰ ਚਾਰਜਸੀਟ ਵਿਚ ਕਈ ਵਾਰ ਕੇਜਰੀਵਾਲ ਦਾ ਨਾਂ ਆਇਆ ਹੈ। ਏਜੰਸੀ ਨੇ ਕਿਹਾ ਹੈ ਕਿ ਦੋਸੀ 2021–22 ਲਈ ਆਬਕਾਰੀ ਨੀਤੀ ਬਣਾਉਣ ਨੂੰ ਲੈ ਕੇ ਕੇਜਰੀਵਾਲ ਦੇ ਸੰਪਰਕ ਵਿਚ ਸਨ। ਇਸ ਮਾਮਲੇ 'ਚ ਈਡੀ ਨੇ ਹੁਣ ਤੱਕ 'ਆਪ' ਨੇਤਾਵਾਂ ਮਨੀਸ ਸਿਸੋਦੀਆ ਅਤੇ ਸੰਜੇ ਸਿੰਘ, ਪਾਰਟੀ ਦੇ ਸੰਚਾਰ ਇੰਚਾਰਜ ਵਿਜੇ ਨਾਇਰ ਅਤੇ ਕੁਝ ਸਰਾਬ ਕਾਰੋਬਾਰੀਆਂ ਨੂੰ ਗ੍ਰਿਫਤਾਰ ਕੀਤਾ ਹੈ। ਈਡੀ ਨੇ ਆਪਣੀ ਚਾਰਜਸੀਟ 'ਚ ਦਾਅਵਾ ਕੀਤਾ ਸੀ ਕਿ 'ਆਪ' ਨੇ ਗੋਆ ਵਿਧਾਨ ਸਭਾ ਚੋਣ ਪ੍ਰਚਾਰ 'ਚ ਲਗਭਗ 45 ਕਰੋੜ ਰੁਪਏ ਦੀ 'ਅਪਰਾਧ ਤੋਂ ਇਕੱਠੀ ਕਮਾਈ' ਦੀ ਵਰਤੋਂ ਕੀਤੀ ਸੀ।



## ਰੇਵਾੜੀ ਫੈਕਟਰੀ ਧਮਾਕਾ: ਹਰਿਆਣਾ ਦੇ ਮੁੱਖ ਮੰਤਰੀ ਨੇ ਮੈਜਿਸਟ੍ਰੇਟ ਜਾਂਚ ਦੇ ਦਿੱਤੇ ਹੁਕਮ

ਚੰਡੀਗੜ੍ਹ, 17 ਮਾਰਚ : ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਰੇਵਾੜੀ ਜਿਲ੍ਹੇ 'ਚ ਇਕ ਕਲਪੁਰਜਾ ਬਣਾਉਣ ਵਾਲੀ ਕੰਪਨੀ ਦੀ ਫੈਕਟਰੀ 'ਚ ਬਾਇਲਰ ਧਮਾਕੇ ਦੀ ਘਟਨਾ ਦੀ ਮੈਜਿਸਟ੍ਰੇਟ ਜਾਂਚ ਦੇ ਹੁਕਮ ਦਿੱਤੇ ਹਨ, ਜਿਸ 'ਚ 40 ਕਾਮੇ ਜਖਮੀ ਹੋ ਗਏ ਸਨ। ਅਧਿਕਾਰੀਆਂ ਨੇ ਐਤਵਾਰ ਨੂੰ ਦੱਸਿਆ ਕਿ ਮੁੱਖ ਮੰਤਰੀ ਨੇ ,ਸਬ-ਡਿਵੀਜਨ ਮੈਜਿਸਟਰੇਟ () ਦੀ ਅਗਵਾਈ 'ਚ ਜਾਂਚ ਦੇ ਹੁਕਮ ਦਿੱਤੇ ਹਨ। ਸੈਣੀ ਨੇ ਰੇਵਾੜੀ ਦੇ ਡਿਪਟੀ ਕਮਿਸਨਰ ਨੂੰ ਜਖਮੀਆਂ ਦਾ ਵਧੀਆ ਇਲਾਜ ਯਕੀਨੀ ਬਣਾਉਣ ਦੇ ਨਿਰਦੇਸ ਦਿੱਤੇ ਹਨ। ਪੁਲਸ ਨੇ ਦੱਸਿਆ ਕਿ ਸਨੀਵਾਰ ਨੂੰ ਰੇਵਾੜੀ ਜ਼ਿਲ੍ਹੇ ਦੇ ਧਾਰੂਹੇੜਾ ਦੇ ਉਦਯੋਗਿਕ ਖੇਤਰ 'ਚ ਇਕ 'ਆਟੋ ਪਾਰਟਸ' ਬਣਾਉਣ ਵਾਲੀ ਕੰਪਨੀ ਦੇ ਬਾਇਲਰ 'ਚ ਧਮਾਕਾ ਹੋਣ ਕਾਰਨ ਕਰੀਬ 40 ਕਾਮੇ ਝੁਲਸ ਗਏ ਅਤੇ ਉਨ੍ਹਾਂ ਨੂੰ ਵੱਖ-ਵੱਖ ਹਸਪਤਾਲਾਂ 'ਚ ਦਾਖਲ ਕਰਵਾਇਆ ਗਿਆ। ਘਟਨਾ 'ਚ ਗੰਭੀਰ ਰੂਪ 'ਚ ਜਖਮੀ ਹੋਏ 19 ਮਜਦੂਰਾਂ ਨੂੰ , ਰੋਹਤਕ ਰੈਫਰ ਕਰ ਦਿੱਤਾ ਗਿਆ ਹੈ, ਜਦਕਿ 10 ਜਖਮੀਆਂ ਦਾ ਇਲਾਜ ਰੇਵਾੜੀ ਦੇ ਟਰਾਮਾ ਸੈਂਟਰ 'ਚ ਚੱਲ ਰਿਹਾ ਹੈ। ਕੁਝ ਹੋਰਾਂ ਦਾ ਰੇਵਾੜੀ ਅਤੇ ਧਾਰੂਹੇੜਾ ਦੇ ਨਿੱਜੀ ਹਸਪਤਾਲਾਂ 'ਚ ਇਲਾਜ ਚੱਲ ਰਿਹਾ ਹੈ। ਸਨੀਵਾਰ ਦੇਰ ਰਾਤ ਇਕ ਵਿਅਕਤੀ ਨੂੰ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ। ਜਖਮੀ ਕਾਮੇ ਮਨੋਜ ਕੁਮਾਰ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਧਮਾਕਾ ਉਸ ਸਮੇਂ ਹੋਇਆ ਜਦੋਂ ਫੈਕਟਰੀ ਦੇ ਕਈ ਕਾਮੇ ਡਿਊਟੀ 'ਤੇ ਸਨ। ਇੱਥੋਂ ਦੇ ਜ਼ਿਲ੍ਹਾ ਹਸਪਤਾਲ ਦੇ ਇਕ ਡਾਕਟਰ ਨੇ ਦੱਸਿਆ ਕਿ ਜਖਮੀਆਂ ਨੂੰ ਮੁੱਢਲਾ ਇਲਾਜ ਦਿੱਤਾ ਗਿਆ ਹੈ ਅਤੇ ਉਨ੍ਹਾਂ ਦੀ ਹਾਲਤ ਸਥਿਰ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਮਰੀਜਾਂ ਨੂੰ 50 ਫੀਸਦੀ ਤੋਂ ਵੱਧ ਝੁਲਸ ਗਏ ਸਨ, ਉਨ੍ਹਾਂ ਨੂੰ ਬਾਅਦ ਵਿੱਚ ਰੋਹਤਕ ਦੇ ਹਸਪਤਾਲ ਵਿੱਚ ਭੇਜ ਦਿੱਤਾ ਗਿਆ।



## ਬਘੇਲ ਦੀਆਂ ਵਧੀਆ ਮੁਸ਼ਕਲਾਂ, ਮਹਾਦੇਵ ਸੱਟੇਬਾਜੀ ਐਪ ਮਾਮਲੇ 'ਚ ਦਰਜ

ਰਾਏਪੁਰ, 17 ਮਾਰਚ : ਛੱਤੀਸਗੜ੍ਹ ਦੇ ਸਾਬਕਾ ਮੁੱਖ ਮੰਤਰੀ ਭੁਪੇਸ਼ ਬਘੇਲ ਖਿਲਾਫ ਮਹਾਦੇਵ ਆਨਲਾਈਨ ਸੱਟੇਬਾਜੀ ਐਪ ਮਾਮਲੇ 'ਚ ਰਾਏਪੁਰ ਦੀ ਆਰਥਿਕ ਅਪਰਾਧ ਸ਼ਾਖਾ ਨੇ ਬਘੇਲ ਅਤੇ ਹੋਰਨਾਂ ਖਿਲਾਫ ਦਰਜ ਕੀਤੀ ਹੈ। ਲੱਗਭਗ ਇਕ ਸਾਲ ਤੋਂ ਵੱਧ ਸਮੇਂ ਤੋਂ ਮਹਾਦੇਵ ਐਪ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਦੀ ਜਾਂਚ ਕਰ ਰਹੇ ਈਡੀ ਨੇ ਪਿਛਲੀ ਦਿਨੀਂ ਦੋਸ਼ ਲਾਇਆ ਸੀ ਕਿ ਉਸ ਦੀ ਜਾਂਚ 'ਚ ਛੱਤੀਸਗੜ੍ਹ ਦੇ ਵੱਖ-ਵੱਖ ਸੀਨੀਅਰ ਰਾਜਨੇਤਾਵਾਂ ਅਤੇ ਨੌਕਰਸਾਹਾਂ ਦੀ ਸਮੂਲੀਅਤ ਸਾਹਮਣੇ ਆਈ ਹੈ। ਮਹਾਦੇਵ ਐਪ ਦੇ ਦੋ ਮੁੱਖ ਪ੍ਰਮੋਟਰ ਛੱਤੀਸਗੜ੍ਹ ਨਾਲ ਸਬੰਧਤ ਹਨ। ਈਡੀ ਮੁਤਾਬਕ ਇਸ ਮਾਮਲੇ 'ਚ ਅਪਰਾਧ ਤੋਂ ਅਨੁਮਾਨਤ ਆਮਦਨ ਲਗਭਗ 6,000 ਕਰੋੜ ਰੁਪਏ ਹੈ। ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਈਡੀ ਮਾਮਲੇ ਦੀ ਜਾਂਚ ਕਰ ਰਹੀ ਹੈ ਅਤੇ ਸੂਬੇ ਦੇ ਆਰਥਿਕ ਅਪਰਾਧ ਸ਼ਾਖਾ/ਭ੍ਰਿਸਟਾਚਾਰ ਰੋਕੂ ਬਿਊਰੋ ਨੂੰ ਸੌਂਪੀ ਗਈ ਰਿਪੋਰਟ ਦੇ ਆਧਾਰ 'ਤੇ 4 ਮਾਰਚ ਨੂੰ ਬਘੇਲ ਅਤੇ ਹੋਰਨਾਂ ਦੇ ਖਿਲਾਫ ਪੁਲਸ ਸਟੇਸਨ ਵਿਚ ਦਰਜ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਵਿਚ ਸੀਨੀਅਰ ਕਾਂਗਰਸੀ ਆਗੂ ਬਘੇਲ, ਐਪ ਪ੍ਰਮੋਟਰ ਰਵੀ ਉੱਪਲ, ਸੌਰਭ ਚੰਦਰਾਕਰ, ਸੁਭਮ ਸੋਨੀ ਅਤੇ ਅਨਿਲ ਕੁਮਾਰ ਅਗਰਵਾਲ ਅਤੇ 14 ਹੋਰਨਾਂ ਨੂੰ ਮੁਲਜਮ ਵਜੋਂ ਨਾਮਜਦ ਕੀਤਾ ਗਿਆ ਹੈ।

## ਪੁਲਸ ਮੁਲਾਜਮ ਵੱਲੋਂ ਨਮਾਜੀਆਂ ਨੂੰ ਮਾਰੀ ਗਈ ਲੱਤ, ਅਦਾਲਤ ਨੇ ਮੰਗਿਆ ਜ਼ਵਾਬ

ਨਵੀਂ ਦਿੱਲੀ, 17 ਮਾਰਚ : ਰਾਸਟਰੀ ਰਾਜਧਾਨੀ ਦੀ ਇਕ ਅਦਾਲਤ ਨੇ ਉੱਤਰੀ ਦਿੱਲੀ ਦੀ ਇਕ ਸੜਕ 'ਤੇ ਨਮਾਜ ਅਦਾ ਕਰ ਰਹੇ ਕੁਝ ਲੋਕਾਂ ਨੂੰ ਧੱਕਾ ਦੇਣ ਅਤੇ ਲੱਤ ਮਾਰਨ ਵਾਲੇ ਸਬ-ਇੰਸਪੈਕਟਰ ਨੂੰ ਤਲਬ ਕਰਨ ਅਤੇ ਮੁਕੱਦਮਾ ਚਲਾਉਣ ਦੀ ਮੰਗ ਵਾਲੀ ਪਟੀਸਨ 'ਤੇ ਸੁਣਵਾਈ ਦੌਰਾਨ ਪੁਲਸ ਤੋਂ ਕਾਰਵਾਈ ਦੀ ਰਿਪੋਰਟ ਮੰਗੀ। ਇਹ ਘਟਨਾ 8 ਮਾਰਚ ਨੂੰ ਦੁਪਹਿਰ ਕਰੀਬ 2 ਵਜੇ ਇੰਦਰਲੋਕ ਮੈਟਰੋ ਸਟੇਸਨ ਨੇੜੇ ਸੁੱਕਰਵਾਰ ਦੀ ਨਮਾਜ ਦੌਰਾਨ ਵਾਪਰੀ। ਇਸ ਕਥਿਤ ਹਰਕਤ ਦਾ ਇੱਕ ਵੀਡੀਓ ਸੋਸਲ ਮੀਡੀਆ 'ਤੇ ਵਾਇਰਲ ਹੋਇਆ ਸੀ। ਮੈਟਰੋਪੋਲੀਟਨ ਮੈਜਿਸਟ੍ਰੇਟ ਮਨੋਜ ਕੌਸਲ ਨੇ ਕਿਹਾ, "ਦਲੀਲਾਂ ਸੁਣੀਆਂ ਗਈਆਂ ਹਨ। ਸਬੰਧਤ ਡਿਪਟੀ ਕਮਿਸਨਰ ਆਫ ਪੁਲਸ (ਡੀਸੀਪੀ) ਤੋਂ 1 ਮਈ ਨੂੰ ਕਾਰਵਾਈ ਦੀ ਰਿਪੋਰਟ ਮੰਗੀ ਜਾਣੀ ਚਾਹੀਦੀ ਹੈ। ਐਡਵੋਕੇਟ ਫਰਾਜ ਖਾਨ ਨੇ ਆਪਣੀ ਸ਼ਿਕਾਇਤ ਵਿੱਚ ਕਿਹਾ ਕਿ ਮੁਲਜਮਾਂ ਦੇ ਇਸ 'ਬੇਤੁਕੇ ਕਾਰੇ' ਨੇ ਲੋਕਾਂ ਦੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਕਰਨ ਤੋਂ ਇਲਾਵਾ ਸਦਭਾਵਨਾ ਨੂੰ ਭੰਗ ਕੀਤਾ ਹੈ। ਅਤੇ ਸਮਾਜ ਵਿੱਚ ਸਾਂਤੀ ਨੂੰ ਵਿਗਾੜਨ ਦਾ ਕੰਮ ਕੀਤਾ। ਪਟੀਸਨ 'ਚ ਅਦਾਲਤ ਤੋਂ ਦੋਸੀ ਨੂੰ ਸੰਮਨ ਕਰਨ, ਉਸ 'ਤੇ ਮੁਕੱਦਮਾ ਚਲਾਉਣ ਅਤੇ ਉਸ ਖਿਲਾਫ ਮਾਮਲਾ ਦਰਜ ਕਰਨ ਦਾ ਨਿਰਦੇਸ ਦੇਣ ਦੀ ਬੇਨਤੀ ਕੀਤੀ ਗਈ ਹੈ। ਪੁਲਸ ਅਨੁਸਾਰ ਸਬ-ਇੰਸਪੈਕਟਰ ਨੂੰ ਤੁਰੰਤ ਮੁਅੱਤਲ ਕਰ ਦਿੱਤਾ ਗਿਆ।

## ਨਮਾਜ ਪੜ੍ਹਨ ਨੂੰ ਲੈ ਕੇ ਯੂਨੀਵਰਸਿਟੀ 'ਚ ਹੰਗਾਮਾ, ਵਿਦੇਸ਼ੀ ਵਿਦਿਆਰਥੀਆਂ ਨਾਲ ਕੁੱਟਮਾਰ

ਅਹਿਮਦਾਬਾਦ, 17 ਮਾਰਚ : ਅਹਿਮਦਾਬਾਦ ਵਿੱਚ ਲੋਕਾਂ ਦੇ ਇੱਕ ਸਮੂਹ ਨੇ ਕਥਿਤ ਤੌਰ 'ਤੇ ਗੁਜਰਾਤ ਯੂਨੀਵਰਸਿਟੀ ਦੇ ਹੋਸਟਲ ਦੀ ਇਮਾਰਤ ਵਿੱਚ ਨਮਾਜ ਅਦਾ ਕਰਨ ਲਈ ਵੱਖ-ਵੱਖ ਦੇਸਾਂ ਦੇ ਵਿਦਿਆਰਥੀਆਂ ਦੀ ਕੁੱਟਮਾਰ ਕੀਤੀ, ਜਿਨ੍ਹਾਂ ਵਿੱਚੋਂ ਦੋ ਨੂੰ ਹਸਪਤਾਲ ਵਿੱਚ ਦਾਖਲ ਕਰਾਇਆ ਗਿਆ ਹੈ। ਪੁਲਸ ਨੇ ਐਤਵਾਰ ਨੂੰ ਦੱਸਿਆ ਕਿ ਸਨੀਵਾਰ ਰਾਤ ਨੂੰ ਵਾਪਰੀ ਇਸ ਘਟਨਾ ਤੋਂ ਬਾਅਦ ਸ੍ਰੀਲੰਕਾ ਅਤੇ ਤਜਾਕਿਸਤਾਨ ਦੇ ਇਕ-ਇਕ ਵਿਦਿਆਰਥੀ ਨੂੰ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਪੁਲਸ ਕਮਿਸਨਰ ਜੀ.ਐੱਸ. ਮਲਿਕ ਨੇ ਕਿਹਾ ਕਿ 20 ਤੋਂ 25 ਲੋਕਾਂ ਵਿਰੁੱਧ ਐੱਫ.ਆਈ.ਆਰ. ਦਰਜ ਕੀਤੀ ਗਈ ਹੈ ਅਤੇ ਘਟਨਾ ਦੀ ਜਾਂਚ ਲਈ ਸੁਰੱਖਿਆ ਕਰਮਚਾਰੀਆਂ ਦੀਆਂ 9 ਟੀਮਾਂ ਬਣਾਈਆਂ ਗਈਆਂ ਹਨ। ਮਲਿਕ ਨੇ ਦੱਸਿਆ ਕਿ ਘਟਨਾ ਦੀ ਸੂਚਨਾ ਸਨੀਵਾਰ ਰਾਤ ਕਰੀਬ 10.50 ਵਜੇ ਮਿਲੀ ਜਦੋਂ ਗੁਜਰਾਤ ਯੂਨੀਵਰਸਿਟੀ ਦੇ ਹੋਸਟਲ 'ਚ ਕਰੀਬ 20–25 ਲੋਕ ਦਾਖਲ ਹੋਏ ਅਤੇ ਅਫਗਾਨਿਸਤਾਨ, ਉਜਬੇਕਿਸਤਾਨ ਅਤੇ ਹੋਰ ਦੇਸਾਂ ਦੇ ਵਿਦਿਆਰਥੀਆਂ ਦੇ ਹੋਸਟਲ 'ਚ ਨਮਾਜ ਅਦਾ ਕਰਨ 'ਤੇ ਇਤਰਾਜ ਕੀਤਾ। ਉਨ੍ਹਾਂ ਦੱਸਿਆ ਕਿ ਗੁਜਰਾਤ ਯੂਨੀਵਰਸਿਟੀ ਵਿੱਚ ਅਫਗਾਨਿਸਤਾਨ, ਤਾਜਿਕਸਤਾਨ, ਸ੍ਰੀਲੰਕਾ ਅਤੇ ਅਫਰੀਕੀ ਦੇਸਾਂ ਦੇ ਵਿਦਿਆਰਥੀਆਂ ਸਮੇਤ 300 ਦੇ ਕਰੀਬ ਅੰਤਰਰਾਸਟਰੀ ਵਿਦਿਆਰਥੀ ਰਜਿਸਟਰਡ ਹਨ। ਯੂਨੀਵਰਸਿਟੀ ਦੇ ਏ-ਬਲਾਕ ਹੋਸਟਲ ਵਿਚ ਜਿੱਥੇ ਇਹ ਘਟਨਾ ਵਾਪਰੀ, ਉਸ ਵਿਚ ਲਗਭਗ 75 ਅੰਤਰਰਾਸਟਰੀ ਵਿਦਿਆਰਥੀ ਰਹਿੰਦੇ ਹਨ। ਮਲਿਕ ਨੇ ਕਿਹਾ ਕਿ ਲਗਭਗ 20–25 ਲੋਕ ਹੋਸਟਲ ਦੇ ਅੰਦਰ ਦਾਖਲ ਹੋਏ ਅਤੇ ਉੱਥੇ ਅੰਤਰਰਾਸਟਰੀ ਵਿਦਿਆਰਥੀਆਂ ਦੇ ਨਮਾਜ ਅਦਾ ਕਰਨ 'ਤੇ ਇਤਰਾਜ ਕੀਤਾ ਅਤੇ ਉਨ੍ਹਾਂ ਨੂੰ ਮਸਜਿਦ 'ਚ ਨਮਾਜ ਪੜ੍ਹਨ ਲਈ ਕਿਹਾ। ਉਨ੍ਹਾਂ ਦੀ ਇਸ ਮੁੱਦੇ 'ਤੇ ਬਹਿਸ ਹੋਈ ਅਤੇ ਉਨ੍ਹਾਂ ਨੇ ਉਸ ਦੀ ਕੁੱਟਮਾਰ ਕੀਤੀ ਅਤੇ ਪਥਰਾਅ ਕੀਤਾ। ਉਨ੍ਹਾਂ ਦੱਸਿਆ ਕਿ ਪੁਲਸ ਨੇ ਰਾਤ 10:51 ਵਜੇ ਕੰਟਰੋਲ ਰੂਮ ਨੂੰ ਸੂਚਨਾ ਮਿਲਣ ਦੇ ਮਿੰਟਾਂ ਵਿੱਚ ਹੀ ਕਾਰਵਾਈ ਕੀਤੀ। ਪੁਲਸ ਵੈਨ ਮੌਕੇ 'ਤੇ ਪੁੱਜੀ ਅਤੇ ਕਾਰਵਾਈ ਕੀਤੀ ਗਈ। ਉਨ੍ਹਾਂ ਦੱਸਿਆ ਕਿ ਦੋ ਵਿਦਿਆਰਥੀਆਂ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ ਜੋ ਸ੍ਰੀਲੰਕਾ ਅਤੇ ਤਜਾਕਿਸਤਾਨ ਦੇ ਹਨ। ਮਲਿਕ ਨੇ ਕਿਹਾ ਕਿ 20–25 ਲੋਕਾਂ ਦੇ ਖਿਲਾਫ ਐੱਫ.ਆਈ.ਆਰ. ਦਰਜ ਕੀਤੀ ਗਈ ਹੈ ਅਤੇ ਜਲਦੀ ਹੀ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਸਥਿਤੀ ਕਾਬੂ ਹੇਠ ਹੈ। ਉਨ੍ਹਾਂ ਕਿਹਾ ਕਿ ਮਾਮਲੇ ਦੀ ਨਿਗਰਾਨੀ ਜੁਆਇੰਟ ਪੁਲਸ ਕਮਿਸਨਰ (ਅਪਰਾਧ) ਕਰਨਗੇ।

## ਫੈਕਟਰੀ 'ਚ ਬੁਆਇਲਰ ਫਟਣ ਕਾਰਨ 40 ਲੋਕ ਗੰਭੀਰ ਜਖਮੀ

ਰੇਵਾੜੀ, 17 ਮਾਰਚ : ਹਰਿਆਣਾ ਦੇ ਰੇਵਾੜੀ ਵਿੱਚ ਇੱਕ ਵੱਡਾ ਹਾਦਸਾ ਵਾਪਰਿਆ ਹੈ। ਜਾਣਕਾਰੀ ਮੁਤਾਬਕ ਰੇਵਾੜੀ ਦੇ ਧਾਰੂਹੇੜਾ ਉਦਯੋਗਿਕ ਖੇਤਰ 'ਚ ਬਾਇਲਰ ਫਟਣ ਕਾਰਨ ਕਈ ਲੋਕ ਬੁਰੀ ਤਰ੍ਹਾਂ ਨਾਲ ਝੁਲਸ ਗਏ। ਫਿਲਹਾਲ ਜਖਮੀਆਂ ਦਾ ਇਲਾਜ ਚੱਲ ਰਿਹਾ ਹੈ। ਇਹ ਵੱਡਾ ਹਾਦਸਾ ਲਾਈਫ ਲੌਂਗ ਨਾਂ ਦੀ ਕੰਪਨੀ ਦਾ ਬਾਇਲਰ ਫਟਣ ਕਾਰਨ ਵਾਪਰਿਆ ਹੈ।

## ਲੋਕ ਸਭਾ ਚੋਣਾਂ ਦੇ ਨਾਲ ਜੰਮੂ-ਕਸਮੀਰ 'ਚ ਵਿਧਾਨ ਸਭਾ ਚੋਣਾਂ ਨਾ ਕਰਵਾਉਣ 'ਤੇ ਹੈਰਾਨੀ ਨਹੀਂ : ਉਮਰ ਅਬਦੁੱਲਾ

ਨਵੀਂ ਦਿੱਲੀ, 17 ਮਾਰਚ : ਨੈਸਨਲ ਕਾਨਫਰੰਸ ਦੇ ਉਪ ਪ੍ਰਧਾਨ ਉਮਰ ਅਬਦੁੱਲਾ ਨੇ ਸਨੀਵਾਰ ਨੂੰ ਕਿਹਾ ਕਿ ਉਹ ਜੰਮੂ-ਕਸਮੀਰ 'ਚ ਆਉਣ ਵਾਲੀਆਂ ਲੋਕ ਸਭਾ ਚੋਣਾਂ ਦੇ ਨਾਲ-ਨਾਲ ਬਹੁ-ਪ੍ਰਤੀਤ ਵਿਧਾਨ ਸਭਾ ਚੋਣਾਂ ਨਾ ਕਰਵਾਉਣ ਦੇ ਚੋਣ ਕਮਿਸਨ ਦੇ ਫੈਸਲੇ ਤੋਂ ਥੋੜ੍ਹਾ 'ਨਿਰਾਸ' ਹਨ ਪਰ 'ਹੈਰਾਨ' ਨਹੀਂ। ਜੰਮੂ-ਕਸਮੀਰ ਦੇ ਸਾਬਕਾ ਮੁੱਖ ਮੰਤਰੀ ਅਬਦੁੱਲਾ ਨੇ ਵੀ ਕਿਹਾ ਕਿ ਵਿਰੋਧੀ 'ਇੰਡੀਆ' ਗਠਜੋੜ 'ਚ ਜੋ ਵੀ ਗਲਤ ਹੋਇਆ, ਉਸ ਲਈ ਕਾਂਗਰਸ ਨੂੰ ਦੋਸੀ ਨਹੀਂ ਠਹਿਰਾਉਣਾ ਚਾਹੀਦਾ। ਉਨ੍ਹਾਂ ਚੋਣ ਪ੍ਰਚਾਰ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿੱਜੀ ਹਮਲਿਆਂ ਤੋਂ ਬਚਣ ਦਾ ਸੁਝਾਅ ਦਿੱਤਾ। ਅਬਦੁੱਲਾ ਨੇ 'ਇੰਡੀਆ ਟੂਡੇ' ਕਨਕਲੇਵ 'ਚ 'ਇੰਡੀਆ' ਗਠਜੋੜ 'ਤੇ 'ਭਾਰਤ ਦਾ ਵਿਰੋਧ: ਚਰਚਾ ਅਤੇ ਰਣਨੀਤੀ ਦੀ ਖੋਜ' ਸਿਰਲੇਖ ਵਾਲੀ ਚਰਚਾ 'ਚ ਹਿੱਸਾ ਲੈਂਦੇ ਹੋਏ ਇਹ ਗੱਲ ਕਹੀ। ਇਸ ਬਹਿਸ ਦੌਰਾਨ ਸੀਨੀਅਰ ਕਾਂਗਰਸੀ ਆਗੂ ਸਚਿਨ ਪਾਇਲਟ ਅਤੇ ਆਮ ਆਦਮੀ ਪਾਰਟੀ ਦੀ ਆਗੂ ਆਤਿਸੀ ਨੇ ਵੀ ਆਪਣੇ ਵਿਚਾਰ ਪੇਸ ਕੀਤੇ। ਉਨ੍ਹਾਂ ਕਿਹਾ ਕਿ 'ਇਕ ਰਾਸਟਰ, ਇਕ ਚੋਣ' ਦੀ ਪ੍ਰਕਿਰਿਆ ਸੁਰੂ ਕਰਨ ਦਾ ਇਹ ਆਦਰਸ ਸਮਾਂ ਹੈ ਪਰ 'ਜੇ ਤੁਸੀਂ ਦੇਸ ਦੇ ਬਾਕੀ ਹਿੱਸਿਆਂ ਦੇ ਨਾਲ ਜੰਮੂ-ਕਸਮੀਰ (ਵਿਧਾਨ ਸਭਾ ਚੋਣਾਂ) ਨਹੀਂ ਕਰਵਾ ਸਕਦੇ ਤਾਂ ਤੁਸੀਂ 2029 ਤੋਂ ਅਜਿਹਾ ਕਰਨ ਦਾ ਵਾਅਦਾ ਕਿਵੇਂ ਕਰ ਸਕਦੇ ਹੋ।..."



## ਸਨਸਨੀਖੇਜ ਵਾਰਦਾਤ: ਰੈਸਟੋਰੈਂਟ 'ਚ ਡੀਲਰ ਨੂੰ ਮਾਰੀਆਂ ਗੋਲੀਆਂ, ਫਿਰ ਦਾਤਰਾਂ ਨਾਲ ਕੀਤੇ ਵਾਰ

ਨਵਦੀਪ ਸਿੰਘ ਸਾਹਨੀ

ਪੁਣੇ, 17 ਮਾਰਚ : ਮਹਾਰਾਸ਼ਟਰ ਦੇ ਪੁਣੇ ਤੋਂ ਇਕ ਸਨਸਨੀਖੇਜ ਖਬਰ ਸਾਹਮਣੇ ਆਈ ਹੈ। ਇਥੇ ਸ਼ਨੀਵਾਰ ਸ਼ਾਮ ਨੂੰ ਪੁਣੇ-ਸੋਲਾਪੁਰ ਹਾਈਵੇ 'ਤੇ ਇੰਦਾਪੁਰ ਨੇੜੇ ਜਗਦੰਬਾ ਰੈਸਟੋਰੈਂਟ 'ਚ ਇਕ ਹਿਸਟਰੀਸ਼ੀਟਰ ਦਾ ਗੋਲੀ ਮਾਰ ਕੇ ਕਤਲ ਕਰ ਦਿ4ਤਾ ਗਿਆ। ਮ੍ਰਿਤਕ ਦੀ ਪਚਾਣ ਅਵਿਨਾਸ਼ ਬਾਲੂ ਧਨਵੇ ਦੇ ਰੂਪ 'ਚ ਹੋਈ ਹੈ। ਉਹ ਆਪਣੇ ਤਿੰਨ ਦੋਸਤਾਂ ਨਾਲ ਰੈਸਟੋਰੈਂਟ 'ਚ ਬੈਠਾ ਸੀ, ਉਸੇ ਸਮੇਂ ਪਿੱਛੋਂ ਆਏ ਇਕ ਹਮਲਾਵਰ ਨੇ ਉਸਦੇ ਸਿਰ 'ਚ ਗੋਲੀ ਮਾਰ ਦਿੱਤੀ। ਇਸਤੋਂ ਬਾਅਦ ਹੋਰ ਹਮਲਾਵਰਾਂ ਨੇ ਉਸ 'ਤੇ ਤੇਜਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਇਹ ਪੂਰੀ ਘਟਨਾ ਸੀ.ਸੀ.ਟੀ.ਵੀ. 'ਚ ਕੈਦ ਹੋ ਗਈ ਹੈ। ਪੁਲਸ ਨੇ ਇਸ ਕਤਲਕਾਂਡ 'ਚ ਸ਼ਾਮਲ 8 ਹਮਲਾਵਰਾਂ ਦੀ ਪਛਾਣ ਕੀਤੀ ਹੈ। ਜਾਣਕਾਰੀ ਮੁਤਾਬਕ, 34 ਸਾਲਾ ਅਵਿਨਾਸ਼ ਬਾਲੂ ਧਨਵੇ ਪ੍ਰਾਪਰਟੀ ਡੀਲਰ ਦਾ ਕੰਮ ਕਰਦਾ ਸੀ। ਉਹ ਘਟਨਾ ਪੁਣੇ ਸ਼ਹਿਰ ਤੋਂ ਲਗਭਗ 140 ਕਿਲੋਮੀਟਰ ਦੂਰ ਪੁਣੇ-ਸੋਲਾਪੁਰ ਹਾਈਵੇ 'ਤੇ ਜਗਦੰਬਾ ਰੈਸਟੋਰੈਂਟ 'ਚ ਵਾਪਰੀ। ਇੰਦਾਪੁਰ ਦੇ ਰੈਸਟੋਰੈਂਟ 'ਚ ਸੀ.ਸੀ.ਟੀ.ਵੀ. ਫੁਟੇਜ 'ਚ ਧਨਵੇ ਅਤੇ ਉਸਦੇ ਤਿੰਨ ਦੋਸਤ ਇਕ ਟੇਬਲ 'ਤੇ ਬੈਠੇ ਦਿਖਾਈ ਦੇ ਰਹੇ ਹਨ। ਦੋ ਬੱਚਿਆਂ ਸਮੇਤ ਚਾਰ ਲੋਕਾਂ ਦਾ ਇਕ ਪਰਿਵਾਰ ਦੂਜੇ ਟੇਬਲ 'ਤੇ ਖਾਣਾ ਖਾਂਦੇ ਹੋਏ ਦੇਖਿਆ ਜਾ ਸਕਦਾ ਹੈ। ਉਦੋਂ ਹੀ ਦੋ ਵਿਅਕਤੀ ਰੈਸਟੋਰੈਂਟ ਵਿੱਚ ਦਾਖਲ ਹੁੰਦੇ ਹਨ, ਉਨ੍ਹਾਂ ਵਿੱਚੋਂ ਇੱਕ ਪਲਾਸਟਿਕ ਦਾ ਬੈਗ ਫੜ ਕੇ ਆਉਂਦਾ ਹੈ। ਉਹ ਪਿਸਤੌਲ ਕੱਢ ਲੈਂਦਾ ਹੈ ਅਤੇ ਧਨਵੇ ਦੇ ਸਿਰ ਵਿੱਚ ਗੋਲੀ ਮਾਰਦਾ ਹੈ। ਉਸ ਸਮੇਂ ਧਨਵੇ ਫੋਨ 'ਤੇ ਗੱਲ ਕਰ ਰਹੇ ਹਨ। ਹਮਲਾਵਰ ਧਨਵੇ ਨੂੰ ਨਿਸਾਨਾ ਬਣਾਉਣ ਆਏ ਸਨ, ਉਨ੍ਹਾਂ ਨੇ ਕਿਸੇ ਹੋਰ 'ਤੇ ਹਮਲਾ ਨਹੀਂ ਕੀਤਾ। ਹਮਲੇ ਤੋਂ ਬਾਅਦ ਧਨਵੇ ਦੇ ਨਾਲ ਆਏ ਤਿੰਨ ਵਿਅਕਤੀ ਮੌਕੇ ਤੋਂ ਭੱਜ ਗਏ। ਇਸ ਤੋਂ ਤੁਰੰਤ ਬਾਅਦ, ਛੇ ਹੋਰ ਸ਼ਖਸ ਦੌੜਦੇ ਹੋਏ ਰੈਸਟੋਰੈਂਟ ਵਿੱਚ ਆਉਂਦੇ ਹਨ ਅਤੇ ਉਨ੍ਹਾਂ ਵਿੱਚੋਂ ਇੱਕ ਨੇ ਧਨਵੇ 'ਤੇ ਹਮਲਾ ਕਰ ਦਿੱਤਾ। ਇਸ ਤੋਂ ਬਾਅਦ ਧਨਵੇ ਫਰਸ 'ਤੇ ਡਿੱਗ ਪੈਂਦਾ ਹੈ ਅਤੇ ਨਾਲ ਹੀ ਤਿੰਨ ਹੋਰ ਲੋਕ ਨੇ ਧਨਵੇ 'ਤੇ ਹਮਲਾ ਦਿੰਦੇ ਹਨ। ਪੁਲਸ ਨੇ ਕਤਲਕਾਂਡ ਦੀ ਜਾਂਚ ਲਈ 5 ਟੀਮਾਂ ਬਣਾਈਆਂ ਹਨ। ਪੁਣੇ ਦਿਹਾਤੀ ਪੁਲਸ ਦੇ ਐੱਸ.ਪੀ. ਪੰਕਜ ਦੇਸ਼ਮੁਖ ਨੇ ਦੱਸਿਆ ਕਿ ਇੰਦਾਪੁਰ 'ਚ ਸ਼ਨੀਵਾਰ ਰਾਤ ਨੂੰ ਅਵਿਨਾਸ਼ ਧਨਵੇ ਨਾਂ ਦੇ ਹਿਸਟਰੀਸ਼ੀਟਰ ਦਾ ਗੋਲੀ ਮਾਰ ਕੇ ਅਤੇ ਤੇਜਧਾਰ ਹਥਿਆਰਾਂ ਨਾਲ ਹਮਲਾ ਕਰਕੇ ਕਤਲ ਕਰ ਦਿੱਤਾ ਗਿਆ। ਪਹਿਲੀ ਨਜਰੇ ਇਹ ਦੋ ਵਿਰੋਧੀ ਧੜਿਆਂ ਵਿਚਕਾਰ ਪੁਰਾਣੀ ਦੁਸ਼ਮਣੀ ਦਾ ਮਾਮਲਾ ਜਾਪਦਾ ਹੈ। ਅਸੀਂ ਸੀ.ਸੀ.ਟੀ.ਵੀ. ਵਿੱਚ ਦੇਖੇ ਗਏ 8 ਲੋਕਾਂ ਦੀ ਪਛਾਣ ਕੀਤੀ ਹੈ।

## ਖੂੰਖਾਰ ਅਪਰਾਧੀ ਗ੍ਰਿਫਤਾਰ

ਜੰਮੂ, 17 ਮਾਰਚ : ਖੂੰਖਾਰ ਅਪਰਾਧੀ ਵਿਕਰਮਜੀਤ ਸਿੰਘ ਉਰਫ ਵਿੱਕੀ ਨੂੰ ਇੱਥੇ ਸਖਤ ਜਨ ਸੁਰੱਖਿਆ ਐਕਟ () ਤਹਿਤ ਗ੍ਰਿਫਤਾਰ ਕੀਤਾ ਗਿਆ ਹੈ। ਪੁਲਸ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਦੇ ਇਕ ਬੁਲਾਰੇ ਨੇ ਕਿਹਾ ਕਿ ਵਿਕਰਮਜੀਤ ਸਿੰਘ ਖਿਲਾਫ ਵੱਖ-ਵੱਖ ਥਾਣਿਆਂ ਵਿਚ 15 ਦਰਜ ਹਨ ਅਤੇ ਉਸ ਦੀ ਗ੍ਰਿਫਤਾਰੀ ਲਈ ਕਈ ਵਾਰੰਟ ਜਾਰੀ ਕੀਤੇ ਜਾ ਚੁੱਕੇ ਸਨ। ਬੁਲਾਰੇ ਨੇ ਕਿਹਾ ਕਿ ਗੰਗਯਾਲ ਥਾਣੇ ਦੀ ਟੀਮ ਨੇ ਲੋੜੀਂਦੇ ਅਪਰਾਧੀ ਖਿਲਾਫ ਜਾਰੀ ਵਾਰੰਟ 'ਤੇ ਅਮਲ ਕਰਦਿਆਂ ਉਸ ਨੂੰ ਗ੍ਰਿਫਤਾਰ ਕਰ ਲਿਆ। ਉਨ੍ਹਾਂ ਨੇ ਕਿਹਾ ਕਿ ਉਸ ਦੀ ਹਿਰਾਸਤ ਜੰਮੂ ਜ਼ਿਲ੍ਹੇ ਵਿਚ ਕਾਨੂੰਨ ਵਿਵਸਥਾ 'ਚ ਸੁਧਾਰ ਦੀ ਦਿਸ਼ਾ 'ਚ ਇਕ ਹੋਰ ਕਦਮ ਹੈ। ਇਸ ਦਰਮਿਆਨ ਬੁਲਾਰਿਆਂ ਨੇ ਕਿਹਾ ਕਿ ਸ਼ਨੀਵਾਰ ਨੂੰ ਜੰਮੂ ਵਿਚ ਆਪ੍ਰੇਸ਼ਨ ਕਲੀਨਅਪ ਤਹਿਤ ਨਸ਼ੀਲੇ ਪਦਾਰਥਾਂ ਖਿਲਾਫ ਛਾਪੇਮਾਰੀ ਦੌਰਾਨ 75 ਤੋਂ ਵੱਧ ਸ਼ੱਕੀ ਵਿਅਕਤੀਆਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਬੁਲਾਰੇ ਨੇ ਕਿਹਾ ਕਿ ਭਾਰਤ-ਤਿੱਬਤ ਬਾਰਡਰ ਪੁਲਸ () ਦੀ ਮਦਦ ਨਾਲ ਪੁਲਸ ਨੇ ਰਾਜੀਵ ਨਗਰ ਅਤੇ ਧੜਪ-ਸਤਵਾਰੀ ਵਿਚ ਛਾਪੇ ਮਾਰੇ ਅਤੇ ਇਕ ਖੂੰਖਾਰ ਨਸ਼ੀਲੇ ਪਦਾਰਥ ਤਸਕਰ ਦੇ ਘਰ ਵਿਚੋਂ 95,950 ਰੁਪਏ ਬਰਾਮਦ ਕੀਤੇ।

## ਲੋਕ ਸਭਾ ਚੋਣਾਂ ਦੀਆਂ ਤਰੀਕਾਂ ਦੇ ਐਲਾਨ ਮਗਰੋਂ ਦੇਸ਼ 'ਚ ਚੋਣ ਜਾਬਤਾ ਹੋਇਆ ਲਾਗੂ

ਤੇਜਿੰਦਰ ਕੌਰ ਬੱਬਰ

ਨਵੀਂ ਦਿੱਲੀ, 17 ਮਾਰਚ : ਮੁੱਖ ਚੋਣ ਕਮਿਸਨਰ ਰਾਜੀਵ ਕੁਮਾਰ ਵੱਲੋਂ ਲੋਕ ਸਭਾ ਚੋਣਾਂ ਦੇ ਪ੍ਰੋਗਰਾਮ ਦੇ ਐਲਾਨ ਦੇ ਨਾਲ ਹੀ ਸਨੀਵਾਰ ਨੂੰ ਦੇਸ 'ਚ ਆਦਰਸ ਚੋਣ ਜਾਬਤਾ ਲਾਗੂ ਹੋ ਗਿਆ ਹੈ। ਚੋਣ ਤਰੀਕਾਂ ਦਾ ਐਲਾਨ ਕਰਦੇ ਹੋਏ ਕੁਮਾਰ ਨੇ ਸਿਆਸੀ ਪਾਰਟੀਆਂ ਨੂੰ ਪ੍ਰਚਾਰ ਦੌਰਾਨ ਮਰਿਆਦਾ ਬਰਕਰਾਰ ਰੱਖਣ ਦੀ ਅਪੀਲ ਕੀਤੀ। ਦੇਸ ਦੀਆਂ 543 ਲੋਕ ਸਭਾ ਸੀਟਾਂ ਲਈ 19 ਅਪ੍ਰੈਲ ਤੋਂ 1 ਜੂਨ ਤੱਕ ਸੱਤ ਪੜਾਵਾਂ ਵਿੱਚ ਵੋਟਿੰਗ ਹੋਵੇਗੀ। ਵੋਟਾਂ ਦੀ ਗਿਣਤੀ 4 ਜੂਨ ਨੂੰ ਹੋਵੇਗੀ। ਉਨ੍ਹਾਂ ਕਿਹਾ, "ਮੈਂ ਪਾਰਟੀਆਂ ਨੂੰ ਨਿੱਜੀ ਹਮਲਿਆਂ ਅਤੇ ਅਪਮਾਨਜਨਕ ਭਾਸਾ ਤੋਂ ਬਚਣ ਦੀ ਅਪੀਲ ਕਰਦਾ ਹਾਂ।" ਭਾਸਣਾਂ ਵਿਚ ਕਿਹੜੀਆਂ ਸੀਮਾਵਾਂ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ, ਪਰਿਭਾਸ਼ਿਤ ਕੀਤਾ ਗਿਆ ਹੈ। ਆਓ ਅਸੀਂ ਆਪਣੀ ਦੁਸਮਣੀ ਵਿੱਚ ਸੀਮਾਵਾਂ ਨਾ ਪਾਰ ਕਰੀਏ। ਅਸੀਂ ਰਾਜਨੀਤਿਕ ਪਾਰਟੀਆਂ ਨੂੰ ਇੱਕ ਐਡਵਾਈਜਰੀ ਜਾਰੀ ਕੀਤੀ ਹੈ, ਜਿਸ ਵਿੱਚ ਉਨ੍ਹਾਂ ਨੂੰ ਵੰਡਣ ਦੀ ਬਜਾਏ ਪ੍ਰੇਰਿਤ ਕਰਨ ਵਾਲੇ ਸਿਆਸੀ ਭਾਸਣ ਨੂੰ ਉਤਸਾਹਿਤ ਕਰਨ ਲਈ ਉਤਸਾਹਿਤ ਕੀਤਾ ਗਿਆ ਹੈ।" ਪਿਛਲੀਆਂ ਚੋਣਾਂ ਵਿੱਚ ਆਦਰਸ ਚੋਣ ਜਾਬਤੇ ਦੀ ਉਲੰਘਣਾ ਨਾਲ ਨਜਿੱਠਣ ਵਿੱਚ ਪੱਖਪਾਤ ਦੇ ਦੋਸਾਂ ਬਾਰੇ ਇੱਕ ਸਵਾਲ ਦਾ ਜਵਾਬ ਦਿੰਦਿਆਂ ਮੁੱਖ ਚੋਣ ਕਮਿਸਨਰ ਸ. ਉਨ੍ਹਾਂ ਕਿਹਾ, "ਜੇਕਰ ਕਿਸੇ ਦੇ ਖ਼ਿਲਾਫ ਚੋਣ ਜਾਬਤੇ ਦੀ ਉਲੰਘਣਾ ਦਾ ਕੋਈ ਮਾਮਲਾ ਸਾਹਮਣੇ ਆਉਂਦਾ ਹੈ, ਭਾਵੇਂ ਉਹ ਨਾਮੀ ਸਿਆਸਤਦਾਨ ਹੀ ਕਿਉਂ ਨਾ ਹੋਵੇ, ਅਸੀਂ ਚੁੱਪ ਨਹੀਂ ਰਹਾਂਗੇ।" ਅਸੀਂ ਕਾਰਵਾਈ ਕਰਾਂਗੇ।" ਉਨ੍ਹਾਂ ਕਿਹਾ, "ਪਹਿਲਾਂ ਅਸੀਂ ਨਿੰਦਾ ਕਰਦੇ ਸੀ ਪਰ ਹੁਣ ਕਾਰਵਾਈ ਕਰਾਂਗੇ।" ਚੋਣ ਜਾਬਤੇ ਦਾ ਉਦੇਸ ਚੋਣ ਪ੍ਰਚਾਰ, ਵੋਟਿੰਗ ਅਤੇ ਗਿਣਤੀ ਪ੍ਰਕਿਰਿਆ ਨੂੰ ਸਾਫ-ਸੁਥਰਾ ਅਤੇ ਸਾਂਤਮਈ ਢੰਗ ਨਾਲ ਨੇਪਰੇ ਚਾੜ੍ਹਨਾ ਅਤੇ ਸੱਤਾਧਾਰੀ ਪਾਰਟੀ ਵੱਲੋਂ ਸਰਕਾਰੀ ਮਸੀਨਰੀ ਅਤੇ ਵਿੱਤ ਦੀ ਦੁਰਵਰਤੋਂ ਨੂੰ ਰੋਕਣਾ ਹੈ। ਚੋਣ ਕਮਿਸਨ ਨੂੰ ਚੋਣ ਜਾਬਤੇ ਦੀ ਕਿਸੇ ਵੀ ਉਲੰਘਣਾ ਦੀ ਜਾਂਚ ਕਰਨ ਅਤੇ ਸਜਾ ਦੇਣ ਸਮੇਤ ਕਾਰਵਾਈ ਕਰਨ ਦਾ ਪੂਰਾ ਅਧਿਕਾਰ ਹੈ। ਕਿਹਾ ਜਾਂਦਾ ਹੈ ਕਿ ਐਮਸੀਸੀ ਦੀ ਸੁਰੂਆਤ 1960 ਦੀਆਂ ਕੇਰਲ ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਹੋਈ ਸੀ ਜਦੋਂ ਪ੍ਰਸਾਸਨ ਨੇ ਸਿਆਸੀ ਪਾਰਟੀਆਂ ਲਈ ਚੋਣ ਜਾਬਤਾ ਬਣਾਉਣ ਦੀ ਕੋਸ਼ਿਸ ਕੀਤੀ ਸੀ।

## 'ਚੋਣਾਂ ਤੋਂ ਪਹਿਲਾਂ ਕੇਜਰੀਵਾਲ ਨੂੰ ਗ੍ਰਿਫਤਾਰ ਕਰਨਾ ਚਾਹੁੰਦੀ ਹੈ ਈ.ਡੀ. : 'ਆਪ'

ਨਵੀਂ ਦਿੱਲੀ, 17 ਮਾਰਚ : ਆਮ ਆਦਮੀ ਪਾਰਟੀ ਦੀ ਸੀਨੀਅਰ ਨੇਤਰੀ ਅਤੇ ਦਿੱਲੀ ਸਰਕਾਰ ਵਿੱਚ ਮੰਤਰੀ ਆਤਿਸੀ ਨੇ ਐਤਵਾਰ ਨੂੰ ਦੋਸ ਲਾਇਆ ਕਿ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਦਿੱਲੀ ਜਲ ਬੋਰਡ (ਡੀ.ਜੇ.ਬੀ.) ਨਾਲ ਸਬੰਧਤ ਇੱਕ "ਫਰਜੀ" ਕੇਸ ਵਿੱਚ ਆਪਣੀ ਜਾਂਚ ਵਿੱਚ ਸਾਮਲ ਹੋਣ ਲਈ ਮੁੱਖ ਮੰਤਰੀ ਅਰਵਿੰਦ ਨੂੰ ਨਵਾਂ ਸੰਮਨ ਭੇਜਿਆ ਹੈ। ਆਤਿਸੀ ਨੇ ਇੱਥੇ ਇੱਕ ਪ੍ਰੈਸ ਕਾਨਫਰੰਸ ਵਿੱਚ ਦਾਅਵਾ ਕੀਤਾ ਕਿ ਕੋਈ ਨਹੀਂ ਜਾਣਦਾ ਕਿ ਇਹ ਡੀ.ਜੇ.ਬੀ. ਮੁੱਦਾ ਕੀ ਹੈ। ਇਹ ਕੇਜਰੀਵਾਲ ਨੂੰ ਕਿਸੇ ਤਰ੍ਹਾਂ ਗ੍ਰਿਫਤਾਰ ਕਰਨ ਅਤੇ ਲੋਕ ਸਭਾ ਚੋਣਾਂ ਲਈ ਪ੍ਰਚਾਰ ਕਰਨ ਤੋਂ ਰੋਕਣ ਦੀ ਬਦਲਵੀਂ ਯੋਜਨਾ ਜਾਪਦੀ ਹੈ। ਆਤਿਸੀ ਨੇ ਕਿਹਾ ਕਿ ਲੋਕ ਸਭਾ ਚੋਣਾਂ ਦੇ ਪ੍ਰੋਗਰਾਮ ਦੇ ਐਲਾਨ ਦੇ ਕੁਝ ਘੰਟਿਆਂ ਬਾਅਦ ਸਨੀਵਾਰ ਨੂੰ ਦੋ ਸੰਮਨ ਮਿਲੇ ਹਨ, ਜਿਸ 'ਚ ਕੇਜਰੀਵਾਲ ਨੂੰ ਅਗਲੇ ਹਫਤੇ ਸੰਘੀ ਏਜੰਸੀ ਦੇ ਸਾਹਮਣੇ ਪੇਸ ਹੋਣ ਲਈ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿੱਚੋਂ ਇੱਕ ਆਬਕਾਰੀ ਨੀਤੀ ਮਾਮਲੇ ਨਾਲ ਅਤੇ ਦੂਜਾ ਡੀ.ਜੇ.ਬੀ. ਸਬੰਧਤ ਹੈ। 'ਆਪ' ਆਗੂ ਨੇ ਦੋਸ ਲਾਇਆ ਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਸਿਆਸੀ ਵਿਰੋਧੀਆਂ ਨੂੰ ਖਤਮ ਕਰਨ ਲਈ ਈ.ਡੀ. ਅਤੇ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੂੰ ਆਪਣੇ 'ਗੁੰਡਿਆਂ' ਵਜੋਂ ਵਰਤ ਰਹੀ ਹੈ। ਇਸ 'ਤੇ ਈ.ਡੀ. ਅਤੇ ਸੀ.ਬੀ.ਆਈ. ਵੱਲੋਂ ਤੁਰੰਤ ਕੋਈ ਪ੍ਰਤੀਕਿਰਿਆ ਨਹੀਂ ਆਈ ਹੈ। ਈ.ਡੀ. ਨੇ ਦਿੱਲੀ ਜਲ ਬੋਰਡ (ਡੀ.ਜੇ.ਬੀ.) ਵਿੱਚ ਕਥਿਤ ਬੇਨਿਯਮੀਆਂ ਨਾਲ ਸਬੰਧਤ ਮਨੀ ਲਾਂਡਰਿੰਗ ਮਾਮਲੇ ਦੀ ਜਾਂਚ ਦੇ ਸਬੰਧ ਵਿੱਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ 18 ਮਾਰਚ ਨੂੰ ਪੁੱਛਗਿੱਛ ਲਈ ਤਲਬ ਕੀਤਾ ਹੈ। ਐਂਟੀ ਮਨੀ ਲਾਂਡਰਿੰਗ ਐਕਟ ਤਹਿਤ ਦਰਜ ਕੀਤਾ ਗਿਆ ਇਹ ਦੂਜਾ ਮਾਮਲਾ ਹੈ ਜਿਸ ਵਿੱਚ ਆਮ ਆਦਮੀ ਪਾਰਟੀ (ਆਪ) ਦੇ 55 ਸਾਲਾ ਕੌਮੀ ਕਨਵੀਨਰ ਨੂੰ ਸੰਮਨ ਭੇਜਿਆ ਗਿਆ ਹੈ। ਉਸ ਨੂੰ ਦਿੱਲੀ ਆਬਕਾਰੀ ਨੀਤੀ ਨਾਲ ਸਬੰਧਤ ਮਨੀ ਲਾਂਡਰਿੰਗ ਮਾਮਲੇ ਵਿੱਚ ਪੁੱਛਗਿੱਛ ਲਈ ਸੰਮਨ ਵੀ ਜਾਰੀ ਕੀਤੇ ਗਏ ਹਨ। ਅੱਠ ਸੰਮਨਾਂ ਨੂੰ ਗੈਰ-ਕਾਨੂੰਨੀ ਕਰਾਰ ਦਿੰਦਿਆਂ ਕੇਜਰੀਵਾਲ ਇਸ ਮਾਮਲੇ ਵਿੱਚ ਹਾਲੇ ਤੱਕ ਏਜੰਸੀ ਸਾਹਮਣੇ ਪੇਸ ਨਹੀਂ ਹੋਏ। ਦਿੱਲੀ ਦੀ ਇੱਕ ਅਦਾਲਤ ਨੇ ਆਬਕਾਰੀ ਨੀਤੀ ਮਾਮਲੇ ਵਿੱਚ ਸੰਮਨ ਨੂੰ ਨਜਰਅੰਦਾਜ ਕਰਨ ਲਈ ਏਜੰਸੀ ਵੱਲੋਂ ਦਾਇਰ ਦੋ ਸ਼ਿਕਾਇਤਾਂ 'ਤੇ ਸਨੀਵਾਰ ਨੂੰ ਕੇਜਰੀਵਾਲ ਨੂੰ ਜਮਾਨਤ ਦੇ ਦਿੱਤੀ।

## ਬਾਗੀ ਕਾਂਗਰਸੀ ਵਿਧਾਇਕਾਂ ਨੇ ਸੁੱਖੂ ਨੂੰ 'ਬੇਨਕਾਬ' ਕਰਨ ਦੀ ਦਿੱਤੀ ਧਮਕੀ

ਏਜੰਸੀਆਂ

ਹਮੀਰਪੁਰ/ਸ਼ਿਮਲਾ, 17 ਮਾਰਚ : ਹਿਮਾਚਲ ਪ੍ਰਦੇਸ ਦੇ ਛੇ ਅਯੋਗ ਕਰਾਰ ਦਿੱਤੇ ਗਏ ਕਾਂਗਰਸੀ ਵਿਧਾਇਕਾਂ ਨੇ ਸਨੀਵਾਰ ਨੂੰ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੂੰ 'ਬੇਨਕਾਬ' ਕਰਨ ਦੀ ਧਮਕੀ ਦਿੱਤੀ ਅਤੇ ਕਿਹਾ ਕਿ ਉਹ ਉਸ ਵਿਰੁੱਧ ਮਾਣਹਾਨੀ ਦਾ ਕੇਸ ਦਰਜ ਕਰਨਗੇ। ਇੱਕ ਸਾਂਝੇ ਬਿਆਨ ਵਿੱਚ ਇਨ੍ਹਾਂ ਛੇ ਕਾਂਗਰਸੀ ਵਿਧਾਇਕਾਂ ਅਤੇ ਤਿੰਨ ਆਜਾਦ ਵਿਧਾਇਕਾਂ ਨੇ ਕਿਹਾ ਕਿ ਉਨ੍ਹਾਂ ਨੇ ਸੁੱਖੂ ਖ਼ਿਲਾਫ ਮਾਣਹਾਨੀ ਦਾ ਕੇਸ ਦਾਇਰ ਕਰਨ ਦਾ ਫੈਸਲਾ ਕੀਤਾ ਹੈ ਅਤੇ ਮੁੱਖ ਮੰਤਰੀ ਵੱਲੋਂ ਵਿਧਾਇਕਾਂ ਖ਼ਿਲਾਫ ਲਾਏ ਦੋਸਾਂ ਨੂੰ ਸਾਬਤ ਕਰਨ ਲਈ ਜਵਾਬਦੇਹ ਹੋਵੇਗਾ। ਵਿਧਾਨ ਸਭਾ ਵਿੱਚ ਵਿੱਤ ਬਿੱਲ (ਬਜਟ) 'ਤੇ ਵੋਟਿੰਗ ਤੋਂ ਗੈਰਹਾਜਰ ਰਹਿਣ ਵਾਲੇ ਛੇ ਵਿਧਾਇਕਾਂ ਨੂੰ ਸਦਨ ਵਿਚ ਹਾਜਰ ਰਹਿ ਕੇ ਅਤੇ ਸਰਕਾਰ ਦੇ ਹੱਕ ਵਿਚ ਵੋਟ ਪਾਉਣ ਕਰਕੇ ਪਾਰਟੀ ਵ੍ਹਿਪ ਦੀ ਉਲੰਘਣਾ ਕਰਨ ਲਈ ਅਯੋਗ ਕਰਾਰ ਦਿੱਤਾ ਗਿਆ ਸੀ। ਅਯੋਗ ਕਰਾਰ ਦਿੱਤੇ ਕਾਂਗਰਸੀ ਵਿਧਾਇਕਾਂ ਰਾਜਿੰਦਰ ਰਾਣਾ, ਰਵੀ ਠਾਕੁਰ, ਸੁਧੀਰ ਸਰਮਾ, ਇੰਦਰ ਦੱਤ ਲਖਨਪਾਲ, ਚੇਤਨਿਆ ਸਰਮਾ ਅਤੇ ਦਵਿੰਦਰ ਕੁਮਾਰ ਭੁੱਟੋ ਅਤੇ ਆਜਾਦ ਵਿਧਾਇਕਾਂ ਕੇ.ਐੱਲ. ਠਾਕੁਰ, ਹੁਸ਼ਿਆਰ ਸਿੰਘ ਅਤੇ ਆਸੀਸ ਸਰਮਾ ਨੇ ਕਿਹਾ ਕਿ ਉਹ ਜਨਤਾ ਨੂੰ ਦੱਸਣਗੇ ਕਿ ਪਿਛਲੇ 14 ਮਹੀਨਿਆਂ ਦੌਰਾਨ ਉਨ੍ਹਾਂ ਨੂੰ ਕਿਵੇਂ ਜਲੀਲ ਕੀਤਾ ਗਿਆ ਅਤੇ ਉਨ੍ਹਾਂ ਦੇ ਹਲਕਿਆਂ ਵਿੱਚ ਵਿਕਾਸ ਕਾਰਜ ਰੁਕੇ ਹੋਏ ਹਨ। ਉਨ੍ਹਾਂ ਦੋਸ ਲਾਇਆ ਕਿ ਸੁੱਖੂ ਘਬਰਾ ਗਿਆ ਹੈ ਕਿਉਂਕਿ ਸੱਤਾ ਉਸ ਦੇ ਹੱਥੋਂ ਖਿਸਕ ਰਹੀ ਹੈ ਅਤੇ ਉਸ ਨੂੰ ਡਰ ਹੈ ਕਿ ਜੇਕਰ ਉਹ ਸੱਤਾ ਗੁਆ ਬੈਠੇ ਤਾਂ ਉਨ੍ਹਾਂ ਦੇ 'ਕਰਤੂਤਾਂ' ਦਾ ਪਰਦਾਫਾਸ ਹੋ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਸਰਕਾਰ ਨੇ ਬੇਰੁਜਗਾਰ ਨੌਜਵਾਨਾਂ ਲਈ ਦਰਵਾਜੇ ਬੰਦ ਕਰ ਦਿੱਤੇ ਹਨ, ਕਾਂਗਰਸ ਦੇ ਚੋਣ ਮਨੋਰਥ ਪੱਤਰ ਨੂੰ ਕੂੜੇਦਾਨ ਵਿੱਚ ਸੁੱਟ ਦਿੱਤਾ ਗਿਆ ਹੈ ਅਤੇ ਗੰਭੀਰ ਵਿੱਤੀ ਸੰਕਟ ਦੌਰਾਨ ਵੀ 'ਚਹੇਤਿਆਂ' ਨੂੰ ਨਿਵਾਜਿਆ ਜਾ ਰਿਹਾ ਹੈ।

## ਹਿਮਾਚਲ 'ਚ ਅਯੋਗ ਵਿਧਾਇਕਾਂ ਨੇ ਸੁੱਖੂ ਖਿਲਾਫ਼ ਮਾਣਹਾਨੀ ਦਾ ਕੇਸ ਕਰਨ ਦੀ ਦਿੱਤੀ ਧਮਕੀ

ਸ਼ਿਮਲਾ, 17 ਮਾਰਚ : ਕਾਂਗਰਸ ਦੇ 6 ਅਯੋਗ ਵਿਧਾਇਕਾਂ ਅਤੇ ਤਿੰਨ ਆਜਾਦ ਵਿਧਾਇਕਾਂ ਨੇ ਕਿਹਾ ਹੈ ਕਿ ਉਹ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਖਿਲਾਫ ਮਾਨਹਾਨੀ ਦਾ ਕੇਸ ਦਾਇਰ ਕਰਨਗੇ। ਕਾਂਗਰਸ ਪਾਰਟੀ ਵੱਲੋਂ ਅਯੋਗ ਠਹਿਰਾਏ ਗਏ ਵਿਧਾਇਕਾਂ ਵਿਚ ਰਾਜਿੰਦਰ ਰਾਣਾ, ਸੁਧੀਰ ਸਰਮਾ, ਇੰਦਰ ਦੱਤ ਲਖਨਪਾਲ, ਰਵੀ ਠਾਕੁਰ, ਦੇਵੇਂਦਰ ਭੁੱਟੋ ਚੈਤੰਨਿਆ ਸਰਮਾ ਤੋਂ ਇਲਾਵਾ ਆਜਾਦ ਵਿਧਾਇਕਾਂ ਹੁਸ਼ਿਆਰ ਸਿੰਘ, ਆਸੀਸ ਸਰਮਾ ਅਤੇ ਕੇ. ਐਲ. ਠਾਕੁਰ ਹਨ। 9 ਆਗੂਆਂ ਨੇ ਸਾਂਝੇ ਬਿਆਨ ਵਿਚ ਕਿਹਾ ਕਿ ਸੁੱਖੂ ਸੂਬੇ ਵਿਚ ਬਹੁਮਤ ਗੁਆਉਣ ਤੋਂ ਬਾਅਦ ਬੌਖਲਾ ਗਏ ਹਨ ਅਤੇ ਉਨ੍ਹਾਂ ਨੂੰ ਡਰ ਹੈ ਕਿ ਸੱਤਾ ਗੁਆਉਂਦਿਆਂ ਹੀ ਉਨ੍ਹਾਂ ਦੀ ਸਰਕਾਰ ਦੀ ਜਨਤਾ ਨਾਲ ਕੀਤੇ ਧੋਖੇ ਅਤੇ ਉਨ੍ਹਾਂ ਦੇ ਦੋਸਤਾਂ ਵੱਲੋਂ ਕੀਤੇ ਕਾਲੇ ਕਾਰਨਾਮਿਆਂ ਦਾ ਵੀ ਪੋਲ ਖੁੱਲ੍ਹ ਜਾਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਸੁੱਖੂ ਹਿਮਾਚਲ ਪ੍ਰਦੇਸ ਦਾ ਸਭ ਤੋਂ ਬਦਕਿਸਮਤ ਮੁੱਖ ਮੰਤਰੀ ਸਾਬਤ ਹੋਏ ਹਨ। ਜਿਨ੍ਹਾਂ ਨੇ ਸੱਤਾ 'ਚ ਆਉਂਦੇ ਹੀ ਨੌਜਵਾਨਾਂ ਲਈ ਨੌਕਰੀਆਂ ਦੇ ਦਰਵਾਜੇ ਬੰਦ ਕਰ ਦਿੱਤੇ ਅਤੇ ਕਾਂਗਰਸ ਦੇ ਚੋਣ ਮਨੋਰਥ ਪੱਤਰ ਨੂੰ ਕੂੜੇਦਾਨ ਵਿਚ ਸੁੱਟ ਦਿੱਤਾ। ਆਗੂਆਂ ਨੇ ਦੋਸ ਲਾਇਆ ਕਿ ਮੁੱਖ ਮੰਤਰੀ ਨੇ ਆਪਣੇ ਦੋਸਤਾਂ ਨੂੰ ਲੁੱਟਣ ਦੀ ਖੁੱਲ੍ਹੀ ਛੋਟ ਦੇ ਦਿੱਤੀ ਹੈ।



# ਲੋਕ ਸਭਾ ਚੋਣਾਂ ਲਈ ਪੰਜਾਬ ਪੁਲਸ ਨੇ ਖਿੱਚੀ ਤਿਆਰੀ, ਗੌਰਵ ਯਾਦਵ ਨੇ ਅਧਿਕਾਰੀਆਂ ਨੂੰ ਦਿੱਤੇ ਦਿਸ਼ਾ-ਨਿਰਦੇਸ਼

ਜਲੰਧਰ/ਚੰਡੀਗੜ੍ਹ, 17 ਮਾਰਚ : ਭਾਰਤੀ ਚੋਣ ਕਮਿਸ਼ਨ (ਈ. ਸੀ. ਆਈ) ਵੱਲੋਂ 2024 ਦੀਆਂ ਆਮ ਚੋਣਾਂ ਲਈ ਤਾਰੀਖ਼ਾਂ ਦਾ ਐਲਾਨ ਕਰਨ ਤੋਂ ਇਕ ਦਿਨ ਬਾਅਦ, ਪੁਲਸ ਡਾਇਰੈਕਟਰ ਜਨਰਲ (ਡੀ. ਜੀ. ਪੀ) ਪੰਜਾਬ ਗੌਰਵ ਯਾਦਵ ਨੇ ਐਤਵਾਰ ਨੂੰ ਕਿਹਾ ਕਿ ਪੰਜਾਬ ਪੁਲਸ ਸਰਹੱਦੀ ਰਾਜ ਵਿੱਚ ਪਾਰਦਰਸ਼ੀ, ਨਿਰਪੱਖ ਅਤੇ ਸ਼ਾਂਤੀਪੂਰਨ ਚੋਣਾਂ ਦੇ ਅਮਲ ਨੂੰ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਤਿਆਰ ਹੈ। ਦਰਅਸਲ ਡੀ. ਜੀ. ਪੀ. ਪੰਜਾਬ, ਸਪੈਸ਼ਲ ਡੀ. ਜੀ. ਪੀ. ਲਾਅ ਐਂਡ ਆਰਡਰ ਅਰਪਿਤ ਸ਼ੁਕਲਾ ਦੇ ਨਾਲ ਹੈੱਡਕੁਆਰਟਰ ਤੋਂ ਸਾਰੇ ਸੀਨੀਅਰ ਪੁਲੀਸ ਅਧਿਕਾਰੀਆਂ, ਰੇਂਜ ਏ. ਡੀ. ਜੀ. ਐੱਸ. ਪੀ/ਆਈ. ਜੀ. ਐੱਸ. ਪੀ/ਡੀ. ਆਈ. ਜੀਜ਼ ਅਤੇ ਸੀ. ਪੀਜ਼/ਐੱਸ. ਐੱਸ. ਪੀਜ਼ ਨਾਲ ਆਮ ਚੋਣਾਂ ਤੋਂ ਪਹਿਲਾਂ ਰਾਜ ਵਿੱਚ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲੈਣ ਸਬੰਧੀ ਗੱਲਬਾਤ ਕਰ ਰਹੇ ਸਨ। ਜ਼ਿਕਰਯੋਗ ਹੈ ਕਿ ਚੋਣਾਂ ਦੀਆਂ ਤਾਰੀਖ਼ਾਂ ਦੇ ਐਲਾਨ ਦੇ ਨਾਲ ਹੀ ਚੋਣ ਜ਼ਾਬਤਾ ਲਾਗੂ ਹੋ ਗਿਆ ਹੈ। ਪੰਜਾਬ ਵਿੱਚ ਆਮ ਚੋਣਾਂ ਲਈ ਵੋਟਾਂ ਦੇ ਆਖਰੀ ਪੜਾਅ ਵਿੱਚ 1 ਜੂਨ ਨੂੰ ਵੋਟਾਂ ਪੈਣਗੀਆਂ। ਡੀ. ਜੀ. ਪੀ. ਗੌਰਵ ਯਾਦਵ ਨੇ ਸਮੂਹ ਅਧਿਕਾਰੀਆਂ ਨੂੰ ਆਦਰਸ਼ ਚੋਣ ਜ਼ਾਬਤੇ ਦੀ ਹਰ ਪੱਖ ਤੋਂ ਸਖ਼ਤੀ ਨਾਲ ਪਾਲਣਾ ਕਰਨ ਅਤੇ ਆਜ਼ਾਦ ਅਤੇ ਨਿਰਪੱਖ ਚੋਣਾਂ ਕਰਵਾਉਣ ਲਈ ਭਾਰਤੀ ਚੋਣ ਕਮਿਸ਼ਨ ਦੀਆਂ ਸਾਰੀਆਂ ਹਦਾਇਤਾਂ ਅਤੇ ਦਿਸ਼ਾ-ਨਿਰਦੇਸ਼ਾਂ ਦੀ ਇੰਨ-ਬਿੰਨ ਪਾਲਣਾ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਭਗੌੜਿਆਂ (ਪੀ.ਓ.) ਅਤੇ ਪੈਰੋਲ ਜੰਪਰਜ਼ ਨੂੰ ਗ੍ਰਿਫ਼ਤਾਰ ਕਰਨ ਅਤੇ ਗੈਰ-ਜ਼ਮਾਨਤੀ ਵਾਰੰਟਾਂ (ਐੱਨ. ਬੀ. ਡਬਲਿਊ.) ਨੂੰ ਲਾਗੂ ਕਰਨ ਲਈ ਵਿਸ਼ੇਸ਼ ਮੁਹਿੰਮ ਚਲਾਈ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਐੱਸ. ਐੱਸ. ਪੀਜ਼ ਅਤੇ ਸੀ. ਪੀਜ਼ ਨੂੰ ਨਾਜਾਇਜ਼ ਸ਼ਰਾਬ, ਨਸ਼ੀਲੇ ਪਦਾਰਥਾਂ ਅਤੇ ਸਾਇਕੋਟਰਾਪਿਕ ਪਦਾਰਥਾਂ ਦੀ ਵਿਕਰੀ ਵਿੱਚ ਸ਼ਾਮਲ ਲੋਕਾਂ ਦੀ ਚੌਕਸੀ ਨਾਲ ਨਿਗਰਾਨੀ ਕਰਨ ਲਈ ਵੀ ਕਿਹਾ ਗਿਆ ਹੈ। ਡੀ. ਜੀ. ਪੀ. ਨੇ ਸੀ. ਪੀਜ਼/ਐੱਸ. ਐੱਸ. ਪੀਜ਼ ਨੂੰ ਚੋਣ ਕਮਿਸ਼ਨ ਦੇ ਨਿਯਮਾਂ ਦੀ ਪਾਲਣਾ ਕਰਦਿਆਂ ਲੋਕਾਂ ਤੋਂ ਲਾਇਸੈਂਸੀ ਹਥਿਆਰ ਜਮ੍ਹਾ ਕਰਵਾਏ ਜਾਣ ਨੂੰ ਯਕੀਨੀ ਬਣਾਉਣ ਦੇ ਵੀ ਨਿਰਦੇਸ਼ ਦਿੱਤੇ। ਹੋਰ ਵੇਰਵੇ ਸਾਂਝੇ ਕਰਦਿਆਂ, ਸਪੈਸ਼ਲ ਡੀ. ਜੀ. ਪੀ. ਅਰਪਿਤ ਸ਼ੁਕਲਾ ਨੇ ਕਿਹਾ ਕਿ ਸੂਬੇ ਭਰ ਵਿੱਚ ਸੁਰੱਖਿਆ ਵਧਾ ਦਿੱਤੀ ਗਈ ਹੈ ਅਤੇ ਫੀਲਡ ਅਫਸਰਾਂ ਨੂੰ ਪੁਲਸ ਬਲ ਦਾ ਆਡਿਟ ਕਰਨ ਲਈ ਕਿਹਾ ਗਿਆ ਹੈ ਅਤੇ ਚੋਣਾਂ ਦੌਰਾਨ 75 ਫੀਸਦੀ



ਪੁਲਸ ਬਲ ਤਾਇਨਾਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਾਰੇ ਸੀ. ਪੀਜ਼/ਐੱਸ. ਐੱਸ. ਪੀਜ਼ ਨੂੰ ਪਹਿਲਾਂ ਹੀ ਸਮਾਜ ਵਿਰੋਧੀ ਅਨਸਰਾਂ 'ਤੇ ਨਜ਼ਰ ਰੱਖਣ ਅਤੇ ਆਮ ਲੋਕਾਂ ਵਿੱਚ ਵਿਸ਼ਵਾਸ ਪੈਦਾ ਕਰਨ ਲਈ ਆਪਣੇ ਅਧਿਕਾਰ ਖੇਤਰਾਂ ਵਿੱਚ ਫਲੈਗ ਮਾਰਚ ਕਰਨ ਲਈ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਅਪਰਾਧੀਆਂ, ਬੁਟਲੇਗਰਾਂ ਅਤੇ ਨਸ਼ਾ ਤਸਕਰਾਂ ਦੀ ਆਵਾਜਾਈ ਨੂੰ ਰੋਕਣ ਲਈ ਅੰਤਰ-ਰਾਜੀ ਸਰਹੱਦਾਂ 'ਤੇ ਚੈਕਿੰਗ ਵਧਾ ਦਿੱਤੀ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਸੂਬੇ ਦੇ ਸੰਵੇਦਨਸ਼ੀਲ ਜ਼ਿਲ੍ਹਿਆਂ ਵਿੱਚ ਕੇਂਦਰੀ ਹਥਿਆਰਬੰਦ ਪੁਲਿਸ ਬਲ (ਸੀ. ਏ. ਪੀ. ਐੱਫ) ਦੀਆਂ 25 ਕੰਪਨੀਆਂ ਤਾਇਨਾਤ ਕੀਤੀਆਂ ਗਈਆਂ ਹਨ ਤਾਂ ਜੋ ਆਮ ਲੋਕਾਂ ਵਿੱਚ ਵਿਸ਼ਵਾਸ ਪੈਦਾ ਕਰਨ ਦੇ ਨਾਲ-ਨਾਲ ਸੂਬੇ ਦੇ ਸੰਵੇਦਨਸ਼ੀਲ ਅਤੇ ਅਤਿ-ਸੰਵੇਦਨਸ਼ੀਲ ਖੇਤਰਾਂ ਵਿੱਚ ਸੁਖਾਵਾਂ ਮਾਹੌਲ ਬਣਾਇਆ ਜਾ ਸਕੇ। 25 ਕੰਪਨੀਆਂ ਵਿੱਚ ਸੈਂਟਰਲ ਰਿਜ਼ਰਵ ਪੁਲਿਸ ਫੋਰਸ (ਸੀ. ਆਰ. ਪੀ. ਐੱਫ) ਦੀਆਂ ਪੰਜ, ਸੀਮਾ ਸੁਰੱਖਿਆ ਬਲ (ਬੀ. ਐੱਸ. ਐੱਫ) ਦੀਆਂ 15 ਅਤੇ ਇੰਡੋ-ਤਿੱਬਤੀਅਨ ਬਾਰਡਰ ਪੁਲਸ (ਆਈ. ਟੀ. ਬੀ. ਪੀ) ਦੀਆਂ ਪੰਜ ਕੰਪਨੀਆਂ ਸ਼ਾਮਲ ਹਨ। ਸਪੈਸ਼ਲ ਡੀ. ਜੀ. ਪੀ. ਨੇ ਕਿਹਾ ਕਿ ਸਾਰੇ ਪੁਲਸ ਅਫ਼ਸਰਾਂ ਨੂੰ ਚੋਣ ਕਮਿਸ਼ਨ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ ਵੀ ਭੇਜ ਦਿੱਤੇ ਗਏ ਹਨ।

## ਹੈਰੋਇਨ ਸਪਲਾਈ ਕਰਨ ਵਾਲਾ ਨੌਜਵਾਨ ਕਾਬੂ

ਚੰਡੀਗੜ੍ਹ, 17 ਮਾਰਚ : ਚੰਡੀਗੜ੍ਹ 'ਚ ਹੈਰੋਇਨ ਸਪਲਾਈ ਕਰਨ ਦੇ ਦੋਸ ਹੇਠ ਸੈਕਟਰ 31 ਥਾਣਾ ਪੁਲਸ ਨੇ ਨੌਜਵਾਨ ਨੂੰ ਗ੍ਰਿਫਤਾਰ ਕੀਤਾ ਹੈ। ਫੜ੍ਹੇ ਗਏ ਨੌਜਵਾਨ ਦੀ ਪਛਾਣ ਨਵੀਨ ਕੁਮਾਰ ਉਰਫ ਭੂਰਾ (24) ਵਾਸੀ ਫੇਜ-2 ਰਾਮਦਰਬਾਰ ਚੰਡੀਗੜ੍ਹ ਵਜੋਂ ਹੋਈ ਹੈ। ਨਵੀਨ ਕੁਮਾਰ ਮੋਹਾਲੀ ਤੋਂ ਸਸਤੇ ਭਾਅ ਹੈਰੋਇਨ ਲਿਆ ਕੇ ਚੰਡੀਗੜ੍ਹ 'ਚ ਮਹਿੰਗੇ ਭਾਅ 'ਤੇ ਵੇਚਦਾ ਸੀ। ਜਾਣਕਾਰੀ ਅਨੁਸਾਰ ਸੈਕਟਰ 31 ਦੀ ਪੁਲਸ ਪਾਰਟੀ ਮੰਡੀ ਗਰਾਊਂਡ ਫੇਜ-2 ਰਾਮਦਰਬਾਰ, ਚੰਡੀਗੜ੍ਹ ਨੇੜੇ ਗਸਤ ਕਰ ਰਹੀ ਸੀ। ਇਸ ਦੌਰਾਨ ਪੁਲਸ ਪਾਰਟੀ ਨੇ ਇਕ ਨੌਜਵਾਨ ਨੂੰ ਫੇਜ-2 ਰਾਮਦਰਬਾਰ ਦੀ ਮਸਜਿਦ ਦੇ ਪਿਛਲੇ ਪਾਸੇ ਤੋਂ ਆਉਂਦਾ ਦੇਖਿਆ। ਜਦੋਂ ਨੌਜਵਾਨ ਨੇ ਪੁਲਿਸ ਪਾਰਟੀ ਨੂੰ ਦੇਖਿਆ ਤਾਂ ਉਸ ਨੇ ਭੱਜਣ ਦੀ ਕੋਸ਼ਿਸ਼ ਕੀਤੀ। ਪੁਲਿਸ ਟੀਮ ਨੇ ਉਸ ਨੂੰ ਮੌਕੇ 'ਤੇ ਹੀ ਕਾਬੂ ਕਰ ਲਿਆ। ਤਲਾਸ਼ੀ ਲੈਣ ਉਪਰੰਤ ਉਸ ਦੀ ਜੇਬ 'ਚੋਂ 10.2 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਨਵੀਨ ਕੁਮਾਰ ਉਰਫ ਭੂਰਾ ਖ਼ਿਲਾਫ ਐੱਨ.ਡੀ.ਪੀ.ਐੱਸ. ਐਕਟ ਦੀਆਂ ਧਾਰਾਵਾਂ ਤਹਿਤ ਪੁਲਿਸ ਸਟੇਸਨ ਸੈਕਟਰ 31 ਵਿਖੇ ਮਾਮਲਾ ਦਰਜ ਕਰ ਲਿਆ। ਮਾਮਲੇ ਬਾਰੇ ਜਾਣਕਾਰੀ ਦਿੰਦਿਆਂ ਐੱਸ. ਐੱਚ. ਓ. ਰਾਮ ਰਤਨ ਨੇ ਦੱਸਿਆ ਕਿ ਮੁਲਜਮ ਨੂੰ ਜ਼ਿਲ੍ਹਾ ਅਦਾਲਤ 'ਚ ਪੇਸ ਕਰ ਕੇ ਉਸ ਦਾ ਇਕ ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਗਿਆ ਹੈ।

# ਬਠਿੰਡਾ ਸੀਟ 'ਤੇ ਅਕਾਲੀ ਦਲ ਦਾ ਦਾਅ, ਗੁਰਮੀਤ ਸਿੰਘ ਖੁੱਡੀਆਂ ਨਾਲ ਹੋਵੇਗੀ ਟੱਕਰ

ਬਠਿੰਡਾ, 17 ਮਾਰਚ : ਪੂਰੇ ਦੇਸ਼ 'ਚ ਲੋਕ ਸਭਾ ਚੋਣਾਂ ਦਾ ਐਲਾਨ ਹੋ ਚੁੱਕਾ ਹੈ ਅਤੇ ਪੰਜਾਬ 'ਚ ਸਭ ਤੋਂ ਅਖੀਰ 'ਚ 7ਵੇਂ ਗੇੜ 'ਚ 1 ਜੂਨ ਨੂੰ ਵੋਟਾਂ ਪੈਣਗੀਆਂ, ਜਿਨ੍ਹਾਂ ਦੇ ਨਤੀਜੇ 4 ਜੂਨ ਨੂੰ ਆਉਣਗੇ। ਪੰਜਾਬ ਦੀਆਂ 13 'ਚੋਂ 8 ਲੋਕ ਸਭਾ ਸੀਟਾਂ 'ਤੇ ਆਮ ਆਦਮੀ ਪਾਰਟੀ ਨੇ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ, ਜਿਨ੍ਹਾਂ 'ਚੋਂ ਸਭ ਤੋਂ ਹੌਟ ਸੀਟ ਬਠਿੰਡਾ ਦੀ ਹੈ। ਬਠਿੰਡਾ ਸੀਟ ਦੀ ਗੱਲ ਕੀਤੀ ਜਾਵੇ ਤਾਂ ਇਸ ਸੀਟ 'ਤੇ ਜ਼ਿਆਦਾਤਰ ਅਕਾਲੀ ਦਲ ਦਾ ਕਬਜਾ ਰਿਹਾ ਹੈ। ਇਸ ਸੀਟ ਤੋਂ 3 ਵਾਰ ਹਰਸਿਮਰਤ ਕੌਰ ਬਾਦਲ ਸੰਸਦ ਮੈਂਬਰ ਬਣ ਚੁੱਕੇ ਹਨ। ਇਸ ਸੀਟ 'ਤੇ ਵੋਟਾਂ ਦੌਰਾਨ ਅਕਾਲੀ ਦਲ ਅਤੇ ਕਾਂਗਰਸ ਦੀਆਂ ਵੋਟਾਂ ਦਾ ਬਹੁਤ ਥੋੜ੍ਹਾ ਫਰਕ ਰਿਹਾ ਹੈ। ਸਾਲ 2019 ਦੇ ਲੋਕ ਸਭਾ ਚੋਣ ਨਤੀਜਿਆਂ ਦੌਰਾਨ ਹਰਸਿਮਰਤ ਕੌਰ ਬਾਦਲ 4,90,811 ਵੋਟਾਂ ਨਾਲ ਜਿੱਤੇ ਸਨ, ਜਦੋਂ ਕਿ ਇਸ ਸੀਟ ਤੋਂ ਰਾਜਾ ਵੜਿੰਗ ਨੂੰ 4,69,412 ਵੋਟਾਂ ਮਿਲੀਆਂ ਸਨ, ਜੋ ਕਿ ਬਹੁਤ ਥੋੜ੍ਹਾ ਫਰਕ ਹੈ। ਇਸ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਬਲਜਿੰਦਰ ਕੌਰ ਨੂੰ 1,34,398 ਅਤੇ ਪੀ. ਈ. ਪੀ. ਦੇ ਸੁਖਪਾਲ ਸਿੰਘ ਖਹਿਰਾ ਨੂੰ 38,199 ਵੋਟਾਂ ਮਿਲੀਆਂ ਸਨ। ਇਸ ਵਾਰ ਬਠਿੰਡਾ ਤੋਂ ਆਮ ਆਦਮੀ ਪਾਰਟੀ ਵਲੋਂ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੂੰ ਚੋਣ ਮੈਦਾਨ 'ਚ ਉਤਾਰਿਆ ਗਿਆ ਹੈ। ਜੇਕਰ ਇਸ ਸੀਟ ਤੋਂ ਅਕਾਲੀ ਦਲ ਬੀਬੀ ਹਰਸਿਮਰਤ ਕੌਰ ਬਾਦਲ ਨੂੰ ਟਿਕਟ ਦਿੰਦਾ ਹੈ ਤਾਂ ਉਨ੍ਹਾਂ ਦਾ ਸਿੱਧਾ ਮੁਕਾਬਲਾ ਗੁਰਮੀਤ ਸਿੰਘ ਖੁੱਡੀਆਂ ਨਾਲ ਹੋਵੇਗਾ। ਫਿਲਹਾਲ ਅਕਾਲੀ ਦਲ ਵਲੋਂ ਹਰਸਿਮਰਤ ਬਾਦਲ ਤੋਂ ਇਲਾਵਾ ਸਿਕੰਦਰ ਸਿੰਘ ਮਲੂਕਾ, ਬਲਵਿੰਦਰ ਸਿੰਘ ਭੂੰਦੜ ਅਤੇ ਜਨਮੇਜਾ ਸਿੰਘ ਸੇਖੋਂ ਸੰਭਾਵੀ ਉਮੀਦਵਾਰ ਹੋ ਸਕਦੇ ਹਨ। ਗੁਰਮੀਤ ਸਿੰਘ ਖੁੱਡੀਆਂ ਬਾਰੇ ਇਹ ਗੱਲ ਕੀਤੀ ਜਾਵੇ ਤਾਂ ਇਨ੍ਹਾਂ ਦੇ ਪਿਤਾ ਫਰੀਦਕੋਟ ਤੋਂ ਸੰਸਦ ਮੈਂਬਰ ਰਹੇ ਹਨ। ਇਸ ਤੋਂ ਇਲਾਵਾ ਕਾਂਗਰਸ ਵਲੋਂ ਇਸ ਸੀਟ ਤੋਂ ਰਾਜਾ ਵੜਿੰਗ, ਅੰਮ੍ਰਿਤਾ ਵੜਿੰਗ, ਅਜੀਤਿੰਦਰ ਮੋਫਰ ਜਾਂ ਫਿਰ ਕਿਸੇ ਹੋਰ ਵੀ ਉਮੀਦਵਾਰ ਬਣਾਇਆ ਜਾ ਸਕਦਾ ਹੈ। ਇਸ ਤਰ੍ਹਾਂ ਜੇਕਰ ਭਾਜਪਾ ਦਾ ਅਕਾਲੀ ਦਲ ਨਾਲ ਗਠਜੋੜ ਨਹੀਂ ਹੁੰਦਾ ਤਾਂ ਫਿਰ ਪਾਰਟੀ ਵਲੋਂ ਮਨਪ੍ਰੀਤ ਬਾਦਲ, ਦਿਆਲ ਸੋਢੀ, ਸਰੂਪ ਚੰਦ ਸਿੰਗਲਾ ਜਾਂ ਫਿਰ ਜਗਦੀਪ ਸਿੰਘ ਨਕਈ ਨੂੰ ਉਮੀਦਵਾਰ ਐਲਾਨਿਆ ਜਾ ਸਕਦਾ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਇਸ ਸੀਟ ਤੋਂ ਕਿਸ ਪਾਰਟੀ ਦਾ ਉਮੀਦਵਾਰ ਬਾਜੀ ਮਾਰਦਾ ਹੈ।

## 'ਨਿੱਕੇ ਮੂਸੇਵਾਲੇ' ਦੇ ਆਉਣ 'ਤੇ ਨਰਿੰਦਰ ਕੌਰ ਭਰਾਜ ਨੇ ਕੀਤਾ ਸ਼ੁਕਰਾਨਾ, ਬੱਚੇ ਲਈ ਕੀਤੀ ਅਰਦਾਸ

ਚੰਡੀਗੜ੍ਹ, 17 ਮਾਰਚ : ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਘਰ ਨਿੱਕੇ ਮੂਸੇਵਾਲਾ ਦੇ ਆਉਣ ਨਾਲ ਖੁਸ਼ੀਆਂ ਦਾ ਮਾਹੌਲ ਹੈ। ਹਰ ਕੋਈ ਪਰਿਵਾਰ ਨੂੰ ਵਧਾਈਆਂ ਦੇ ਰਿਹਾ ਹੈ। ਵਿਧਾਇਕਾ ਨਰਿੰਦਰ ਕੌਰ ਭਰਾਜ ਨੇ ਵੀ ਸਿੱਧੂ ਪਰਿਵਾਰ ਨੂੰ ਨਿੱਕੇ ਮੂਸੇਵਾਲਾ ਦੇ ਆਉਣ 'ਤੇ ਵਧਾਈ ਦਿੱਤੀ ਹੈ ਅਤੇ ਐਕਸ 'ਤੇ ਪੋਸਟ ਸਾਂਝੀ ਕੀਤੀ ਹੈ। ਉਨ੍ਹਾਂ ਨੇ ਲਿਖਿਆ ਹੈ ਕਿ ਅਕਾਲ ਪੁਰਖ ਵਾਹਿਗੁਰੂ ਦਾ ਬਹੁਤ-ਬਹੁਤ ਸ਼ੁਕਰਾਨਾ। ਵਾਹਿਗੁਰੂ ਇਸੇ ਤਰ੍ਹਾਂ ਪਰਿਵਾਰ ਨੂੰ ਹੋਰ ਖੁਸ਼ੀਆਂ ਅਤੇ ਬੱਚੇ ਨੂੰ ਤੰਦਰੁਸਤੀ ਬਖਸ਼ਣ। ਦੱਸ ਦੇਈਏ ਕਿ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਸੋਸ਼ਲ ਮੀਡੀਆ 'ਤੇ ਨਿੱਕੇ ਮੂਸੇਵਾਲ ਦੀ ਤਸਵੀਰ ਪਾ ਕੇ ਇਹ ਖੁਸ਼ੀ ਲੋਕਾਂ ਨਾਲ ਸਾਂਝੀ ਕੀਤੀ ਸੀ। ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਦੱਸਿਆ ਕਿ ਬੱਚਾ ਅਤੇ ਮਾਤਾ ਦੋਵੇਂ ਤੰਦਰੁਸਤ ਹਨ। ਇਸ ਖੁਸ਼ੀ ਦੀ ਘੜੀ ਵਿਚ ਪਿਤਾ ਬਲਕੌਰ ਸਿੰਘ ਆਪਣੇ ਵੱਡੇ ਪੁੱਤਰ ਸਿੱਧੂ ਮੂਸੇਵਾਲਾ ਨੂੰ ਯਾਦ ਕਰਦੇ ਹੋਏ ਭਾਵੁਕ ਹੋ ਗਏ। ਦੁਨੀਆ ਭਰ ਵਿਚ ਸਿੱਧੂ ਮੂਸੇਵਾਲਾ ਦੇ ਛੋਟੇ ਭਰਾ ਦੇ ਆਉਣ 'ਤੇ ਖੁਸ਼ੀ ਮਨਾਈ ਜਾ ਰਹੀ ਹੈ। ਉਨ੍ਹਾਂ ਕਿਹਾ ਮੈਂ ਅਕਾਲ ਪੁਰਖ ਵਾਹਿਗੁਰੂ ਦਾ ਲੱਖ-ਲੱਖ ਸ਼ੁਕਰ ਕਰਦਾ ਅਤੇ ਉਨ੍ਹਾਂ ਕਰੋੜਾਂ ਲੋਕਾਂ ਸਾਰਿਆਂ ਫੈਨਸ ਅਤੇ ਪ੍ਰੈੱਸ ਵਾਲਿਆਂ ਦੀ ਸ਼ੁਕਰਾਨਾ ਕਰਦਾ ਹਾਂ ਜਿਨ੍ਹਾਂ ਨੇ ਸਿੱਧੂ ਲਈ ਅਰਦਾਸਾਂ ਕੀਤੀਆਂ ਹਨ। ਬੱਚੇ ਦੇ ਨਾਂ ਬਾਰੇ ਪੁੱਛਣ 'ਤੇ ਉਨ੍ਹਾਂ ਦੱਸਿਆ ਕਿ ਇਹ ਸ਼ੁੱਭਦੀਪ ਹੀ ਹੈ।

# ਨਿੱਕੇ ਸਿੱਧੂ ਦੇ ਆਉਣ ਮਗਰੋਂ ਪਿਤਾ ਬਲਕੌਰ ਹੋਏ ਲਾਈਵ, ਮੂਸੇਵਾਲਾ ਨੂੰ ਯਾਦ ਕਰ ਮਾਰਨ ਵਾਲਿਆਂ ਨੂੰ ਆਖੀ ਇਹ ਗੱਲ

ਚੰਡੀਗੜ੍ਹ, 17 ਮਾਰਚ : ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਘਰ ਇੱਕ ਵਾਰ ਫਿਰ ਤੋਂ ਬੱਚੇ ਦੀਆਂ ਕਿਲਕਾਰੀਆਂ ਗੂੰਜੀਆਂ ਹਨ। ਸਿੱਧੂ ਮੂਸੇਵਾਲਾ ਦੀ ਮਾਂ ਚਰਨ ਕੌਰ ਨੇ ਦੂਜੇ ਪੁੱਤਰ ਨੂੰ ਜਨਮ ਦਿੱਤਾ ਹੈ। ਇਸ ਗੱਲ ਦੀ ਜਾਣਕਾਰੀ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਖੁਦ ਸੋਸਲ ਮੀਡੀਆ 'ਤੇ ਸਾਂਝੀ ਕੀਤੀ ਹੈ। ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਅੱਜ ਸਵੇਰੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਉਹ ਇਕ ਬੱਚੇ ਦਾ ਪਿਤਾ ਬਣ ਗਿਆ ਹੈ ਅਤੇ ਉਸ ਦੀ ਪਤਨੀ ਚਰਨ ਨੇ ਇਕ ਪੁੱਤਰ ਨੂੰ ਜਨਮ ਦਿੱਤਾ ਹੈ। ਬਲਕੌਰ ਨੇ ਇੰਸਟਾਗ੍ਰਾਮ 'ਤੇ ਆਪਣੀ ਗੋਦੀ 'ਚ ਬੈਠੇ ਬੱਚੇ ਦੀ ਫੋਟੋ ਸੇਅਰ ਕਰਦੇ ਹੋਏ ਪੰਜਾਬੀ 'ਚ ਲਿਖਿਆ, 'ਸੁਭਦੀਪ ਨੂੰ ਪਿਆਰ ਕਰਨ ਵਾਲੇ ਲੱਖਾਂ ਲੋਕਾਂ ਦੇ ਆਸੀਰਵਾਦ ਨਾਲ, ਅਨੰਤ ਪ੍ਰਮਾਤਮਾ ਨੇ ਸੁਭਦੀਪ ਦੇ ਛੋਟੇ ਭਰਾ ਨੂੰ ਸਾਡੀ ਗੋਦ ਵਿਚ ਪਾਇਆ ਹੈ। ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਦੱਸਿਆ ਕਿ ਬੱਚਾ ਅਤੇ ਮਾਤਾ ਦੋਵੇਂ ਤੰਦਰੁਸਤ ਹਨ। ਇਸ ਖੁਸ਼ੀ ਦੀ ਘੜੀ ਵਿਚ ਪਿਤਾ ਬਲਕੌਰ ਸਿੰਘ ਆਪਣੇ ਵੱਡੇ ਪੁੱਤਰ ਸਿੱਧੂ ਮੂਸੇਵਾਲਾ ਨੂੰ ਯਾਦ ਕਰਦੇ ਹੋਏ ਭਾਵੁਕ ਹੋ ਗਏ। ਦੁਨੀਆ ਭਰ ਵਿਚ ਸਿੱਧੂ ਮੂਸੇਵਾਲਾ ਦੇ ਛੋਟੇ ਭਰਾ ਦੇ ਆਉਣ 'ਤੇ ਖੁਸ਼ੀ ਮਨਾਈ ਜਾ ਰਹੀ ਹੈ। ਉਨ੍ਹਾਂ ਕਿਹਾ ਮੈਂ ਅਕਾਲ ਪੁਰਖ ਵਾਹਿਗੁਰੂ ਦਾ ਲੱਖ-ਲੱਖ ਸ਼ੁਕਰ ਕਰਦਾ ਅਤੇ ਉਨ੍ਹਾਂ ਕਰੋੜਾਂ ਲੋਕਾਂ ਸਾਰਿਆਂ ਫੈਨਸ ਅਤੇ ਪ੍ਰੈੱਸ ਵਾਲਿਆਂ ਦੀ ਸ਼ੁਕਰਾਨਾ ਕਰਦਾ ਹਾਂ ਜਿਨ੍ਹਾਂ ਨੇ ਸਿੱਧੂ ਲਈ ਅਰਦਾਸਾਂ ਕੀਤੀਆਂ ਹਨ। ਬੱਚੇ ਦੇ ਨਾਂ ਬਾਰੇ ਪੁੱਛਣ 'ਤੇ ਉਨ੍ਹਾਂ ਦੱਸਿਆ ਕਿ ਇਹ ਸ਼ੁੱਭਦੀਪ ਹੀ ਹੈ। ਉਨ੍ਹਾਂ ਦੱ ਸਿੱਧੂ ਹਰੇਕ ਮਾਂ



ਦਾ ਪੁੱਤਰ ਅਤੇ ਹਰ ਭੈਣ ਦਾ ਭਰਾ ਬਣ ਗਿਆ ਸੀ। ਜਿਸ ਦਿਨ ਸਿੱਧੂ ਨੇ ਦੁਨੀਆ ਨੂੰ ਅਲਵਿਦਾ ਕਿਹਾ ਉਸ ਦਿਨ ਮੈਨੂੰ ਪਤਾ ਲੱਗਾ ਕਿ ਸ਼ੁੱਭਦੀਪ ਦਾ ਕੱਦ ਦੁਨੀਆ ਵਿਚ ਕਿੰਨਾ ਵੱਡਾ ਹੈ। ਸਿੱਧੂ ਮੂਸੇਵਾਲਾ ਨੂੰ ਗਿਆ ਦੋ ਸਾਲ ਹੋ ਗਏ ਹਨ ਅਤੇ ਹਰ ਰੋਜ ਲੱਖਾਂ ਲੋਕਾਂ ਦੇ ਮੈਸੇਜ ਆਉਂਦੇ ਹਨ। ਸ਼ੁੱਭਦੀਪ ਗਰੀਬ ਪਰਿਵਾਰ ਵਿਚ ਰਹਿੰਦਾ ਹੋਇਆ ਬਹੁਤ ਵੱਡੀ ਸੋਚ ਦਾ ਮਾਲਕ ਸੀ। ਜੇਕਰ ਮਾਰਨ ਵਾਲੇ ਸ਼ੁੱਭਦੀਪ ਮੂਸੇਵਾਲਾ ਨੂੰ ਇਕ ਵਾਰ ਵੀ ਮਿਲ ਲੈਂਦੇ ਤਾਂ ਉਸ ਨੂੰ ਮਾਰਦੇ ਨਹੀਂ। ਉਨ੍ਹਾਂ ਬੰਦਿਆਂ ਨੇ ਮਾਰਿਆ ਜਿਹੜੇ ਸ਼ੁੱਭਦੀਪ ਨੂੰ ਕਦੇ ਮਿਲੇ ਵੀ ਨਹੀਂ। ਮੈਂ ਪ੍ਰੈੱਸ ਦੇ ਜਰੀਏ ਇਕ ਸਵਾਲ ਪੁੱਛਣਾ ਚਾਹੁੰਦਾ ਹਾਂ ਕਿ ਸਿੱਧੂ 2 ਕਰੋੜ ਦਾ ਟੈਕਸ ਭਰਦੇ ਹੋਏ ਵੀ ਉਸ ਨੂੰ ਜਾਨਵਰਾਂ ਤੋਂ ਬਦਤਰ ਮੌਤ ਦਿੱਤੀ। ਉਸ ਦੀ ਰਖਵਾਲੀ ਨਹੀਂ ਕੀਤੀ ਗਈ ਜਿਹੜੇ ਸਰਕਾਰ ਦੇ ਕਮਾਊ ਨਾਗਰਿਕ ਹਨ ਅਤੇ ਸਰਕਾਰ ਦਾ ਖਜਾਨਾ ਭਰਦੇ ਹਨ। ਦੂਜੇ ਪਾਸੇ ਮਾਰਨ ਵਾਲਿਆਂ ਨੂੰ ਸਰਕਾਰ ਸੁਰੱਖਿਆ ਵਿਚ ਰਖਦੀ ਹੈ।

## ਫਰੀਦਕੋਟ 'ਚ ਵਾਪਰੀ ਵੱਡੀ ਘਟਨਾ, ਮਾਮੂਲੀ ਕਲੇਸ਼ ਨੇ ਲਈ ਪਤੀ-ਪਤਨੀ ਦੀ ਜਾਨ

ਫਰੀਦਕੋਟ, 17 ਮਾਰਚ : ਫਰੀਦਕੋਟ ਦੇ ਭੋਲੂਵਾਲਾ ਰੋਡ 'ਤੇ ਰਹਿਣ ਵਾਲੇ ਪਤੀ-ਪਤਨੀ ਵਲੋਂ ਮਾਮੂਲੀ ਤਕਰਾਰ ਦੇ ਚਲਦੇ ਘਰ ਦੇ ਨੇੜਿਓਂ ਲੰਘਦੀ ਨਹਿਰ ਵਿਚ ਛਾਲ ਮਾਰ ਕੇ ਖੁਦਕੁਸ਼ੀ ਕਰਨ ਦਾ ਮਾਮਲਾ ਸਾਹਮਣੇ ਆਇਆ। ਮ੍ਰਿਤਕ ਪਤੀ-ਪਤਨੀ ਆਪਣੇ ਪਿੱਛੇ 2 ਛੋਟੇ ਬੱਚੇ ਅਤੇ ਬਿਰਧ ਮਾਤਾ ਛੱਡ ਗਏ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਫਰੀਦਕੋਟ ਦੇ ਭੋਲੂਵਾਲਾ ਰੋਡ 'ਤੇ ਰਹਿਣ ਵਾਲੇ ਬੰਗਾਲੀ ਪਰਿਵਾਰ ਮੁੰਡੇ ਮਿੰਟੂ ਅਤੇ ਉਸ ਦੀ ਪਤਨੀ ਪ੍ਰਿਯੰਕਾ ਵਲੋਂ ਨਹਿਰ ਵਿਚ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ ਗਈ। ਜਿਨ੍ਹਾਂ ਦੀਆਂ ਲਾਸ਼ਾਂ ਹਾਲੇ ਤੱਕ ਬਰਾਮਦ ਨਹੀਂ ਹੋਈਆਂ ਪਰ ਨਹਿਰ ਦੇ ਕਿਨਾਰੇ ਤੋਂ ਉਨ੍ਹਾਂ ਦੇ ਮੋਬਾਇਲ ਫੋਨ ਅਤੇ ਚੱਪਲਾਂ ਤੋਂ ਅੰਦਾਜਾ ਲਗਾਇਆ ਜਾ ਰਿਹਾ ਕਿ ਵਿਆਹੁਤਾ ਜੋੜੇ ਨੇ ਨਹਿਰ ਵਿਚ ਹੀ ਛਾਲ ਮਾਰੀ ਹੈ। ਜਾਣਕਾਰੀ ਦਿੰਦਿਆਂ ਨਹਿਰ ਵਿਚ ਛਾਲ ਮਾਰਨ ਵਾਲੀ ਪ੍ਰਿਯੰਕਾ ਦੀ ਭੈਣ ਨੇ ਦੱਸਿਆ ਕਿ ਉਸ ਦੀ ਭੈਣ ਅਤੇ ਜੀਜੇ ਵਿਚ ਮਾਮੂਲੀ ਤਕਰਾਰ ਹੋਇਆ ਸੀ, ਜਿਸ ਕਾਰਨ ਉਹ ਨਹਿਰ ਵੱਲ ਭੱਜ ਗਏ ਅਤੇ ਉਨ੍ਹਾਂ ਦੇ ਮੋਬਾਇਲ ਅਤੇ ਚੱਪਲਾਂ ਨਹਿਰ ਤੋਂ ਮਿਲੀਆ ਹਨ। ਉਨ੍ਹਾਂ ਦੱਸਿਆ ਕਿ ਸਾਨੂੰ ਸ਼ੱਕ ਹੈ ਕਿ ਉਨ੍ਹਾਂ ਨੇ ਨਹਿਰ ਵਿਚ ਛਾਲ ਮਾਰ ਦਿੱਤੀ ਹੈ । ਇਸ ਝਗੜੇ ਬਾਰੇ ਪ੍ਰਿਯੰਕਾ ਨੇ ਆਪਣੀ ਭੈਣ ਨੂੰ ਫੋਨ ਰਾਹੀਂ ਦੱਸਿਆ ਸੀ।

## ਪ੍ਰਤਾਪ ਸਿੰਘ ਬਾਜਵਾ ਨੇ ਸਿੱਧੂ ਮੂਸੇਵਾਲਾ ਦੇ ਪਰਿਵਾਰ ਨੂੰ ਦਿੱਤੀ ਵਧਾਈ, ਬੱਚੇ ਦੀ ਲੰਬੀ ਉਮਰ ਦੀ ਕੀਤੀ ਕਾਮਨਾ

ਚੰਡੀਗੜ੍ਹ, 17 ਮਾਰਚ : ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਮਾਤਾ ਚਰਨ ਕੌਰ ਨੇ ਪੁੱਤ ਨੂੰ ਜਨਮ ਦਿੱਤਾ ਹੈ। ਇਸ ਖੁਸ਼ੀ ਤੋਂ ਬਾਅਦ ਸਿੱਧੂ ਮੂਸੇਵਾਲਾ ਦੇ ਘਰ ਪਿਤਾ ਬਲਕੌਰ ਸਿੰਘ ਨੂੰ ਵਧਾਈ ਦੇਣ ਵਾਲਿਆਂ ਦਾ ਤਾਂਤਾ ਲੱਗ ਗਿਆ ਹੈ ਅਤੇ ਸੋਸ਼ਲ ਮੀਡੀਆ 'ਤੇ ਵੀ ਲਗਾਤਾਰ ਵਧਾਈਆਂ ਮਿਲ ਰਹੀਆਂ ਹਨ। ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਵੀ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੂੰ ਵਧਾਈ ਦਿੱਤੀ ਹੈ। ਉਨ੍ਹਾਂ ਨੇ ਐਕਸ 'ਤੇ ਲਿਖਿਆ ਹੈ ਕਿ ਸਰਦਾਰ ਬਲਕੌਰ ਸਿੰਘ ਜੀ ਦੇ ਘਰ ਪੁੱਤਰ ਹੋਣ ਦੀ ਖੁਸ਼ੀ 'ਚ ਮੈਂ ਸਿੱਧੂ ਪਰਿਵਾਰ ਨੂੰ ਬਹੁਤ-ਬਹੁਤ ਮੁਬਾਰਕਾਂ ਦਿੰਦਾ ਹਾਂ। ਮੈਂ ਪਰਮਾਤਮਾ ਅੱਗੇ ਬੱਚੇ ਦੀ ਲੰਬੀ ਉਮਰ ਅਤੇ ਪਰਿਵਾਰ ਦੀ ਚੰਗੀ ਸਿਹਤ ਦੀ ਕਾਮਨਾ ਕਰਦਾ ਹਾਂ। ਦੱਸਣਯੋਗ ਹੈ ਕਿ ਬਲਕੌਰ ਸਿੰਘ ਨੇ ਸੋਸ਼ਲ ਮੀਡੀਆ 'ਤੇ ਇਹ ਖੁਸ਼ਖਬਰੀ ਸਾਂਝੀ ਕੀਤੀ ਹੈ। ਉਨ੍ਹਾਂ ਲਿਖਿਆ ਕਿ ਸ਼ੁਭਦੀਪ ਨੂੰ ਚਾਹੁਣ ਵਾਲੀਆਂ ਲੱਖਾਂ-ਕਰੋੜਾਂ ਰੂਹਾਂ ਦੀਆਂ ਅਸੀਸਾਂ ਨਾਲ ਅਕਾਲ ਪੁਰਖ ਨੇ ਸਾਡੀ ਝੋਲੀ 'ਚ ਸ਼ੁਭ ਦਾ ਛੋਟਾ ਵੀਰ ਪਾਇਆ ਹੈ। ਵਾਹਿਗੁਰੂ ਦੀਆਂ ਬਖਸ਼ਿਸ਼ਾਂ ਸਦਕਾ ਪਰਿਵਾਰ ਤੰਦਰੁਸਤ ਹੈ ਅਤੇ ਸਾਰੇ ਸ਼ੁਭਚਿੰਤਕਾਂ ਦੇ ਅਥਾਹ ਪਿਆਰ ਲਈ ਸ਼ੁਕਰਗੁਜਾਰ ਹਾਂ।

# ਰਵਨੀਤ ਬਿੱਟੂ ਤੇ ਸਾਥੀਆਂ ਖਿਲਾ.ਫ ਕੇਸ ਦਰਜ

ਲੁਧਿਆਣਾ, 17 ਮਾਰਚ : ਥਾਣਾ ਲਾਡੋਵਾਲ ਦੀ ਪੁਲਸ ਨੇ ਲੁਧਿਆਣਾ ਲੋਕ ਸਭਾ ਦੇ ਮੈਂਬਰ ਪਾਰਲੀਮੈਂਟ ਰਵਨੀਤ ਸਿੰਘ ਬਿੱਟੂ ਅਤੇ ਉਨ੍ਹਾਂ ਦੇ 100 ਅਣਪਛਾਤੇ ਹਮਾਇਤੀਆਂ ਖ਼ਿਲਾਫ ਥਾਣਾ ਲਾਡੋਵਾਲ 'ਚ ਕੁੱਟਮਾਰ ਕਰ ਕੇ ਸਰਕਾਰੀ ਜਗ੍ਹਾ 'ਤੇ ਜ਼ਬਰਦਸਤੀ ਦਾਖਲ ਹੋ ਕੇ ਹਮਲਾ ਕਰਨ ਦਾ ਕੇਸ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਲਾਡੋਵਾਲ ਦੇ ਮੁਖੀ ਵੀਰਇੰਦਰ ਸਿੰਘ ਬੈਨੀਪਾਲ ਨੇ ਦੱਸਿਆ ਕਿ ਪੁਲਸ ਨੂੰ ਨਗਰ ਨਿਗਮ 'ਚ ਕੰਮ ਕਰਨ ਵਾਲੇ ਜਸਵੰਤ ਸਿੰਘ ਨੇ ਸ਼ਿਕਾਇਤ ਦਰਜ ਕਰਵਾਈ ਹੈ ਕਿ ਨਗਰ ਨਿਗਮ ਵੱਲੋਂ ਮਰੇ ਹੋਏ ਜਾਨਵਰਾਂ ਨੂੰ ਡਿਸਪੋਜ਼ ਕਰਨ ਲਈ ਰਸੂਲਪੁਰ ਪੱਤੀ 'ਚ ਸਰਕਾਰੀ ਫੈਕਟਰੀ ਬਣਾਈ ਗਈ ਹੈ।



ਇੱਥੇ 25 ਜਨਵਰੀ ਨੂੰ ਲੁਧਿਆਣਾ ਲੋਕ ਸਭਾ ਹਲਕੇ ਤੋਂ ਮੈਂਬਰ ਪਾਰਲੀਮੈਂਟ ਰਵਨੀਤ ਸਿੰਘ ਬਿੱਟੂ ਅਤੇ ਉਨ੍ਹਾਂ ਦੇ 100 ਅਣਪਛਾਤੇ ਸਾਥੀਆਂ ਨੇ ਜ਼ਬਰਦਸਤੀ ਫੈਕਟਰੀ 'ਤੇ ਧਾਵਾ ਬੋਲ ਕੇ ਫੈਕਟਰੀ ਨੂੰ ਜਿੰਦਾ ਲਾ ਦਿੱਤਾ ਸੀ। ਸ਼ਿਕਾਇਤਕਰਤਾ ਨੇ ਦੱਸਿਆ ਕਿ ਰਵਨੀਤ ਬਿੱਟੂ ਵੱਲੋਂ ਉੱਥੇ ਸਰਕਾਰੀ ਮੁਲਾਜ਼ਮਾਂ ਨਾਲ ਕੁੱਟਮਾਰ ਕਰ ਕੇ ਸਰਕਾਰੀ ਫੈਕਟਰੀ 'ਚ ਜ਼ਬਰਦਸਤੀ ਦਾਖਲ ਹੋ ਕੇ ਹੰਗਾਮਾ ਕੀਤਾ ਗਿਆ। ਇਸ ਤੋਂ ਬਾਅਦ ਪੁਲਸ ਨੇ ਜਸਵੰਤ ਸਿੰਘ ਦੀ ਸ਼ਿਕਾਇਤ 'ਤੇ ਮੈਂਬਰ ਪਾਰਲੀਮੈਂਟ ਰਵਨੀਤ ਸਿੰਘ ਬਿੱਟੂ ਅਤੇ ਉਸ ਦੇ 100 ਅਣਪਛਾਤੇ ਸਾਥੀਆਂ ਖ਼ਿਲਾਫ ਥਾਣਾ ਲਾਡੋਵਾਲ 'ਚ ਕੇਸ ਦਰਜ ਕਰ ਲਿਆ ਗਿਆ ਹੈ।

# ਅਮਰੀਕੀ ਖੁਫੀਆ ਏਜੰਸੀਆਂ ਦੀ ਚਿਤਾਵਨੀ, ਭਾਰਤ-ਚੀਨ ਸਰਹੱਦ 'ਤੇ ਫਿਰ ਹੋ ਸਕਦਾ ਹੈ ਹਥਿਆਰਬੰਦ ਟਕਰਾਅ

ਜਲੰਧਰ (ਏਜੰਸੀ), 17 ਮਾਰਚ : ਅਮਰੀਕੀ ਖੁਫੀਆ ਏਜੰਸੀਆਂ ਨੇ ਭਾਰਤ ਅਤੇ ਚੀਨ ਵਿਚਾਲੇ ਵਧਦੇ ਸਰਹੱਦੀ ਤਣਾਅ ਕਾਰਨ ਸੰਭਾਵਿਤ ਹਥਿਆਰਬੰਦ ਟਕਰਾਅ ਦੀ ਚਿਤਾਵਨੀ ਦਿੱਤੀ ਹੈ। ਰਾਸ਼ਟਰੀ ਖੁਫੀਆ ਨਿਦੇਸਕ (ਡੀ. ਐੱਨ. ਆਈ.) ਵੱਲੋਂ ਜਾਰੀ ਕੀਤੀ ਗਈ ਰਿਪੋਰਟ 'ਚ ਭਾਰਤ ਅਤੇ ਚੀਨ ਦੇ ਦਰਮਿਆਨ ਤਣਾਅਪੂਰਨ ਸਬੰਧਾਂ ਨੂੰ ਦਰਸਾਇਆ ਗਿਆ ਹੈ, ਫੌਜਾਂ ਵਿਚਾਲੇ ਇੱਕਾ-ਦੁੱਕਾ ਝੜਪਾਂ ਨੂੰ ਤਣਾਅ ਵਧਣ ਦਾ ਜੋਖਿਮ ਦੱਸਿਆ ਗਿਆ ਹੈ।

ਰਿਪੋਰਟ 'ਚ ਕਿਹਾ ਗਿਆ ਹੈ ਕਿ ਭਾਰਤ ਅਤੇ ਚੀਨ ਦਰਮਿਆਨ ਸਾਂਝੀ ਵਿਵਾਦਤ ਸਰਹੱਦ ਕਾਰਨ ਉਨ੍ਹਾਂ ਦੇ ਦੁਵੱਲੇ ਸਬੰਧਾਂ ਵਿਚ ਤਣਾਅ ਦੀ ਸਥਿਤੀ ਬਣੀ ਰਹੇਗੀ। ਰਿਪੋਰਟ ਵਿਚ ਨਾਜ਼ੁਕ ਵਿਸ਼ਵ ਪੱਧਰੀ ਵਿਵਸਥਾ, ਚੀਨ ਦੀ ਫੌਜੀ ਵਿਸਤਾਰ ਯੋਜਨਾ, ਉਸਦੀ ਦੀ ਹਮਲਾਵਰ ਸਾਈਬਰ ਮੁਹਿੰਮ ਅਤੇ 2024 ਦੀਆਂ ਅਮਰੀਕੀ ਰਾਸਟਰਪਤੀ ਚੋਣਾਂ ਨੂੰ ਪ੍ਰਭਾਵਿਤ ਕਰਨ ਦੀਆਂ ਸੰਭਾਵਿਤ ਕੋਸ਼ਿਸ਼ਾਂ ਨੂੰ ਉਜਾਗਰ ਕੀਤਾ ਗਿਆ ਹੈ। ਇਸ ਵਿਚ ਇਜਰਾਈਲ-ਹਮਾਸ ਜੰਗ ਅਤੇ ਰੂਸ-ਯੂਕ੍ਰੇਨ ਜੰਗ ਸਮੇਤ ਹੋਰਨਾਂ ਟਕਰਾਵਾਂ ਬਾਰੇ ਵੀ ਗੱਲ ਕੀਤੀ ਗਈ ਹੈ।

ਰਿਪੋਰਟ ਕਹਿੰਦੀ ਹੈ ਕਿ 2021 ਦੀ ਸ਼ੁਰੂਆਤ 'ਚ ਕੰਟਰੋਲ ਰੇਖਾ (ਐੱਲ.ਓ.ਸੀ) 'ਤੇ ਪਾਕਿਸਤਾਨ ਨਾਲ ਜੰਗਬੰਦੀ ਦੇ ਬਾਅਦ ਸ਼ਾਂਤੀ ਨਾਲ ਸਾਂਤੀ ਬਣੀ ਹੋਈ ਹੈ। ਇਸ ਵਿਚ ਚਿਤਾਵਨੀ ਦਿੱਤੀ ਗਈ ਹੈ ਕਿ ਇਸਲਾਮਾਬਾਦ ਦੀ ਕਿਸੇ ਵੀ ਤਰ੍ਹਾਂ ਦੀ ਭੜਕਾਹਟ ਨਾਲ ਦੋਵਾਂ ਗੁਆਂਢੀਆਂ ਵਿਚਾਲੇ ਹਥਿਆਰਬੰਦ ਟਕਰਾਅ ਹੋ ਸਕਦਾ ਹੈ। ਇਕ ਹੋਰ ਮੀਡੀਆ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਕੇਂਦਰ ਸਰਕਾਰ ਨੂੰ ਮੁਹੱਈਆ ਕਰਵਾਈ ਗਈ ਖੁਫੀਆ ਜਾਣਕਾਰੀ ਦੇ ਅਨੁਸਾਰ ਭਾਰਤ ਨੇ ਕਥਿਤ ਤੌਰ 'ਤੇ 2020 ਵਿਚ ਲੱਦਾਖ ਵਿਚ ਲਗਭਗ 1,000 ਵਰਗ ਕਿਲੋਮੀਟਰ ਇਲਾਕਾ ਚੀਨੀ ਕੰਟਰੋਲ ਵਿਚ ਗੁਆ ਦਿੱਤਾ ਹੈ। ਉਦੋਂ ਤੋਂ ਲੈ ਕੇ ਹੁਣ ਤੱਕ ਦੋਵਾਂ ਦੇਸਾਂ ਵਿਚਾਲੇ 28 ਦੌਰ ਦੀ ਗੱਲਬਾਤ ਇਸ ਅੜਿੱਕੇ ਨੂੰ ਹਲ ਕਰਨ ਵਿਚ ਅਸਫਲ ਰਹੀ ਹੈ। ਚੀਨ ਨੇ ਜਨਤਕ ਤੌਰ 'ਤੇ ਅਰੁਣਾਚਲ ਪ੍ਰਦੇਸ ਦੇ ਕੁਝ ਹਿੱਸਿਆਂ 'ਤੇ ਆਪਣਾ ਦਾਅਵਾ ਪ੍ਰਗਟਾਇਆ ਹੈ। ਕੁੱਝ ਸ਼ਹਿਰਾਂ ਦਾ ਨਾਂ ਬਦਲ ਦਿੱਤਾ ਹੈ, ਭਾਰਤੀ ਫੌਜੀਆਂ ਦੇ ਨਾਲ ਸਰੀਰਕ ਟਕਰਾਅ ਦੇ ਵੇਰਵੇ ਕਦੇ ਵੀ ਜਨਤਕ ਨਹੀਂ ਕੀਤੇ ਗਏ ਹਨ। ਰਿਪੋਰਟ 'ਚ ਅੱਗੇ ਕਿਹਾ ਗਿਆ ਹੈ ਕਿ ਚੀਨ ਸ਼ਕਤੀ ਦਿਖਾਉਣ ਅਤੇ ਵਿਦੇਸ਼ ਵਿਚ ਚੀਨ ਦੇ ਹਿਤਾਂ ਦੀ ਰੱਖਿਆ ਕਰਨ ਦੀ ਆਪਣੀ ਕੋਸ਼ਿਸ਼ ਵਿਚ ਸ੍ਰੀਲੰਕਾ ਅਤੇ ਪਾਕਿਸਤਾਨ ਸਮੇਤ ਕਈ ਥਾਵਾਂ 'ਤੇ ਵਿਦੇਸੀ ਫੌਜੀ ਅੱਡੇ ਸਥਾਪਤ ਕਰਨਾ ਚਾਹੁੰਦਾ ਹੈ। ਹਾਲਾਂਕਿ ਦੋਵੇਂ ਧਿਰਾਂ 2020 ਦੇ ਬਾਅਦ ਤੋਂ ਮਹੱਤਵਪੂਰਨ ਸਰਹੱਦ-ਪਾਰ ਝੜਪਾਂ 'ਚ ਸਾਮਲ ਨਹੀਂ ਹੋਈਆਂ ਹਨ, ਹਾਲਾਂ ਕਿ ਦੋਵਾਂ ਧਿਰਾਂ ਨੇ ਵੱਡੀ ਗਿਣਤੀ ਵਿਚ ਫੌਜ ਨੂੰ ਤਾਇਨਾਤ ਕਰ ਰੱਖਿਆ ਹੈ। ਮਈ 2020 ਵਿਚ ਅਸਲ ਕੰਟਰੋਲ ਰੇਖਾ (ਐੱਲ. ਏ. ਸੀ.) ਦੇ ਲੱਦਾਖ ਸੈਕਟਰ ਵਿਚ ਚੀਨ ਦੇ ਨਾਲ ਫੌਜੀ ਅੜਿੱਕਾ ਸ਼ੁਰੂ ਹੋਣ ਦੇ ਬਾਅਦ ਤੋਂ ਭਾਰਤ ਅਤੇ ਚੀਨ ਦੋਵਾਂ ਨੇ ਸਰਹੱਦ ਦੇ ਕੋਲ ਮੁੱਢਲਾ ਢਾਂਚਾ ਪ੍ਰਾਜੈਕਟਾਂ 'ਤੇ ਯਤਨ ਤੇਜ ਕਰ ਦਿੱਤੇ ਹਨ।

# ਲੋਕ ਸਭਾ ਚੋਣਾਂ 2024 : ਪੰਜਾਬ ਦੇ ਮੁੱਖ ਚੋਣ ਅਧਿਕਾਰੀ ਵਲੋਂ ਚੋਣ ਪ੍ਰੋਗਰਾਮ ਜਾਰੀ

ਚੰਡੀਗੜ੍ਹ, 17 ਮਾਰਚ : ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ. ਨੇ ਪੰਜਾਬ ਰਾਜ ਲਈ ਲੋਕ ਸਭਾ ਚੋਣਾਂ 2024 ਦਾ ਚੋਣ ਪ੍ਰੋਗਰਾਮ ਜਾਰੀ ਕਰ ਦਿੱਤਾ ਹੈ। ਇਸ ਸਬੰਧੀ ਅਹਿਮ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਚੋਣਾਂ ਲਈ ਗਜਟ ਨੋਟੀਫਿਕੇਸਨ 7 ਮਈ, 2024 (ਮੰਗਲਵਾਰ) ਨੂੰ ਜਾਰੀ ਕੀਤਾ ਜਾਣਾ ਤੈਅ ਹੋਇਆ ਹੈ। ਨਾਮਜਦਗੀਆਂ ਲਈ ਆਖਰੀ 14 ਮਈ, 2024 (ਮੰਗਲਵਾਰ) ਨਿਰਧਾਰਿਤ ਕੀਤੀ ਗਈ ਹੈ, ਜਦੋਂ ਕਿ ਨਾਮਜਦਗੀਆਂ ਦੀ ਪੜਤਾਲ 15 ਮਈ, 2024 (ਬੁੱਧਵਾਰ) ਨੂੰ ਹੋਵੇਗੀ। ਉਮੀਦਵਾਰ 17 ਮਈ, 2024 (ਸੁੱਕਰਵਾਰ) ਤੱਕ ਆਪਣੀਆਂ ਨਾਮਜਦਗੀਆਂ ਵਾਪਸ ਲੈ ਸਕਦੇ ਹਨ। ਪੰਜਾਬ ਵਿੱਚ 1 ਜੂਨ, 2024 (ਸਨੀਵਾਰ) ਨੂੰ ਵੋਟਾਂ ਪੈਣਗੀਆਂ, ਜਦੋਂ ਕਿ ਪੰਜਾਬ ਸਮੇਤ ਪੂਰੇ ਦੇਸ ਵਿੱਚ 4 ਜੂਨ, 2024 (ਮੰਗਲਵਾਰ) ਨੂੰ ਵੋਟਾਂ ਦੀ ਗਿਣਤੀ ਕੀਤੀ ਜਾਵੇਗੀ। ਚੋਣਾਂ ਦੇ ਮੁਕੰਮਲ ਹੋਣ ਦੀ ਆਖਰੀ ਮਿਤੀ 6 ਜੂਨ, 2024 (ਵੀਰਵਾਰ) ਹੈ। ਸਿਬਿਨ ਸੀ ਨੇ ਦੱਸਿਆ ਕਿ ਭਾਰਤੀ ਚੋਣ ਕਮਿਸਨ ਵੱਲੋਂ 16 ਮਾਰਚ, 2024 ਨੂੰ ਚੋਣ ਪ੍ਰੋਗਰਾਮ ਐਲਾਨੇ ਜਾਣ ਤੋਂ ਬਾਅਦ, ਪੰਜਾਬ ਰਾਜ ਵਿੱਚ ਆਦਰਸ ਚੋਣ ਜਾਬਤਾ (ਐੱਮ. ਸੀ. ਸੀ.) ਤੁਰੰਤ ਪ੍ਰਭਾਵ ਨਾਲ ਲਾਗੂ ਕਰ ਦਿੱਤਾ ਗਿਆ ਹੈ। ਇਹ ਆਦਰਸ ਚੋਣ ਜਾਬਤਾ ਸਾਰੇ ਉਮੀਦਵਾਰਾਂ, ਸਿਆਸੀ ਪਾਰਟੀਆਂ, ਰਾਜ ਸਰਕਾਰ ਦੇ ਨਾਲ-ਨਾਲ ਕੇਂਦਰ ਸਰਕਾਰ 'ਤੇ ਵੀ ਲਾਗੂ ਹੋਵੇਗਾ। ਉਨ੍ਹਾਂ ਨੇ ਦੱਸਿਆ ਕਿ ਚੋਣ ਜਾਬਤੇ ਸਬੰਧੀ ਮੈਨੂਅਲ ਦੀ ਕਾਪੀ ਭਾਰਤੀ ਚੋਣ ਕਮਿਸਨ ਦੇ ਵੈੱਬਸਾਈਟ ਲਿੰਕ ਤੋਂ ਡਾਊਨਲੋਡ ਕੀਤੀ ਜਾ ਸਕਦੀ ਹੈ। ਮੁੱਖ ਚੋਣ ਅਧਿਕਾਰੀ ਨੇ ਅੱਗੇ ਦੱਸਿਆ ਕਿ ਭਾਰਤ ਦੇ ਚੋਣ ਕਮਿਸਨ ਦੀਆਂ ਹਦਾਇਤਾਂ ਮੁੱਖ ਸਕੱਤਰ ਰਾਹੀਂ ਮੁੱਖ ਮੰਤਰੀ, ਸਾਰੇ ਮੰਤਰੀਆਂ, ਸਪੀਕਰ, ਡਿਪਟੀ ਸਪੀਕਰ, ਸਾਰੇ ਵਧੀਕ ਮੁੱਖ ਸਕੱਤਰਾਂ, ਵਿੱਤ ਕਮਿਸਨਰਾਂ, ਪ੍ਰਮੁੱਖ ਸਕੱਤਰਾਂ, ਸਕੱਤਰਾਂ, ਸਾਰੇ ਵਿਭਾਗਾਂ ਦੇ ਮੁਖੀਆਂ, ਪੰਜਾਬ ਦੇ ਸਾਰੇ ਬੋਰਡਾਂ, ਕਾਰਪੋਰੇਸਨਾਂ ਅਤੇ ਅਥਾਰਟੀਆਂ ਦੇ ਚੇਅਰਮੈਨਾਂ ਅਤੇ ਮੈਨੇਜਿੰਗ ਡਾਇਰੈਕਟਰਾਂ ਨੂੰ ਭੇਜ ਦਿੱਤੀਆਂ ਗਈਆਂ ਹਨ ਤਾਂ ਜੋ ਇਨ੍ਹਾਂ ਦੀ ਇੰਨ- ਬਿੰਨ ਤੇ ਸਖਤੀ ਨਾਲ ਪਾਲਣਾ ਕੀਤੀ ਜਾ ਸਕੇ।

## ਕੋਡ ਆਫ ਕੰਡਕਟ ਲਾਗੂ ਹੁੰਦੇ ਹੀ ਸਿਆਸੀ ਪਾਰਟੀਆਂ ਦੇ ਨਾਜਾਇਜ਼ ਹੋਰਡਿੰਗ ਹਟਾਉਣ ਫੀਲਡ 'ਚ ਉਤਰੀ ਟੀਮ

ਲੁਧਿਆਣਾ, 17 ਮਾਰਚ : ਲੋਕ ਸਭਾ ਚੋਣਾਂ ਲਈ ਸ਼ਡਿਊਲ ਦੇ ਐਲਾਨ ਦੇ ਨਾਲ ਕੋਡ ਆਫ ਕੰਡਕਟ ਲਾਗੂ ਹੁੰਦੇ ਹੀ ਨਗਰ ਨਿਗਮ ਦੀ ਟੀਮ ਸਿਆਸੀ ਪਾਰਟੀਆਂ ਦੇ ਨਾਜਾਇਜ਼ ਹੋਰਡਿੰਗ ਹਟਾਉਣ ਲਈ ਫੀਲਡ 'ਚ ਉਤਰੀ। ਇਸ ਦੌਰਾਨ ਵਿਰੋਧੀਆਂ ਦੇ ਨਾਲ ਸੱਤਾ ਪੱਖ ਦੇ ਨੇਤਾਵਾਂ ਦੀਆਂ ਫੋਟੋਆਂ ਵਾਲੇ ਸਿਆਸੀ ਅਤੇ ਧਾਰਮਿਕ ਹੋਰਡਿੰਗ ਵੀ ਉਤਾਰ ਦਿੱਤੇ ਗਏ ਹਨ, ਜਦੋਂਕਿ ਇਸ ਤੋਂ ਪਹਿਲਾਂ ਵਿਰੋਧੀਆਂ ਦੇ ਹੋਰਡਿੰਗ ਇਸ ਲਈ ਹਟਾਏ ਜਾਂਦੇ ਸੀ ਕਿ ਉਨ੍ਹਾਂ ਵੱਲੋਂ ਸੱਤਾ ਪੱਖ ਦੇ ਨੇਤਾਵਾਂ ਦੇ ਹੋਰਡਿੰਗ ਹਟਾਉਣ ਦਾ ਹਵਾਲਾ ਦਿੰਦੇ ਹੋਏ ਵਿਰੋਧ ਕੀਤਾ ਜਾਂਦਾ ਸੀ ਪਰ ਹੁਣ ਸਾਰਿਆਂ ਨੂੰ ਹੋਰਡਿੰਗ ਹਟਾਉਣ ਲਈ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਦਾ ਹਵਾਲਾ ਦਿੱਤਾ ਗਿਆ ਹੈ, ਜਿਸ ਦੀ ਰੈਗੂਲਰ ਰਿਪੋਰਟ ਡੀ. ਸੀ. ਨੂੰ ਭੇਜੀ ਜਾਵੇਗੀ। ਭਾਵੇਂ ਨਗਰ ਨਿਗਮ ਵੱਲੋਂ ਸਿਆਸੀ ਪਾਰਟੀਆਂ ਦੇ ਹੋਰਡਿੰਗ ਹਟਾਉਣ ਲਈ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਦਾ ਹਵਾਲਾ ਦਿੱਤਾ ਜਾ ਰਿਹਾ ਹੈ ਪਰ ਇਸ ਦੌਰਾਨ ਭਾਜਪਾ ਨੇਤਾ ਵੱਲੋਂ ਪਿਕ ਐਂਡ ਚੂਜ ਤਹਿਤ ਕਾਰਵਾਈ ਕਰਨ ਦੇ ਦੋਸ਼ ਲਾਉਂਦੇ ਹੋਏ ਕੀਤੇ ਵਿਰੋਧ ਦੀ ਵਜ੍ਹਾ ਨਾਲ ਜ਼ੋਨ ਬੀ ਦੇ ਏਰੀਏ 'ਚ ਕਾਫੀ ਹੰਗਾਮਾ ਹੋਇਆ। ਇਸ ਸਬੰਧ 'ਚ ਤਹਿਬਾਜ਼ਾਰੀ ਵਿੰਗ ਦੇ ਮੁਲਾਜਮਾਂ ਦਾ ਕਹਿਣਾ ਹੈ ਕਿ ਈਸਾ ਨਗਰ ਪੁਲੀ ਦੇ ਨੇੜੇ ਹੋਰਡਿੰਗ ਹਟਾਉਣ ਦਾ ਸਾਬਕਾ ਕੌਂਸਲਰ ਅਤੇ ਉਨ੍ਹਾਂ ਦੇ ਬੇਟੇ ਨੇ ਵਿਰੋਧ ਕੀਤਾ ਅਤੇ ਹੱਥੋਪਾਈ ਕੀਤੀ ਗਈ, ਜਿਸ ਨੂੰ ਲੈ ਕੇ ਸੂਚਨਾ ਮਿਲਣ 'ਤੇ ਪੁਲਸ ਵੀ ਮੌਕੇ 'ਤੇ ਪੁੱਜ ਗਈ ਅਤੇ ਜਿਨ੍ਹਾਂ ਨੂੰ ਨਗਰ ਨਿਗਮ ਮੁਲਾਜ਼ਮਾਂ ਵੱਲੋਂ ਹੋਰਡਿੰਗ ਹਟਾਉਣ ਦੀ ਕਾਰਵਾਈ ਕੀਤੀ ਵੀਡੀਓਗ੍ਰਾਫੀ ਲਈ ਰੱਖੇ ਗਏ ਕੈਮਰੇ ਦੀ ਚਿਪ ਕੱਢਵਾਉਣ ਦੇ ਦੋਸ਼ 'ਚ ਸ਼ਿਕਾਇਤ ਦੇਣ ਦੀ ਗੱਲ ਕਹੀ ਗਈ ਹੈ।

# ਪੰਜਾਬ ਪੁਲਸ ਨੂੰ ਮਿਲੀ ਸਫਲਤਾ, ਵੱਡੀ ਮਾਤਰਾ 'ਚ ਹੈਰੋਇਨ ਤੇ ਡਰੋਨ ਸਮੇਤ ਛੇ ਗ੍ਰਿਫਤਾਰ

ਦੀਨਾਨਗਰ, 17 ਮਾਰਚ : ਸਰਹੱਦੀ ਖੇਤਰ ਅੰਦਰ ਪੁਲਸ ਨੇ ਡਰੋਨ ਰਾਹੀਂ ਪਾਕਿਸਤਾਨ ਤੋਂ ਹੈਰੋਇਨ ਮੰਗਵਾਉਣ ਵਾਲੇ 6 ਸਮੱਗਲਰਾਂ ਨੂੰ ਗ੍ਰਿਫ਼ਤਾਰ ਕਰਕੇ ਵੱਡੀ ਸਫਲਤਾ ਹਾਸਲ ਕੀਤੀ ਹੈ। ਇਨ੍ਹਾਂ 'ਚੋਂ ਇੱਕ ਕੋਲੋਂ ਇੱਕ ਪਾਕਿਸਤਾਨ ਵਲੋਂ ਭੇਜਿਆ ਗਿਆ ਡਰੋਨ ਵੀ ਬਰਾਮਦ ਕੀਤਾ ਗਿਆ ਹੈ। ਇਨ੍ਹਾਂ ਤਸਕਰਾਂ ਕੋਲੋਂ 875 ਗ੍ਰਾਮ ਹੈਰੋਇਨ, ਇੱਕ ਪਿਸਤੌਲ, 4 ਬੰਦੂਕਾਂ, 3 ਲੱਖ ਰੁਪਏ ਦੀ ਡਰੱਗ ਮਨੀ ਅਤੇ ਇੱਕ ਕਾਰ ਬਰਾਮਦ ਕੀਤੀ ਗਈ ਹੈ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐੱਸ.ਪੀ (ਡੀ) ਗੁਰਦਾਸਪੁਰ ਬਲਵਿੰਦਰ ਸਿੰਘ ਰੰਧਾਵਾ ਨੇ ਦੱਸਿਆ ਕਿ ਮਾਨਯੋਗ ਡਾਇਰੈਕਟਰ ਜਨਰਲ ਪੁਲਸ ਪੰਜਾਬ ਵੱਲੋਂ ਦਿੱਤੇ ਗਏ ਦਿਸਾ-ਨਿਰਦੇਸਾ ਤਹਿਤ ਨਸ਼ਿਆਂ ਖ਼ਿਲਾਫ ਵਿਸੇਸ ਮੁਹਿੰਮ ਚਲਾਈ ਗਈ ਹੈ। ਇਸ ਮੁਹਿੰਮ ਦੌਰਾਨ 8 ਮਾਰਚ ਨੂੰ ਥਾਣਾ ਬਹਿਰਾਮਪੁਰ ਦੇ ਪਿੰਡ ਚੱਕ ਰਾਮ ਸਹਾਏ ਦੇ ਵਾਸੀਆਂ ਵੱਲੋਂ ਦਿੱਤੀ ਸੂਚਨਾ ਦੇ ਆਧਾਰ ਤੇ ਪਿੰਡ ਮਾਮੂਵਾਲ ਵਿਖੇ ਬੀ.ਐੱਸ.ਐੱਫ ਅਤੇ ਪੁਲਸ ਕਰਮਚਾਰੀਆਂ ਨਾਲ ਵਿਸੇਸ ਸਰਚ ਅਭਿਆਨ ਚਲਾਇਆ ਗਿਆ ਸੀ। ਸਰਚ ਦੌਰਾਨ ਖੇਤਾਂ ਵਿੱਚੋ ਇੱਕ ਪੈਕਟ ਹੈਰੋਇਨ ਵਜਨੀ 470 ਗ੍ਰਾਮ ਬਰਾਮਦ ਹੋਈ। ਜਿਸ ਤੇ ਥਾਣਾ ਬਹਿਰਾਮਪੁਰ ਵਿਖੇ ਨਾ-ਮਲੂਮ ਵਿਅਕਤੀ ਖ਼ਿਲਾਫ ਰਜਿਸਟਰ ਕੀਤਾ ਗਿਆ।

9 ਮਾਰਚ ਨੂੰ ਮੁੱਖ ਅਫਸਰ ਥਾਣਾ ਦੋਰਾਂਗਲਾ ਨੂੰ ਮਿਲੀ ਗੁਪਤ ਸੂਚਨਾ ਦੇ ਅਧਾਰ ਤੇ ਹਾਈਟੈੱਕ ਨਾਕਾ ਬੱਬਰੀ ਬਾਈਪਾਸ ਗੁਰਦਾਸਪੁਰ ਤੋਂ ਅੰਮ੍ਰਿਤਸਰ ਸਾਈਡ ਤੋਂ ਆ ਰਹੀ ਵਰਨਾ ਕਾਰ ਨੂੰ ਰੋਕ ਕੇ ਚੈਕਿੰਗ ਕੀਤੀ ਗਈ ਤਾਂ ਕਾਰ ਸਵਾਰ ਗੁਰਜੀਤ ਸਿੰਘ ਉਰਫ



ਕਾਲੂ ਪੁੱਤਰ ਲਖਬੀਰ ਸਿੰਘ ਅਤੇ ਸਤਨਾਮ ਸਿੰਘ ਪੁੱਤਰ ਮੁਖਤਿਆਰ ਸਿੰਘ ਵਾਸੀਆਨ ਮਲੂਕ ਚੱਕ ਪਾਸੋਂ 405 ਗ੍ਰਾਮ ਹੈਰੋਇਨ, ਇੱਕ ਪਿਸਟਲ 30 ਬੋਰ ਸਮੇਤ 4 ਰੌਂਦ ਜਿੰਦਾ ਬਰਾਮਦ ਕਰਕੇ ਕਾਬੂ ਕੀਤਾ। ਦੋਸੀਆਂ ਵੱਲੋਂ ਫਰਦ ਇੰਕਸਾਫ ਕਰਨ ਤੇ ਇਨ੍ਹਾਂ ਪਾਸੋਂ ਇੱਕ ਲੱਖ ਰੁਪਏ ਡਰੱਗ ਮਨੀ ਅਤੇ ਇੱਕ ਡਰੋਨ ਬਰਾਮਦ ਕੀਤਾ। ਦੋਸੀਆਂ ਦੀ ਪੁੱਛ-ਗਿੱਛ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਥਾਣਾ ਬਹਿਰਾਮਪੁਰ ਵਿੱਚ ਦਰਜ ਉਕਤ ਮੁਕੱਦਮਾ ਵਿੱਚ ਬਰਾਮਦ 470 ਗ੍ਰਾਮ ਹੈਰੋਇਨ ਵੀ ਇਨ੍ਹਾਂ ਦੋਸੀਆਂ ਵੱਲੋਂ ਪਾਕਿਸਤਾਨ ਤੋਂ ਡਰੋਨ ਰਾਹੀਂ ਮੰਗਵਾਈ ਸੀ। ਉਨ੍ਹਾਂ ਦੱਸਿਆ ਕਿ ਤਫਤੀਸ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਜੋ ਇਹ ਦੋਸੀ ਹੈਰੋਇਨ ਅੱਗੇ ਹਰਪ੍ਰੀਤ ਸਿੰਘ ਉਰਫ ਹੈਪੀ ਪੁੱਤਰ ਗੁਰਪਾਲ ਸਿੰਘ ਵਾਸੀ ਦੋਸਤਪੁਰ ਨੂੰ ਸਪਲਾਈ ਕਰਦੇ ਸਨ, ਜਿਸ ਨੂੰ ਮੁਕੱਦਮਾ ਵਿੱਚ ਨਾਮਜਦ ਕਰਕੇ 2 ਲੱਖ ਰੁਪਏ ਡਰੱਗ ਮਨੀ ਸਮੇਤ ਗ੍ਰਿਫਤਾਰ ਕੀਤਾ ਗਿਆ ਹੈ। ਇਸ ਤੋਂ ਇਲਾਵਾ ਇਨ੍ਹਾਂ ਦੋਸੀਆਂ ਨੇ ਪੁੱਛ-ਗਿੱਛ ਦੌਰਾਨ ਦੱਸਿਆ ਕਿ ਉਹ ਇਸ ਸਾਰਾ ਰੈਕਟ ਹਰਮੀਤ ਸਿੰਘ ਪੁੱਤਰ ਮੋਹਨ ਸਿੰਘ ਵਾਸੀ ਖਵਾਜਾ ਬਰਦੰਗ ਅਤੇ ਰਣਯੋਧ ਸਿੰਘ ਉਰਫ ਢਿੱਲੋਂ ਦੀ ਸਹਾਇਤਾ ਨਾਲ ਦੋਸੀ ਹਰਜੀਤ ਸਿੰਘ ਉਰਫ ਜੀਤਾ ਪੁੱਤਰ ਚੈਂਚਲ ਸਿੰਘ ਵਾਸੀ ਟਾਹਲੀ ਸਾਹਿਬ ਜੋ ਇਸ ਸਮੇਂ ਅੰਮ੍ਰਿਤਸਰ ਜੇਲ੍ਹ ਵਿੱਚ ਅਤੇ ਸੁਰਿੰਦਰ ਸਿੰਘ ਉਰਫ ਕਾਲਾ ਪੁੱਤਰ ਹਰਦੇਵ ਸਿੰਘ ਵਾਸੀ ਪੁਲਾਹੀ ਹੁਸ਼ਿਆਰਪੁਰ ਜੋ ਫਰੀਦਕੋਟ ਜੇਲ੍ਹ ਵਿੱਚ ਬੰਦ ਹੈ, ਦੇ ਕਹਿਣ 'ਤੇ ਚਲਾਉਂਦੇ ਸਨ। ਦੋਸੀ ਹਰਮੀਤ ਸਿੰਘ ਅਤੇ ਰਣਯੋਧ ਸਿੰਘ ਉਰਫ ਢਿੱਲੋ ਨੂੰ ਮੁਕੱਦਮਾ ਵਿੱਚ ਦੋਸੀ ਨਾਮਜਦ ਕਰਕੇ ਗ੍ਰਿਫਤਾਰ ਕੀਤਾ ਗਿਆ। ਦੋਸ਼ੀ ਹਰਜੀਤ ਸਿੰਘ ਉਰਫ ਜੀਤਾ ਨੂੰ ਜੇਲ੍ਹ ਵਿੱਚੋ ਪ੍ਰੋਡੰਕਸਨ ਵਰੰਟ ਤੇ ਲਿਆ ਕੇ ਗ੍ਰਿਫਤਾਰ ਕੀਤਾ ਅਤੇ ਉਸ ਪਾਸੋ ਇੱਕ ਮੋਬਾਇਲ ਬਰਾਮਦ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਦੇ ਇੱਕ ਹੋ ਸਾਥੀ ਸੁਰਿੰਦਰ ਸਿੰਘ ਉਰਫ ਕਾਲਾ ਦੀ ਭਾਲ ਜਾਰੀ ਹੈ। ਇਸ ਮੌਕੇ ਡੀ. ਐੱਸ. ਪੀ. ਦੀਨਾਨਗਰ ਸੁਖਵਿੰਦਰਪਾਲ ਸਿੰਘ, ਥਾਣਾ ਮੁਖੀ ਦੌਰਾਂਗਲਾ ਦਵਿੰਦਰ ਕੁਮਾਰ ਸਮੇਤ ਵੱਡੀ ਗਿਣਤੀ ਵਿਚ ਪੁਲਸ ਕਰਮਚਾਰੀ ਹਾਜਰ ਸਨ ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਵਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਫਰੀਦਕੋਟ ਤੋਂ ਉਮੀਦਵਾਰ ਕਰਮਜੀਤ ਅਨਮੋਲ ਪੁੱਜੇ ਬਾਘਾਪੁਰਾਣਾ, ਗੁਰਦੁਆਰਾ ਸਾਹਿਬ ਵਿਖੇ ਟੇਕਿਆ ਮੱਥਾ

ਬਾਘਾਪੁਰਾਣਾ, 17 ਮਾਰਚ : ਆਮ ਆਦਮੀ ਪਾਰਟੀ ਵਲੋਂ ਲੋਕ ਸਭਾ ਹਲਕਾ ਫਰੀਦਕੋਟ ਤੋਂ ਉਮੀਦਵਾਰ ਐਲਾਨੇ ਜਾਣ ਤੋਂ ਬਾਅਦ ਕਰਮਜੀਤ ਅਨਮੋਲ ਦਾ ਅੱਜ ਟੋਲ ਪਲਾਜਾ, ਗਿੱਲ, ਵਿਧਾਨ ਸਭਾ ਹਲਕਾ ਬਾਘਾਪੁਰਾਣਾ ਪਹੁੰਚਣ 'ਤੇ ਪਾਰਟੀ ਵਰਕਰਾਂ ਨੇ ਸੁਆਗਤ ਕੀਤਾ। ਕਾਰਾਂ, ਜੀਪਾਂ, ਮੋਟਰਸਾਈਕਲਾਂ, ਆਟੋ ਰਿਕਸ਼ਿਆ ਅਤੇ ਵੱਡੇ ਕਾਫਲੇ ਨਾਲ ਫੁੱਲਾਂ ਦੀ ਵਰਖਾ ਕਰਕੇ ਵਰਕਰਾਂ ਨੇ ਉਨ੍ਹਾਂ ਦਾ ਜੋਰਦਾਰ ਸਵਾਗਤ ਕੀਤਾ ਅਤੇ ਇਸ ਤੋਂ ਪਹਿਲਾਂ ਕਰਮਜੀਤ ਅਨਮੋਲ ਗੁਰਦੁਆਰਾ ਸਹੀਦ ਬਾਬਾ ਤੇਗਾ ਸਿੰਘ ਚੰਦ ਪੁਰਾਣਾ ਵਿਖੇ ਨਤਮਸਤਕ ਹੋਏ। ਉਨ੍ਹਾਂ ਨੇ ਗੁਰੂ-ਮਹਾਰਾਜ ਦਾ ਆਸੀਰਵਾਦ ਪ੍ਰਾਪਤ ਕੀਤਾ। ਕਰਮਜੀਤ ਅਨਮੋਲ ਨੇ ਬਾਘਾਪੁਰਾਣਾ ਦੇ



ਸਹੀਦ ਭਗਤ ਸਿੰਘ ਚੌਂਕ ਵਿੱਚ ਪੁੱਜਣ 'ਤੇ ਸ਼ਹੀਦ ਭਗਤ ਸਿੰਘ ਜੀ ਦੇ ਬੁੱਤ ਤੇ ਫੁੱਲ ਮਾਲਾਵਾਂ ਭੇਂਟ ਕੀਤੀਆ। ਉਮੀਦਵਾਰ ਕਰਮਜੀਤ ਅਨਮੋਲ ਦੇ ਨਾਲ ਧਰਮਕੋਟ ਦੇ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ, ਅਮਨਦੀਪ ਕੌਰ ਅਰੋੜਾ ਵਿਧਾਇਕ ਮੋਗਾ, ਮਨਜੀਤ ਸਿੰਘ ਬਿਲਾਸਪੁਰ ਵਿਧਾਇਕ ਨਿਹਾਲ ਸਿੰਘ ਵਾਲਾ, ਅੰਮ੍ਰਿਤਪਾਲ ਸਿੰਘ ਸੁਖਾਨੰਦ ਵਿਧਾਇਕ ਬਾਘਾਪੁਰਾਣਾ, ਚੇਅਰਮੈਨ ਹਰਮਨਦੀਪ ਸਿੰਘ ਦਿਦਾਰੇਵਾਲਾ , ਚੇਅਰਮੈਨ ਦੀਪਕ ਅਰੋੜਾ ਨਗਰ ਸੁਧਾਰ ਟਰੱਸਟ,ਰਮਨ ਮਿੱਤਲ ਰਿੰਪੀ ਅਤੇ ਪਵਨ ਗੁਪਤਾ, ਰਾਮ ਗੁਪਤਾ ਨੇ ਕਰਮਜੀਤ ਅਨਮੋਲ ਨੂੰ ਆਮ ਆਦਮੀ ਪਾਰਟੀ ਦੀ ਟਿਕਟ ਮਿਲਣ ਤੇ ਵਧਾਈ ਦਿੱਤੀ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ।

## ਅੰਮ੍ਰਿਤਸਰ 'ਚ ਕੋਡ ਆਫ ਕੰਡਕਟ ਲਾਗੂ, ਜਿਲ੍ਹਾ ਚੋਣ ਅਫਸਰ ਨੇ ਜਾਰੀ ਕੀਤੇ ਦਿਸ਼ਾ-ਨਿਰਦੇਸ਼

ਅੰਮ੍ਰਿਤਸਰ, 17 ਮਾਰਚ : ਕੇਂਦਰੀ ਚੋਣ ਕਮਿਸਨ ਦੀਆਂ ਹਦਾਇਤਾਂ ਅਨੁਸਾਰ ਅੰਮ੍ਰਿਤਸਰ ਜਿਿਲ੍ਹੇ 'ਚ ਵੀ ਲੋਕ ਸਭਾ ਚੋਣਾਂ ਲਈ ਕੋਡ ਆਫ ਕੰਡਕਟ ਲਾਗੂ ਹੋ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜਿਿਲ੍ਹਾ ਚੋਣ ਅਫਸਰ ਅਤੇ ਡਿਪਟੀ ਕਮਿਸਨਰ ਘਣਸਿ਼ਆਮ ਥੋਰੀ ਨੇ ਦੱਸਿਆ ਕਿ ਇਸ ਵਾਰ ਚੋਣਾਂ 'ਚ 19,67,466 ਵੋਟਰ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨਗੇ। ਹਾਲਾਂਕਿ ਨਾਮਜਦਗੀ ਪ੍ਰਕਿਰਿਆ ਸੂਰੂ ਹੋਣ ਤੋਂ ਸੱਤ ਦਿਨ ਪਹਿਲਾਂ ਤੱਕ ਨਵੀਆਂ ਵੋਟਾਂ ਬਣਾਉਣ ਦਾ ਕੰਮ ਜਾਰੀ ਰਹੇਗਾ। ਜੇਕਰ ਕੋਈ ਨਾਗਰਿਕ ਕਿਸੇ ਕਾਰਨ ਅਜੇ ਤੱਕ ਵੋਟ ਨਹੀਂ ਬਣਾ ਸਕਿਆ ਹੈ ਤਾਂ ਉਹ ਆਪਣੀ ਵੋਟ ਬਣਵਾ ਸਕਦਾ ਹੈ ਪਰ ਵੋਟ ਕੱਟਣ ਦਾ ਕੰਮ ਬੰਦ ਕਰ ਦਿੱਤਾ ਗਿਆ ਹੈ। ਚੋਣ ਸਬੰਧੀ ਜਾਣਕਾਰੀ ਲੈਣ ਲਈ ਟੋਲ ਫ੍ਰੀ ਨੰਬਰ 1950 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ। ਜਿ਼ਲ੍ਹਾ ਚੋਣ ਅਫਸਰ ਨੇ ਦੱਸਿਆ ਕਿ ਕੇਂਦਰੀ ਚੋਣ ਕਮਿਸਨ ਦੀਆਂ ਹਦਾਇਤਾਂ ਅਨੁਸਾਰ ਪੰਜਾਬ ਵਿਚ ਚੋਣਾਂ ਆਖਰੀ ਪੜਾਅ 'ਤੇ ਸੂਰੂ ਹੋਣਗੀਆਂ, ਇਸ ਲਈ ਨਾਮਜਦਗੀਆਂ ਦਾਖਲ ਕਰਨ ਦਾ ਕੰਮ 7 ਮਈ ਤੋਂ ਸੁਰੂ ਹੋ ਜਾਵੇਗਾ, ਜੋ ਕਿ 14 ਮਈ ਤੱਕ ਜਾਰੀ ਰਹੇਗਾ ਅਤੇ 15 ਮਈ ਨੂੰ ਨਾਮਜਦਗੀਆਂ ਦੀ ਪੜਤਾਲ ਕੀਤੀ ਜਾਵੇਗੀ ਅਤੇ 17 ਮਈ ਤੱਕ ਨਾਮਜਦਗੀਆਂ ਵਾਪਸ ਕੀਤੀਆਂ ਜਾ ਸਕਦੀਆਂ ਹਨ। 1 ਜੂਨ ਨੂੰ ਵੋਟਾਂ ਪੈਣਗੀਆਂ



ਅਤੇ 4 ਜੂਨ ਨੂੰ ਵੋਟਾਂ ਦੀ ਗਿਣਤੀ ਸੁਰੂ ਹੋਵੇਗੀ। ਜਿਲ੍ਹਾ ਚੋਣ ਅਫਸਰ ਨੇ ਦੱਸਿਆ ਕਿ ਚੋਣ ਕਮਿਸਨ ਦੀਆਂ ਹਦਾਇਤਾਂ ਅਨੁਸਾਰ ਇਸ ਵਾਰ ਚੋਣ ਲੜਨ ਵਾਲੇ ਉਮੀਦਵਾਰ 95 ਲੱਖ ਰੁਪਏ ਤੱਕ ਖਰਚ ਕਰ ਸਕਣਗੇ। ਜਨਰਲ ਵਰਗ ਲਈ ਨਾਮਜਦਗੀ ਫੀਸ 25 ਹਜਾਰ ਰੁਪਏ ਰੱਖੀ ਗਈ ਹੈ, ਜਦਕਿ ਰਿਜਰਵ ਸ੍ਰੇਣੀ ਲਈ ਨਾਮਜਦਗੀ ਫੀਸ 12.5 ਹਜਾਰ ਰੁਪਏ ਰੱਖੀ ਗਈ ਹੈ। ਇਸ ਵਾਰ 85 ਸਾਲ ਤੋਂ ਵੱਧ ਉਮਰ ਦੇ ਅਤੇ ਅਪੰਗ ਵਿਅਕਤੀ ਵੀ ਘਰ ਬੈਠੇ ਹੀ ਆਪਣੀ ਵੋਟ ਪਾ ਸਕਣਗੇ, ਜਿਨ੍ਹਾਂ ਦੀ ਗਿਣਤੀ ਕ੍ਰਮਵਾਰ 18348 ਅਤੇ 16946 ਹੈ, ਜਦਕਿ ਜਿ਼ਲ੍ਹੇ 'ਚ 72 ਟਰਾਂਸਜੈਂਡਰ ਵੋਟਰ ਵੀ ਹਨ। ਜ਼ਿਲ੍ਹਾ ਚੋਣ ਅਫਸਰ ਨੇ ਦੱਸਿਆ ਕਿ ਜਿ਼ਲ੍ਹੇ 'ਚ 1122 ਥਾਵਾਂ 'ਤੇ 2126 ਪੋਲਿੰਗ ਬੂਥ ਬਣਾਏ ਗਏ ਹਨ ਅਤੇ ਹਰ ਵਿਧਾਨ ਸਭਾ ਹਲਕੇ 'ਚ 10 ਆਧੁਨਿਕ ਬੂਥ ਵੀ ਬਣਾਏ ਗਏ ਹਨ, ਜਿੱਥੇ ਵੋਟਰਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਮਿਲਣਗੀਆਂ। ਉਨ੍ਹਾਂ ਕਿਹਾ ਕਿ ਚੋਣ ਜਾਬਤਾ ਲਾਗੂ ਹੋਣ ਕਾਰਨ ਹਰ ਸਰਕਾਰੀ ਦਫਤਰ 'ਚ ਸਰਕਾਰੀ ਚੋਣ ਪ੍ਰਚਾਰ ਸਮੱਗਰੀ ਨੂੰ ਹਟਾਉਣ ਦਾ ਕੰਮ ਸੂਰੂ ਕਰ ਦਿੱਤਾ ਗਿਆ ਹੈ ਅਤੇ ਇਸ ਨੂੰ 24 ਘੰਟਿਆਂ 'ਚ ਮੁਕੰਮਲ ਕਰ ਲਿਆ ਜਾਵੇਗਾ। ਵੱਖ-ਵੱਖ ਥਾਵਾਂ 'ਤੇ ਲਗਾਏ ਗਏ ਸਿਆਸੀ ਪਾਰਟੀਆਂ ਦੇ ਹੋਰਡਿੰਗਜ ਨੂੰ ਹਟਾਉਣ ਦਾ ਕੰਮ ਵੀ ਸੂਰੂ ਕਰ ਦਿੱਤਾ ਗਿਆ ਹੈ। ਜਿ਼ਲ੍ਹਾ ਚੋਣ ਅਫਸਰ ਨੇ ਦੱਸਿਆ ਕਿ ਜਿ਼ਲੇ ਵਿਚ 99 ਫਲਾਇੰਗ ਸਕੁਐਡ ਤਾਇਨਾਤ ਕੀਤੇ ਗਏ ਹਨ ਅਤੇ ਜਾਂਚ ਪੜਤਾਲ ਦਾ ਕੰਮ 24 ਘੰਟੇ ਜਾਰੀ ਰਹੇਗਾ। ਇਸ ਤੋਂ ਇਲਾਵਾ ਜੇਕਰ ਕੋਈ ਚਾਰਟਰਡ ਜਹਾਜ ਹਵਾਈ ਅੱਡੇ 'ਤੇ ਉਤਰਦਾ ਹੈ ਤਾਂ ਉਸ ਦੀ ਵੀ ਚੋਣ ਕਮਿਸਨ ਦੀਆਂ ਹਦਾਇਤਾਂ ਅਨੁਸਾਰ ਤਲਾਸੀ ਲਈ ਜਾਵੇਗੀ। ਜ਼ਿਲ੍ਹਾ ਚੋਣ ਅਫਸਰ ਨੇ ਦੱਸਿਆ ਕਿ ਜਾਬਤੇ ਕਾਰਨ ਸਹਿਰ ਅਤੇ ਦਿਹਾਤੀ ਪੁਲਸ ਵੱਲੋਂ ਵੀ ਲਾਇਸੈਂਸੀ ਹਥਿਆਰ ਜਮ੍ਹਾ ਕਰਵਾਉਣ ਦਾ ਕੰਮ ਸੂਰੂ ਕਰ ਦਿੱਤਾ ਗਿਆ ਹੈ ਅਤੇ ਵੱਡੀ ਗਿਣਤੀ 'ਚ ਲੋਕ ਲਾਇਸੈਂਸੀ ਹਥਿਆਰ ਜਮ੍ਹਾ ਕਰਵਾ ਰਹੇ ਹਨ। ਪ੍ਰਸਾਸਨ ਵੱਲੋਂ ਦਿੱਤੇ ਗਏ ਅੰਕੜਿਆਂ ਅਨੁਸਾਰ ਸਹਿਰਾਂ ਦੇ ਮੁਕਾਬਲੇ ਦਿਹਾਤੀ ਖੇਤਰਾਂ 'ਚ ਲਾਇਸੈਂਸੀ ਹਥਿਆਰਾਂ ਦੀ ਗਿਣਤੀ ਜਿ਼ਆਦਾ ਹੈ। ਚੋਣ ਜਾਬਤੇ ਦੇ ਐਲਾਨ ਤੋਂ ਬਾਅਦ ਜਿ਼ਲਾ ਚੋਣ ਅਫਸਰ ਵੱਲੋਂ ਪ੍ਰਿੰਟਿੰਗ ਪ੍ਰੈੱਸ ਮਾਲਕਾਂ, ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਅਤੇ ਬੈਂਕ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ, ਜਿਸ 'ਚ ਦੱਸਿਆ ਗਿਆ ਕਿ ਸਾਰੇ ਉਮੀਦਵਾਰਾਂ ਨੂੰ ਹਦਾਇਤਾਂ ਦੀ ਪਾਲਣਾ ਕਰਨੀ ਜਰੂਰੀ ਹੈ। ਉਲੰਘਣਾ ਕਰਨ 'ਤੇ 6 ਮਹੀਨੇ ਦੀ ਕੈਦ ਅਤੇ ਜੁਰਮਾਨੇ ਦੀ ਵਿਵਸਥਾ ਹੈ। ਇਸਤਿਹਾਰਾਂ 'ਤੇ ਪ੍ਰਿੰਟਰ ਅਤੇ ਪਬਲਿਸ਼ਰ ਦਾ ਨਾਂ ਛਾਪਣਾ ਜਰੂਰੀ ਹੈ। ਇਸਤਿਹਾਰਾਂ 'ਤੇ ਹੋਣ ਵਾਲਾ ਖਰਚਾ ਉਮੀਦਵਾਰ ਦੇ ਚੋਣ ਪ੍ਰਚਾਰ ਖਰਚਿਆਂ ਵਿਚ ਸਾਮਲ ਕਰਨਾ ਹੋਵੇਗਾ। ਜ਼ਿਲ੍ਹਾ ਚੋਣ ਅਫਸਰ ਨੇ ਕਿਹਾ ਕਿ ਜਿ਼ਲ੍ਹਾ ਪ੍ਰਸਾਸਨ ਵੱਲੋਂ ਜਿਸ ਵੀ ਅਧਿਕਾਰੀ ਜਾਂ ਕਰਮਚਾਰੀ ਨੂੰ ਚੋਣ ਡਿਊਟੀ ਲਾਈ ਗਈ ਹੈ, ਉਸ ਨੂੰ ਆਪਣੀ ਡਿਊਟੀ ਪੂਰੀ ਤਨਦੇਹੀ ਅਤੇ ਈਮਾਨਦਾਰੀ ਨਾਲ ਨਿਭਾਉਣੀ ਜਰੂਰੀ ਹੈ। ਬਿਨਾਂ ਕਿਸੇ ਕਾਰਨ ਅਧਿਕਾਰੀ ਜਾਂ ਕਰਮਚਾਰੀ ਨੂੰ ਫਰਲੋ ਨਹੀਂ ਕਰਨ ਦਿੱਤੀ ਜਾਵੇਗੀ ਅਤੇ ਨਾ ਤਾਂ ਉਸ ਨੂੰ ਚੋਣ ਡਿਊਟੀ ਤੋਂ ਗੈਰ-ਹਾਜਰ ਰਹਿਣ ਦਿੱਤਾ ਜਾਵੇਗਾ। ਇਸ ਲਈ ਪ੍ਰਸਾਸਨ ਵੱਲੋਂ ਏ. ਡੀ. ਸੀ. ਜੋਤੀ

## ਮੂਸੇਵਾਲਾ ਦੀ ਹਵੇਲੀ 'ਚ ਬੀਬੀਆਂ ਨੇ ਝੂਮ-ਝੂਮ ਕੇ ਪਾਇਆ ਗਿੱਧਾ

ਚੰਡੀਗੜ੍ਹ/ ਪਾਲੀਵੁੱਡ ਡੈਸਕ, 17 ਮਾਰਚ : ਪਾਲੀਵੁੱਡ ਦੇ ਮਸ਼ਹੂਰ ਗਾਇਕ ਸਿੱਧੂ ਮੂਸੇਵਾਲਾ ਦੇ ਘਰ ਅੱਜ ਕਿਲਕਾਰੀਆਂ ਗੂੰਜੀਆਂ ਹਨ। ਮਾਤਾ ਚਰਨ ਕੌਰ ਨੇ ਇਕ ਪੁੱਤਰ ਨੂੰ ਜਨਮ ਦਿੱਤਾ ਹੈ। ਇਹ ਵੱਡੀ ਖੁਸ਼ਖਬਰੀ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਵੱਲੋਂ ਸਾਂਝੀ ਕੀਤੀ ਗਈ ਹੈ। ਇਸ ਦੌਰਾਨ ਸਿੱਧੂ ਮੂਸੇਵਾਲਾ ਦੇ ਘਰ ਵਧਾਈ ਦੇਣ ਆਉਣ ਵਾਲੇ ਲੋਕਾਂ ਦਾ ਭਾਰੀ ਇਕੱਠ ਨਜਰ ਆਇਆ। ਮਾਨਸਾ ਜਿ਼ਲ੍ਹੇ 'ਚ ਚਾਰੇ ਪਾਸੇ ਖੁਸ਼ੀਆਂ ਦਾ ਮਾਹੌਲ ਬਣਿਆ ਹੋਇਆ ਹੈ। ਬੇਸ਼ੱਕ ਸਿੱਧੂ ਦੇ ਪਰਿਵਾਰ ਵਾਲੇ ਅਜੇ ਹਸਪਤਾਲ 'ਚ ਹਨ ਪਰ ਸਿੱਧੂ ਦੀ ਹਵੇਲੀ 'ਚ ਫੈਨਸ ਦੀਆਂ ਰੌਣਕਾਂ ਲੱਗੀਆਂ ਹੋਈਆਂ ਹਨ। ਹਰ ਕੋਈ ਛੋਟੇ ਸਿੱਧੂ ਨੂੰ ਦੇਖਣ ਲਈ ਪਰਿਵਾਰ ਨੂੰ ਵਧਾਈ ਦੇਣ ਪਹੁੰਚ ਰਿਹਾ ਹੈ ਅਤੇ ਇਸ ਬਾਰੇ ਸੋਸ਼ਲ ਮੀਡੀਆ 'ਤੇ ਕਾਫੀ ਚਰਚਾ ਬਣੀ ਹੋਈ ਹੈ। ਪ੍ਰਸ਼ੰਸਕਾਂ ਨੂੰ ਇਸ ਦਿਨ ਦਾ ਬੇਸਬਰੀ ਨਾਲ ਇੰਤਜਾਰ ਸੀ, ਆਖਿ਼ਰ ਪ੍ਰਸ਼ੰਸਕਾਂ ਦੀ ਮਨੋਕਾਮਨਾ ਅੱਜ ਪੂਰੀ ਹੋ ਗਈ। ਇਸ ਦੌਰਾਨ ਹਵੇਲੀ 'ਚ ਪਹੁੰਚੇ ਪ੍ਰਸ਼ੰਸਕਾਂ ਦੀ ਕਹਿਣਾ ਹੈ ਕਿ ਸਾਨੂੰ ਇਹ ਸੁਣ ਕੇ ਖੁਸ਼ੀ ਹੋ ਰਹੀ ਹੈ। ਉਨ੍ਹਾਂ ਦੱਸਿਆ ਕਿ ਅਸੀਂ ਰਸਤੇ 'ਚ ਸੀ ਤਾਂ ਸਾਨੂੰ ਸੂਚਨਾ ਮਿਲੀ ਕਿ ਸਿੱਧੂ ਦਾ ਛੋਟਾ ਭਰਾ ਹੋਇਆ ਹੈ ਤਾਂ ਅਸੀਂ ਰਸਤੇ 'ਚੋਂ ਹੀ ਗੱਡੀ ਮੋੜ ਕੇ ਹਵੇਲੀ 'ਚ ਪਹੁੰਚ ਗਏ। ਇਕ ਹੋਰ ਪ੍ਰਸ਼ੰਸਕ ਦਾ ਕਹਿਣਾ ਹੈ ਕਿ ਇਸ ਦੌਰਾਨ ਖੁਸ਼ੀ ਅਤੇ ਭਾਵੁਕ ਦੋਵੇਂ ਮਾਹੌਲ ਬਣੇ ਹਨ, ਕਿਉਂਕਿ ਪਹਿਲਾਂ ਪੁੱਤ ਮਾਂ ਤੋਂ ਵਿਛੜ ਗਿਆ ਸੀ, ਇਸ ਲਈ ਭਾਵੁਕ ਹਾਂ ਅਤੇ ਦੂਜੇ ਪੁੱਤ ਦੇ ਵਾਪਸ ਆਉਣ ਨਾਲ 'ਚ ਖੁਸ਼ੀ ਦਾ ਮਾਹੌਲ ਹੈ। ਇਨਾਂ ਹੀ ਨਹੀਂ ਪ੍ਰਸ਼ੰਸਕਾਂ ਤੋਂ ਇਲਾਵਾ ਸਿੱਧੂ ਦੀ ਹਵੇਲੀ 'ਚ ਖੁਸ਼ੀਆਂ ਦਾ ਗਿੱਧਾ ਪੈ ਰਿਹਾ ਹੈ। ਬੀਬੀਆਂ ਝੂਮ-ਝੂਮ ਕੇ ਬੋਲੀਆਂ ਪਾ ਕੇ ਗਿੱਧਾ ਪਾ ਰਹੀਆਂ ਹਨ ਅਤੇ ਸਿੱਧੂ ਦੇ ਨਿੱਕੇ ਮਹਿਮਾਨ ਨੂੰ ਅਸੀਸਾਂ ਦੇ ਰਹੀਆਂ ਹਨ।

## ਪੰਜਾਬ ਪੁਲਸ ਨੂੰ ਮਿਲੀ ਸਫਲਤਾ, ਵੱਡੀ ਮਾਤਰਾ 'ਚ ਹੈਰੋਇਨ ਤੇ ਡਰੋਨ ਸਮੇਤ ਛੇ ਗ੍ਰਿਫਤਾਰ

ਦੀਨਾਨਗਰ, 17 ਮਾਰਚ : ਸਰਹੱਦੀ ਖੇਤਰ ਅੰਦਰ ਪੁਲਸ ਨੇ ਡਰੋਨ ਰਾਹੀਂ ਪਾਕਿਸਤਾਨ ਤੋਂ ਹੈਰੋਇਨ ਮੰਗਵਾਉਣ ਵਾਲੇ 6 ਸਮੱਗਲਰਾਂ ਨੂੰ ਗ੍ਰਿਫਤਾਰ ਕਰਕੇ ਵੱਡੀ ਸਫਲਤਾ ਹਾਸਲ ਕੀਤੀ ਹੈ। ਇਨ੍ਹਾਂ 'ਚੋਂ ਇੱਕ ਕੋਲੋਂ ਇੱਕ ਪਾਕਿਸਤਾਨ ਵਲੋਂ ਭੇਜਿਆ ਗਿਆ ਡਰੋਨ ਵੀ ਬਰਾਮਦ ਕੀਤਾ ਗਿਆ ਹੈ। ਇਨ੍ਹਾਂ ਤਸਕਰਾਂ ਕੋਲੋਂ 875 ਗ੍ਰਾਮ ਹੈਰੋਇਨ, ਇੱਕ ਪਿਸਤੌਲ, 4 ਬੰਦੂਕਾਂ, 3 ਲੱਖ ਰੁਪਏ ਦੀ ਡਰੱਗ ਮਨੀ ਅਤੇ ਇੱਕ ਕਾਰ ਬਰਾਮਦ ਕੀਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐੱਸ.ਪੀ (ਡੀ) ਗੁਰਦਾਸਪੁਰ ਬਲਵਿੰਦਰ ਸਿੰਘ ਰੰਧਾਵਾ ਨੇ ਦੱਸਿਆ ਕਿ ਮਾਨਯੋਗ ਡਾਇਰੈਕਟਰ ਜਨਰਲ ਪੁਲਸ ਪੰਜਾਬ ਵੱਲੋਂ ਦਿੱਤੇ ਗਏ ਦਿਸਾ-ਨਿਰਦੇਸਾ ਤਹਿਤ ਨਸਿ਼ਆਂ ਖਿ਼ਲਾਫ ਵਿਸੇਸ ਮੁਹਿੰਮ ਚਲਾਈ ਗਈ ਹੈ। ਇਸ ਮੁਹਿੰਮ ਦੌਰਾਨ 8 ਮਾਰਚ ਨੂੰ ਥਾਣਾ ਬਹਿਰਾਮਪੁਰ ਦੇ ਪਿੰਡ ਚੱਕ ਰਾਮ ਸਹਾਏ ਦੇ ਵਾਸੀਆਂ ਵੱਲੋਂ ਦਿੱਤੀ ਸੂਚਨਾ ਦੇ ਆਧਾਰ ਤੇ ਪਿੰਡ ਮਾਮੂਵਾਲ ਵਿਖੇ ਬੀ.ਐੱਸ.ਐੱਫ ਅਤੇ ਪੁਲਸ ਕਰਮਚਾਰੀਆਂ ਨਾਲ ਵਿਸੇਸ ਸਰਚ ਅਭਿਆਨ ਚਲਾਇਆ ਗਿਆ ਸੀ। ਸਰਚ ਦੌਰਾਨ ਖੇਤਾਂ ਵਿੱਚੋਂ ਇੱਕ ਪੈਕਟ ਹੈਰੋਇਨ ਵਜਨੀ 470 ਗ੍ਰਾਮ ਬਰਾਮਦ ਹੋਈ। ਜਿਸ ਤੇ ਥਾਣਾ ਬਹਿਰਾਮਪੁਰ ਵਿਖੇ ਨਾ-ਮਲੂਮ ਵਿਅਕਤੀ ਖਿ਼ਲਾਫ ਰਜਿਸਟਰ ਕੀਤਾ ਗਿਆ। 9 ਮਾਰਚ ਨੂੰ ਮੁੱਖ ਅਫਸਰ ਥਾਣਾ ਦੋਰਾਂਗਲਾ ਨੂੰ ਮਿਲੀ ਗੁਪਤ ਸੂਚਨਾ ਦੇ ਅਧਾਰ ਤੇ ਹਾਈਟੈੱਕ ਨਾਕਾ ਬੱਬਰੀ ਬਾਈਪਾਸ ਗੁਰਦਾਸਪੁਰ ਤੋਂ ਅੰਮ੍ਰਿਤਸਰ ਸਾਈਡ ਤੋਂ ਆ ਰਹੀ ਵਰਨਾ ਕਾਰ ਨੂੰ ਰੋਕ ਕੇ ਚੈਕਿੰਗ ਕੀਤੀ ਗਈ ਤਾਂ ਕਾਰ ਸਵਾਰ ਗੁਰਜੀਤ ਸਿੰਘ ਉਰਫ ਕਾਲੂ ਪੁੱਤਰ ਲਖਬੀਰ ਸਿੰਘ ਅਤੇ ਸਤਨਾਮ ਸਿੰਘ ਪੁੱਤਰ ਮੁਖਤਿਆਰ ਸਿੰਘ ਵਾਸੀਆਨ ਮਲੂਕ ਚੱਕ ਪਾਸੋਂ 405 ਗ੍ਰਾਮ ਹੈਰੋਇਨ, ਇੱਕ ਪਿਸਟਲ 30 ਬੋਰ ਸਮੇਤ 4 ਰੌਂਦ ਜਿੰਦਾ ਬਰਾਮਦ ਕਰਕੇ ਕਾਬੂ ਕੀਤਾ। ਦੋਸੀਆਂ ਵੱਲੋਂ ਫਰਦ ਇੰਕਸਾਫ ਕਰਨ ਤੇ ਇਨ੍ਹਾਂ ਪਾਸੋਂ ਇੱਕ ਲੱਖ ਰੁਪਏ ਡਰੱਗ ਮਨੀ ਅਤੇ ਇੱਕ ਡਰੋਨ ਬਰਾਮਦ ਕੀਤਾ। ਦੋਸੀਆਂ ਦੀ ਪੁੱਛ-ਗਿੱਛ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਥਾਣਾ ਬਹਿਰਾਮਪੁਰ ਵਿੱਚ ਦਰਜ ਉਕਤ ਮੁਕੱਦਮਾ ਵਿੱਚ ਬਰਾਮਦ 470 ਗ੍ਰਾਮ ਹੈਰੋਇਨ ਵੀ ਇਨ੍ਹਾਂ ਦੋਸੀਆਂ ਵੱਲੋਂ ਪਾਕਿਸਤਾਨ ਤੋਂ ਡਰੋਨ ਰਾਹੀਂ ਮੰਗਵਾਈ ਸੀ। ਉਨ੍ਹਾਂ ਦੱਸਿਆ ਕਿ ਤਫਤੀਸ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਜੋ ਇਹ ਦੋਸੀ ਹੈਰੋਇਨ ਅੱਗੇ ਹਰਪ੍ਰੀਤ ਸਿੰਘ ਉਰਫ ਹੈਪੀ ਪੁੱਤਰ ਗੁਰਪਾਲ ਸਿੰਘ ਵਾਸੀ ਦੋਸਤਪੁਰ ਨੂੰ ਸਪਲਾਈ ਕਰਦੇ ਸਨ, ਜਿਸ ਨੂੰ ਮੁਕੱਦਮਾ ਵਿੱਚ ਨਾਮਜਦ ਕਰਕੇ 2 ਲੱਖ ਰੁਪਏ ਡਰੱਗ ਮਨੀ ਸਮੇਤ ਗ੍ਰਿਫਤਾਰ ਕੀਤਾ ਗਿਆ ਹੈ। ਇਸ ਤੋਂ ਇਲਾਵਾ ਇਨ੍ਹਾਂ ਦੋਸੀਆਂ ਨੇ ਪੁੱਛ-ਗਿੱਛ ਦੌਰਾਨ ਦੱਸਿਆ ਕਿ ਉਹ ਇਸ ਸਾਰਾ ਰੈਕਟ ਹਰਮੀਤ ਸਿੰਘ ਪੁੱਤਰ ਮੋਹਨ ਸਿੰਘ ਵਾਸੀ ਖਵਾਜਾ ਬਰਦੰਗ ਅਤੇ ਰਣਯੋਧ ਸਿੰਘ ਉਰਫ ਢਿੱਲੋਂ ਦੀ ਸਹਾਇਤਾ ਨਾਲ ਦੋਸੀ ਹਰਜੀਤ ਸਿੰਘ ਉਰਫ ਜੀਤਾ ਪੁੱਤਰ ਚੈਂਚਲ ਸਿੰਘ ਵਾਸੀ ਟਾਹਲੀ ਸਾਹਿਬ ਜੋ ਇਸ ਸਮੇਂ ਅੰਮ੍ਰਿਤਸਰ ਜੇਲ੍ਹ ਵਿੱਚ ਅਤੇ ਸੁਰਿੰਦਰ ਸਿੰਘ ਉਰਫ ਕਾਲਾ ਪੁੱਤਰ ਹਰਦੇਵ ਸਿੰਘ ਵਾਸੀ ਪੁਲਾਹੀ ਹੁਸਿ਼ਆਰਪੁਰ ਜੋ ਫਰੀਦਕੋਟ ਜੇਲ੍ਹ ਵਿੱਚ ਬੰਦ ਹੈ, ਦੇ ਕਹਿਣ 'ਤੇ ਚਲਾਉਂਦੇ ਸਨ। ਦੋਸੀ ਹਰਮੀਤ ਸਿੰਘ ਅਤੇ ਰਣਯੋਧ ਸਿੰਘ ਉਰਫ ਢਿੱਲੋ ਨੂੰ ਮੁਕੱਦਮਾ ਵਿੱਚ ਦੋਸੀ ਨਾਮਜਦ ਕਰਕੇ ਗ੍ਰਿਫਤਾਰ ਕੀਤਾ ਗਿਆ। ਦੋਸ਼ੀ ਹਰਜੀਤ ਸਿੰਘ ਉਰਫ ਜੀਤਾ ਨੂੰ ਜੇਲ੍ਹ ਵਿੱਚੋ ਪ੍ਰੋਡੰਕਸਨ ਵਰੰਟ ਤੇ ਲਿਆ ਕੇ ਗ੍ਰਿਫਤਾਰ ਕੀਤਾ ਅਤੇ ਉਸ ਪਾਸੋ ਇੱਕ ਮੋਬਾਇਲ ਬਰਾਮਦ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਦੇ ਇੱਕ ਹੋ ਸਾਥੀ ਸੁਰਿੰਦਰ ਸਿੰਘ ਉਰਫ ਕਾਲਾ ਦੀ ਭਾਲ ਜਾਰੀ ਹੈ। ਇਸ ਮੌਕੇ ਡੀ. ਐੱਸ. ਪੀ. ਦੀਨਾਨਗਰ ਸੁਖਵਿੰਦਰਪਾਲ ਸਿੰਘ, ਥਾਣਾ ਮੁਖੀ ਦੌਰਾਂਗਲਾ ਦਵਿੰਦਰ ਕੁਮਾਰ ਸਮੇਤ ਵੱਡੀ ਗਿਣਤੀ ਵਿਚ ਪੁਲਸ ਕਰਮਚਾਰੀ ਹਾਜਰ ਸਨ ।

## ਭਾਬੀ ਦੇ ਪਿਆਰ 'ਚ ਅੰਨ੍ਹੇ ਦਿਓਰ ਨੇ ਕੀਤਾ ਵੱਡਾ ਕਾਂਡ, ਰਸਤੇ 'ਚੋਂ ਹਟਾਉਣ ਲਈ ਭਰਾ ਨੂੰ ਉਤਾਰ ਦਿੱਤਾ ਮੌਤ ਦੇ ਘਾਟ

ਚੰਡੀਗੜ੍ਹ, 17 ਮਾਰਚ : ਪ੍ਰੇਮੀ ਨਾਲ ਮਿਲ ਕੇ ਪਤੀ ਦਾ ਕਤਲ ਕਰਨ ਦੇ ਦੋਸ਼ 'ਚ ਫੜੀ ਗਈ ਪਤਨੀ ਅਤੇ ਉਸ ਦੇ ਪ੍ਰੇਮੀ ਨੂੰ ਜ਼ਿਲ੍ਹਾ ਅਦਾਲਤ ਨੇ ਉਮਰਕੈਦ ਦੀ ਸਜ਼ਾ ਸੁਣਾਈ ਹੈ। ਨਾਲ ਹੀ ਅਦਾਲਤ ਨੇ ਦੋਵਾਂ 'ਤੇ 10-10 ਹਜ਼ਾਰ ਰੁਪਏ ਦਾ ਜੁਰਮਾਨਾ ਵੀ ਲਾਇਆ ਹੈ। ਮੁਲਜ਼ਮਾਂ ਦੀ ਪਛਾਣ ਪਲਸੌਰਾ ਦੀ ਰਹਿਣ ਵਾਲੀ ਸੁਨੀਤਾ ਅਤੇ ਮਲੋਆ ਕਲੋਨੀ ਦੇ ਰਹਿਣ ਵਾਲੇ ਰਾਜੀਵ ਕੁਮਾਰ ਵਜੋਂ ਹੋਈ ਹੈ। ਦਾਇਰ ਮਾਮਲੇ ਤਹਿਤ ਸੈਕਟਰ-39 ਥਾਣਾ ਪੁਲਸ ਨੇ ਸਤੰਬਰ 2020 'ਚ ਪੁਲਸ ਨੇ ਮ੍ਰਿਤਕ ਸੋਨੂੰ ਦੇ ਕਤਲ ਅਤੇ ਅਪਰਾਧਿਕ ਸਾਜਿਸ਼ ਬਣਾਉਣ ਦੀ ਧਾਰਾ ਤਹਿਤ ਮਾਮਲਾ ਦਰਜ ਕਰ ਕੇ ਮੁਲਜ਼ਮ ਪਤਨੀ ਸੁਨੀਤਾ ਅਤੇ ਉਸ ਦੇ ਪ੍ਰੇਮੀ ਰਾਜੀਵ ਨੂੰ ਗ੍ਰਿਫਤਾਰ ਕੀਤਾ ਸੀ। ਕਰੀਬ ਚਾਰ ਸਾਲ ਤੱਕ ਚੱਲੀ ਸੁਣਵਾਈ ਦੌਰਾਨ ਅਦਾਲਤ ਨੇ ਵੀਰਵਾਰ ਨੂੰ ਦੋਵਾਂ ਨੂੰ ਦੋਸ਼ੀ ਕਰਾਰ ਦਿੰਦਿਆਂ ਸਜ਼ਾ 'ਤੇ ਸ਼ਨੀਵਾਰ ਲਈ ਫੈਸਲਾ ਸੁਰੱਖਿਅਤ ਰੱਖ ਲਿਆ ਸੀ। ਮਾਮਲੇ 'ਚ ਸਰਕਾਰੀ ਧਿਰ ਵਲੋਂ ਦੋਵਾਂ ਮੁਲਜ਼ਮਾਂ ਵਲੋਂ ਕੀਤੇ ਗਏ ਅਪਰਾਧ ਲਈ ਸਖਤ ਤੋਂ ਸਖਤ ਸਜ਼ਾ ਦੀ ਮੰਗ ਕੀਤੀ ਗਈ ਸੀ। ਸੈਕਟਰ-39 ਥਾਣਾ ਪੁਲਸ ਨੇ ਮੋਹਾਲੀ ਨਿਵਾਸੀ ਅੰਕਿਤ ਦੀ ਸ਼ਿਕਾਇਤ 'ਤੇ 30 ਸਤੰਬਰ 2020 ਨੂੰ ਮਾਮਲਾ ਦਰਜ ਕੀਤਾ ਸੀ। ਅੰਕਿਤ ਨੇ ਪੁਲਸ ਨੂੰ ਦੱਸਿਆ ਸੀ ਕਿ ਉਹ ਰੋਜ਼ਾਨਾ ਦੌੜਨ ਲਈ ਸੈਕਟਰ-52 ਝੀਲ 'ਤੇ ਜਾਂਦਾ ਹੈ। ਉਹ ਦੋਸਤ ਨਾਲ ਸ਼ਾਮ 6.45 ਵਜੇ ਘਰ ਵਾਪਸ ਜਾ ਰਿਹਾ ਸੀ। ਜਿਉਂ ਹੀ ਉਹ ਬੜਹੇੜੀ ਚੌਂਕ ਕੋਲ ਪਹੁੰਚਿਆ ਤਾਂ ਦੇਖਿਆ ਕਿ ਇਕ ਸਾਈਕਲ ਸਲਿਪ ਰੋਡ 'ਤੇ ਖੜ੍ਹੀ ਸੀ। ਉਨ੍ਹਾਂ ਨੇ ਸੈਕਟਰ-54 ਦੇ ਜੰਗਲ ਵਿਚ ਦੇਖਿਆ ਕਿ ਉੱਥੇ ਖੂਨ ਨਾਲ ਲਥਪਥ ਹਾਲਤ 'ਚ ਇਕ ਨੌਜਵਾਨ ਪਿਆ ਹੈ। ਉਸ ਦੇ ਸਿਰ ਅਤੇ ਮੂੰਹ 'ਤੇ ਸੱਟ ਦੇ ਨਿਸ਼ਾਨ ਸਨ। ਅੰਕਿਤ ਦੀ ਸ਼ਿਕਾਇਤ 'ਤੇ ਪੁਲਸ ਨੇ ਅਣਪਛਾਤੇ ਖਿ਼ਲਾਫ ਕਤਲ ਦਾ ਮਾਮਲਾ ਦਰਜ ਕੀਤਾ ਸੀ। ਮਾਮਲੇ ਦੀ ਪੜਤਾਲ ਦੌਰਾਨ ਪੁਲਸ ਨੂੰ ਪਤਾ ਲੱਗਾ ਕਿ ਸੋਨੂੰ ਪੇਂਟਰ ਦਾ ਕੰਮ ਕਰਦਾ ਹੈ। ਸੋਨੂੰ ਨਾਲ ਉਸ ਦੇ ਮਾਮੇ ਦਾ ਪੁੱਤਰ ਰਾਜੀਵ ਵੀ ਪੇਂਟਰ ਦਾ ਕੰਮ ਕਰਦਾ ਸੀ। ਪੁਲਸ ਨੇ ਸ਼ੱਕ ਦੇ ਆਧਾਰ 'ਤੇ ਪੁੱਛਗਿੱਛ ਕੀਤੀ ਤਾਂ ਖੁਲਾਸਾ ਹੋਇਆ ਕਿ ਉਸ ਦੇ ਸੋਨੂੰ ਦੀ ਪਤਨੀ ਨਾਲ ਨਾਜ਼ਾਇਜ ਸਬੰਧ ਸੀ। ਸੁਨੀਤਾ ਦੇ ਕਹਿਣ 'ਤੇ ਰਾਜੀਵ ਨੇ ਸੋਨੂੰ ਦਾ ਕਤਲ ਕਰ ਦਿੱਤਾ। ਕਤਲ ਕਰਨ ਤੋਂ ਬਾਅਦ ਉਹ ਸੁਨੀਤਾ ਕੋਲ ਗਿਆ ਅਤੇ ਉਸ ਨੂੰ ਦੱਸਿਆ ਕਿ ਉਸ ਨੇ ਸੋਨੂੰ ਦਾ ਕਤਲ ਕਰ ਦਿੱਤਾ ਹੈ। ਸੁਨੀਤਾ ਨੇ ਇਹ ਗੱਲ ਪੁਲਸ ਤੋਂ ਲੁਕੋ ਕੇ ਰੱਖੀ। ਰਾਜੀਵ ਨੇ ਦੱਸਿਆ ਸੀ ਕਿ ਸੁਨੀਤਾ ਉਸ ਨੂੰ ਕਹਿੰਦੀ ਸੀ ਕਿ ਸੋਨੂੰ ਦੇ ਕਤਲ ਤੋਂ ਬਾਅਦ ਉਹ ਦੋਵੇਂ ਵਿਆਹ ਕਰਵਾ ਲੈਣਗੇ। ਪੁਲਸ ਨੇ ਮਾਮਲੇ 'ਚ ਮ੍ਰਿਤਕ ਸੋਨੂੰ ਦੀ ਪਤਨੀ ਸੁਨੀਤਾ ਅਤੇ ਉਸ ਦੇ ਪ੍ਰੇਮੀ ਰਾਜੀਵ ਨੂੰ ਗ੍ਰਿਫਤਾਰ ਕੀਤਾ ਸੀ। ਜਾਂਚ ਦੌਰਾਨ ਸਾਹਮਣੇ ਆਇਆ ਕਿ ਮੁਲਜ਼ਮ ਰਾਜੀਵ ਮਲੋਆ ਵਿਚ ਕਰਾਏ 'ਤੇ ਰਹਿੰਦਾ ਸੀ ਅਤੇ ਸੋਨੂੰ ਨਾਲ ਪੇਂਟਰ ਦਾ ਕੰਮ ਕਰਦਾ ਸੀ। ਸੋਨੂੰ ਰਾਜੀਵ ਦੀ ਭੂਆ ਦਾ ਮੁੰਡਾ ਹੈ ਤੇ ਸੋਨੂੰ ਹੀ ਰਾਜੀਵ ਨੂੰ ਉੱਤਰ ਪ੍ਰਦੇਸ਼ ਦੇ ਮੁਰਾਦਾਬਾਦ ਤੋਂ ਚੰਡੀਗੜ੍ਹ ਲੈ ਕੇ ਆਇਆ ਸੀ ਅਤੇ ਆਪਣੇ ਨਾਲ ਕੰਮ 'ਤੇ ਲਾਇਆ ਸੀ। ਸ਼ੁਰੂਆਤੀ ਕੁਝ ਦਿਨ ਉਹ ਸੋਨੂੰ ਦੇ ਘਰ 'ਚ ਹੀ ਰਿਹਾ। ਇਸੇ ਦੌਰਾਨ ਰਾਜੀਵ ਦੇ ਸੁਨੀਤਾ ਨਾਲ ਨਾਜ਼ਾਇਜ ਸਬੰਧ ਬਣ ਗਏ, ਜਿਸ ਕਾਰਨ ਦੋਵਾਂ ਨੇ ਆਪਣੇ ਰਿਸ਼ਤੇ ਨੂੰ ਪਰਵਾਨ ਚੜ੍ਹਾਉਣ ਲਈ ਸੋਨੂੰ ਦਾ ਕਤਲ ਕਰਨ ਦਾ ਫੈਸਲਾ ਕੀਤਾ। ਇਸ ਤਰ੍ਹਾਂ ਰਾਜੀਵ ਨੇ ਆਪਣੀ ਹੀ ਭਾਬੀ ਦੇ ਪਿਆਰ 'ਚ ਅੰਨ੍ਹਾ ਹੋ ਕੇ ਆਪਣੀ ਭੂਆ ਦੇ ਮੁੰਡੇ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ।

## ਭਾਜਪਾ 'ਚ ਜਾਣ ਦੀਆਂ ਚਰਚਾਵਾਂ ਵਿਚਾਲੇ ਸੁਸ਼ੀਲ ਰਿੰਕੂ ਨੇ ਤੋੜੀ ਚੁੱਪੀ

ਜਲੰਧਰ, 17 ਮਾਰਚ : ਜਲੰਧਰ ਤੋਂ 'ਆਪ'ਦੇ ਸੰਸਦ ਮੈਂਬਰ ਸੁਸ਼ੀਲ ਰਿੰਕੂ ਦੇ ਭਾਜਪਾ ਵਿਚ ਸ਼ਾਮਲ ਹੋਣ ਨੂੰ ਲੈ ਕੇ ਚੱਲ ਰਹੀਆਂ ਅਫਵਾਹਾਂ ਵਿਚਕਾਰ ਆਮ ਆਦਮੀ ਪਾਰਟੀ ਦੀ ਰਾਸ਼ਟਰੀ ਲੀਡਰਸ਼ਿਪ ਨੇ ਪਾਰਟੀ ਦੇ ਹੀ ਕੁਝ ਆਗੂਆਂ ਦੀ ਕਲਾਸ ਲਾਈ ਹੈ ਅਤੇ ਉਨ੍ਹਾਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਅਨੁਸ਼ਾਸਨ ਵਿਚ ਰਹਿ ਕੇ ਜਲੰਧਰ ਤੋਂ 'ਆਪ'ਸੰਸਦ ਮੈਂਬਰ ਸੁਸ਼ੀਲ ਰਿੰਕੂ ਦੀ ਜਿੱਤ ਨੂੰ ਯਕੀਨੀ ਬਣਾਉਣ ਲਈ ਕੰਮ ਕਰਨ। ਪਿਛਲੇ 2 ਦਿਨਾਂ ਤੋਂ ਸੁਸ਼ੀਲ ਰਿੰਕੂ



ਨੂੰ ਲੈ ਕੇ ਅਫਵਾਹਾਂ ਚੱਲ ਰਹੀਆਂ ਸਨ ਕਿ ਉਹ ਭਾਜਪਾ ਵਿਚ ਸ਼ਾਮਲ ਹੋ ਰਹੇ ਹਨ। ਇਸ ਸਬੰਧ ਵਿਚ ਜਦੋਂ ਅੱਜ ਸੁਸ਼ੀਲ ਰਿੰਕੂ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਭਾਜਪਾ ਵਿਚ ਸ਼ਾਮਲ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਹੈ। ਸੁਸ਼ੀਲ ਰਿੰਕੂ ਜੋ ਆਪਣੀ ਪਤਨੀ ਸੁਨੀਤਾ ਰਿੰਕੂ ਅਤੇ ਪੁੱਤਰ ਦੇ ਨਾਲ ਅਯੁੱਧਿਆ ਵਿਚ ਰਾਮਲੱਲਾ ਤਕ ਵਾਰਾਨਸੀ ਵਿਚ ਭੋਲੇ ਬਾਬਾ ਅਤੇ ਸ੍ਰੀ ਗੁਰੂ ਰਵਿਦਾਸ ਮੰਦਰ ਦੇ ਦਰਸ਼ਨਾਂ ਲਈ ਗਏ ਹੋਏ ਸਨ, ਉਹ ਬੀਤੇ ਦਿਨ ਦੇਰ ਸ਼ਾਮ ਹੀ ਵਾਪਸ ਮੁੜੇ ਹਨ।

ਉਨ੍ਹਾਂ ਕਿਹਾ ਕਿ ਉਹ ਆਮ ਆਦਮੀ ਪਾਰਟੀ ਵਿਚ ਹਨ ਅਤੇ ਬਣੇ ਰਹਿਣਗੇ। ਪਾਰਟੀ ਨੇ ਉਨ੍ਹਾਂ ਵਿਚ ਦੁਬਾਰਾ ਭਰੋਸਾ ਪ੍ਰਗਟਾਇਆ ਹੈ, ਜਿਸ ਲਈ ਉਹ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੇ ਧੰਨਵਾਦੀ ਹਨ। ਜਨਤਾ ਦੇ ਸਹਿਯੋਗ ਨਾਲ ਉਹ ਦੁਬਾਰਾ ਜਿੱਤ ਹਾਸਲ ਕਰਨਗੇ।

ਉਨ੍ਹਾਂ ਕਿਹਾ ਕਿ ਮੇਰਾ ਕੰਮ ਜਨਤਾ ਦੇ ਸਾਹਮਣੇ ਹੈ ਅਤੇ ਜਨਤਾ ਦੇ ਹਰ ਮੁੱਦੇ ਨੂੰ ਉਨ੍ਹਾਂ ਨੇ ਕੇਂਦਰ ਸਰਕਾਰ, ਸੰਸਦ ਅਤੇ ਸੂਬਾ ਸਰਕਾਰ ਦੇ ਸਾਹਮਣੇ ਉਠਾਇਆ। ਉਨ੍ਹਾਂ ਕਿਹਾ ਕਿ ਅਜੇ ਉਨ੍ਹਾਂ ਦਾ ਜਲੰਧਰ ਨੂੰ ਲੈ ਕੇ ਮਿਸ਼ਨ ਪੂਰਾ ਨਹੀਂ ਹੋਇਆ ਹੈ ਅਤੇ ਉਹ ਅੱਗੇ ਵੀ ਆਪਣੇ ਮਿਸ਼ਨ ਨੂੰ ਕਾਮਯਾਬ ਬਣਾਉਣ ਵਿਚ ਜੁਟੇ ਰਹਿਣਗੇ। ਦੂਜੇ ਪਾਸੇ ਪਤਾ ਲੱਗਾ ਹੈ ਕਿ ਰਿੰਕੂ ਨੂੰ ਲੈ ਕੇ ਜੋ ਅਫਵਾਹਾਂ ਦਾ ਦੌਰ ਚੱਲ ਰਿਹਾ ਸੀ, ਉਸ ਵਿਚ ਪਾਰਟੀ ਦੇ ਕੁਝ ਰਿੰਕੂ ਵਿਰੋਧੀ ਆਗੂਆਂ ਦਾ ਹੱਥ ਸੀ। ਇਸ ਗੱਲ ਦੀ ਜਾਣਕਾਰੀ ਅੱਜ ਜਦੋਂ ਆਮ ਆਦਮੀ ਪਾਰਟੀ ਦੇ ਕੇਂਦਰੀ ਲੀਡਰਸ਼ਿਪ ਨੂੰ ਲੱਗੀ ਤਾਂ ਉਨ੍ਹਾਂ ਨੇ ਇਸ ਮਾਮਲੇ ਨੂੰ ਕਾਫੀ ਗੰਭੀਰਤਾ ਨਾਲ ਲਿਆ ਅਤੇ ਨਾਲ ਹੀ ਅਰਵਿੰਦ ਕੇਜਰੀਵਾਲ ਵੱਲੋਂ ਪਾਰਟੀ ਦੇ ਰਾਸ਼ਟਰੀ ਜਨਰਲ ਸਕੱਤਰ ਡਾ. ਸੰਦੀਪ ਪਾਠਕ ਨੇ ਕੁਝ ਆਗੂਆਂ ਨੂੰ ਫੋਨ ਕਰਕੇ ਚਿਤਾਵਨੀ ਦਿੱਤੀ ਕਿ ਅਜਿਹੀ ਅਨੁਸ਼ਾਸਨਹੀਣਤਾ ਨੂੰ ਸਹਿਣ ਨਹੀਂ ਕੀਤਾ ਜਾਵੇਗਾ। 'ਆਪ' ਸੰਸਦ ਮੈਂਬਰ ਸੁਸੀਲ ਕੁਮਾਰ ਰਿੰਕੂ ਦੇਰ ਰਾਤ 10.30 ਵਜੇ ਜਲੰਧਰ ਪੁੱਜੇ ਤੇ ਉਨ੍ਹਾਂ ਨੇ ਕੈਬਨਿਟ ਮੰਤਰੀਆਂ ਬ੍ਰਹਮ ਸੰਕਰ ਜਿ਼ੰਪਾ ਤੇ ਲੋਕਲ ਬਾਡੀਜ ਮੰਤਰੀ ਨਾਲ ਮੁਲਾਕਾਤ ਕੀਤੀ। ਦੀਪਕ ਬਾਲੀ ਤੇ ਹੋਰ ਆਗੂ ਵੀ ਇਸ ਮੌਕੇ ਹਾਜਰ ਸਨ। ਰਿੰਕੂ ਨੇ 'ਆਪ' ਆਗੂ ਮਹਿੰਦਰ ਭਗਤ ਨਾਲ ਵੀ ਮੁਲਾਕਾਤ ਕੀਤੀ, ਜਿਸ ਤਰ੍ਹਾਂ ਰਿੰਕੂ ਨੇ 'ਆਪ' ਦੇ ਮੰਤਰੀਆਂ ਨਾਲ ਮੁਲਾਕਾਤ ਕੀਤੀ ਤੇ ਚੋਣ ਰਣਨੀਤੀ 'ਤੇ ਵੀ ਚਰਚਾ ਕੀਤੀ, ਇਸ ਨਾਲ ਰਿੰਕੂ ਦੇ ਭਾਜਪਾ 'ਚ ਜਾਣ ਦੀਆਂ ਚਰਚਾਵਾਂ 'ਤੇ ਰੋਕ ਲੱਗ ਗਈ।

## ਕਾਂਗਰਸ ਵੱਲੋਂ ਜਾਰੀ ਹੋਣ ਵਾਲੀ ਉਮੀਦਵਾਰਾਂ ਦੀ ਤੀਜੀ ਲਿਸਟ 'ਚ ਗੁਰਜੀਤ ਔਜਲਾ ਨੂੰ ਟਿਕਟ ਮਿਲਣਾ ਲਗਭਗ ਤੈਅ

ਗੁਰੂ ਕਾ ਬਾਗ, 17 ਮਾਰਚ : ਆਲ ਇੰਡੀਆ ਕਾਂਗਰਸ ਕਮੇਟੀ ਵੱਲੋਂ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਮੌਜੂਦਾ ਮੈਂਬਰ ਪਾਰਲੀਮੈਂਟ ਗੁਰਜੀਤ ਸਿੰਘ ਔਜਲਾ ਨੂੰ ਅਗਾਮੀ ਲੋਕ ਸਭਾ ਚੋਣਾਂ ਲਈ ਫਿਰ ਤੋਂ ਪਾਰਟੀ ਦਾ ਉਮੀਦਵਾਰ ਬਣਾਉਣ ਨੂੰ ਲਗਭਗ ਹਰੀ ਝੰਡੀ ਦੇ ਦਿੱਤੀ ਗਈ ਹੈ ਤੇ ਉਨ੍ਹਾਂ ਦਾ ਉਮੀਦਵਾਰ ਬਣਨਾ ਲਗਭਗ ਤੈਅ ਮੰਨਿਆ ਜਾ ਰਿਹਾ ਹੈ। ਭਰੋਸੇਯੋਗ ਸੂਤਰਾਂ ਤੋਂ ਮਿਲੀ ਜਾਣਕਾਰੀ ਦੇ ਅਨੁਸਾਰ ਇਹ ਖਬਰ ਸਾਹਮਣੇ ਆਈ ਹੈ ਕਿ ਆਲ ਇੰਡੀਆ ਕਾਂਗਰਸ ਕਮੇਟੀ ਵੱਲੋਂ ਪੰਜਾਬ ਦੇ ਜਿੱਤੇ ਹੋਏ ਐੱਮ.ਪੀ. ਦੀਆਂ ਟਿਕਟਾਂ ਨੂੰ ਫਾਈਨਲ ਕਰ ਕੇ ਉਨਾਂ ਨੂੰ ਬਰਕਰਾਰ ਰੱਖਣ ਦਾ ਫੈਸਲਾ ਕੀਤਾ ਗਿਆ ਹੈ, ਜਿਸ ਵਿੱਚ ਸਭ ਤੋਂ ਉੱਪਰ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਗੁਰਜੀਤ



ਸਿੰਘ ਔਜਲਾ ਦਾ ਨਾਂ ਰੱਖਿਆ ਗਿਆ ਹੈ। ਜਿ਼ਕਰਯੋਗ ਹੈ ਕਿ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਕਾਂਗਰਸ ਪਾਰਟੀ ਦੀ ਟਿਕਟ ਹਾਸਲ ਕਰਨ ਵਿੱਚ ਸੂਬੇ ਦੇ ਸਾਬਕਾ ਉਪ ਮੁੱਖ ਮੰਤਰੀ ਓਮ ਪ੍ਰਕਾਸ ਸੋਨੀ ਵੀ ਦੌੜ ਵਿੱਚ ਸਾਮਿਲ ਸਨ। ਪਰ ਕਾਂਗਰਸ ਪਾਰਟੀ ਵੱਲੋਂ ਆਪਣੇ ਤੌਰ 'ਤੇ ਕਰਵਾਏ ਗਏ ਸਰਵੇਖਣ ਵਿੱਚ ਔਜਲਾ ਸਭ ਤੋਂ ਮਜਬੂਤ ਉਮੀਦਵਾਰ ਵਜੋਂ ਉਭਰ ਕੇ ਸਾਹਮਣੇ ਆਏ ਹਨ, ਜਿਸ ਕਾਰਨ ਕਾਂਗਰਸ ਪਾਰਟੀ ਦੀ ਸਕਰੀਨਿੰਗ ਕਮੇਟੀ ਵੱਲੋਂ ਉਨ੍ਹਾਂ ਦੇ ਨਾਂ ਤੇ ਮੋਹਰ ਲਾ ਦਿੱਤੀ ਗਈ ਹੈ ਤੇ ਆਸ ਕੀਤੀ ਜਾ ਰਹੀ ਹੈ ਕਿ 18 ਮਾਰਚ ਨੂੰ ਕਾਂਗਰਸ ਪਾਰਟੀ ਵੱਲੋਂ ਉਮੀਦਵਾਰਾਂ ਦੀ ਤੀਜੀ ਸੂਚੀ ਜਾਰੀ ਕੀਤੀ ਜਾ ਸਕਦੀ ਹੈ ਜਿਸ ਵਿੱਚ ਗੁਰਜੀਤ ਸਿੰਘ ਔਜਲਾ ਦਾ ਨਾਂ ਸਭ ਤੋਂ ਉੱਪਰ ਹੋ ਸਕਦਾ ਹੈ।

## ਸੀਏਏ ਨੂੰ ਲਾਗੂ ਕਰਨ ਲਈ ਪ੍ਰਧਾਨ ਮੰਤਰੀ ਦਾ ਧੰਨਵਾਦ ਕੀਤਾ

---ਚਰਨਜੀਵ ਮਲਹੋਤਰਾ

ਨਵੀਂ ਦਿੱਲੀ, 17 ਮਾਰਚ : ਕਾਨੂੰਨ ਨਾਗਰਿਕਤਾ ਲੈਣ ਲਈ ਨਹੀਂ ਸਗੋਂ ਦੇਣ ਲਈ ਹੈ। ਸਮਾਜ ਦੇ ਕਿਸੇ ਵੀ ਵਰਗ ਨੂੰ ਕਿਸੇ ਦੁਆਰਾ ਗੁੰਮਰਾਹ ਨਹੀਂ ਕਰਨਾ ਚਾਹੀਦਾ - ਚਰਨਜੀਵ ਮਲਹੋਤਰਾ ਨਵੀਂ ਦਿੱਲੀ। ਭਾਰਤ ਸਰਕਾਰ ਦੇ ਨੋਟੀਫਿਕੇਸਨ ਦੇ ਨਾਲ, ਦੇਸ ਵਿੱਚ ਨਾਗਰਿਕ ਸੋਧ ਕਾਨੂੰਨ ਲਾਗੂ ਹੋ ਗਿਆ ਹੈ। ਭਾਰਤ ਵਿੱਚ ਸੀਏਏ ਲਾਗੂ ਕਰਨ ਦੇ ਜਸਨ ਵਿੱਚ ਉੱਘੇ ਸਮਾਜ ਸੇਵਕ ਅਤੇ ਕੋਰੋਨਾ ਯੋਧੇ ਚਰਨਜੀਵ ਮਲਹੋਤਰਾ ਨੇ ਮੋਦੀ ਸਰਕਾਰ ਵੱਲੋਂ ਦੇਸ ਭਰ ਵਿੱਚ ਸੀਏਏ ਲਾਗੂ ਕਰਨ ਦੇ ਕੀਤੇ ਗਏ ਐਲਾਨ ਉੱਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸਾਹ ਦਾ ਧੰਨਵਾਦ ਕਰਦੇ ਹੋਏ ਕਿਹਾ ਹੈ ਕਿ ਇਹ ਨਾਗਰਿਕਤਾ ਲੈਣ ਲਈ ਕਾਨੂੰਨ ਲਾਗੂ ਨਹੀਂ ਹੁੰਦਾ, ਕਾ ਦੇਣ ਲਈ ਨਹੀਂ। ਸਮਾਜ ਦੇ ਕਿਸੇ ਵੀ ਵਰਗ ਨੂੰ ਕਿਸੇ ਤੋਂ ਗੁੰਮਰਾਹ ਨਹੀਂ ਹੋਣਾ ਚਾਹੀਦਾ। ਉਨ੍ਹਾਂ ਕਿਹਾ ਕਿ ਇਹ ਕਾਨੂੰਨ 31 ਦਸੰਬਰ 2014 ਤੋਂ ਪਹਿਲਾਂ ਅਫਗਾਨਿਸਤਾਨ, ਬੰਗਲਾਦੇਸ ਅਤੇ ਪਾਕਿਸਤਾਨ ਤੋਂ ਭਾਰਤ ਆਏ ਹਿੰਦੂ, ਸਿੱਖ, ਬੋਧੀ, ਜੈਨ, ਪਾਰਸੀ ਅਤੇ ਈਸਾਈ ਸਰਨਾਰਥੀਆਂ ਨੂੰ ਨਾਗਰਿਕਤਾ ਦੇਣ ਲਈ ਲਿਆਂਦਾ ਗਿਆ ਹੈ। ਚਰਨਜੀਵ ਮਲਹੋਤਰਾ ਨੇ ਕਿਹਾ ਕਿ ਇਸ ਕਾਨੂੰਨ ਤੋਂ ਕਿਸੇ ਨੂੰ ਡਰਨ ਦੀ ਲੋੜ ਨਹੀਂ ਹੈ। ਇਹ ਕਾਨੂੰਨ ਪੁਨਰਵਾਸ ਅਤੇ ਨਾਗਰਿਕਤਾ ਦੀਆਂ ਕਾਨੂੰਨੀ ਰੁਕਾਵਟਾਂ ਨੂੰ ਦੂਰ ਕਰਕੇ ਦਹਾਕਿਆਂ ਤੋਂ ਦੁਖੀ ਸਰਨਾਰਥੀਆਂ ਨੂੰ ਸਨਮਾਨਜਨਕ ਜੀਵਨ ਪ੍ਰਦਾਨ ਕਰੇਗਾ। ਨਾਗਰਿਕਤਾ ਦੇ ਅਧਿਕਾਰ ਉਨ੍ਹਾਂ ਦੀ ਸੱਭਿਆਚਾਰਕ, ਭਾਸਾਈ ਅਤੇ ਸਮਾਜਿਕ ਪਛਾਣ ਦੀ ਰੱਖਿਆ ਕਰਨਗੇ। ਅਸਲ ਵਿੱਚ ਇਹ ਕਾਨੂੰਨ ਉਨ੍ਹਾਂ ਲੋਕਾਂ ਲਈ ਹੈ ਜਿਨ੍ਹਾਂ ਨੂੰ ਸਾਲਾਂ ਬੱਧੀ ਜੁਲਮ ਝੱਲਣਾ ਪਿਆ ਹੈ ਅਤੇ ਭਾਰਤ ਤੋਂ ਇਲਾਵਾ ਦੁਨੀਆਂ ਵਿੱਚ ਉਨ੍ਹਾਂ ਲਈ ਕੋਈ ਹੋਰ ਥਾਂ ਨਹੀਂ ਹੈ।

### ਦੇਖੋ ਚੋਰ ਦਾ ਕਾਰਨਾਮਾ, ਇਕੋ ਕੋਠੀ ਨੂੰ 3 ਵਾਰ ਬਣਾਇਆ ਨਿਸ਼ਾਨਾ, ਫਿਰ ਲਗਾ ਦਿੱਤਾ ਆਪਣਾ ਹੀ 'ਤਾਲਾ'

ਲੁਧਿਆਣਾ, 17 ਮਾਰਚ : ਲੁਧਿਆਣਾ ਦੇ ਸ਼ਿਮਲਾਪੁਰੀ ਇਕਾਲੇ ਤੋਂ ਇਕ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਡਾਬਾ ਰੋਡ 'ਤੇ ਸਥਿਤ ਇਕ ਕੋਠੀ 'ਚ ਇਕ ਚੋਰ ਨੇ ਲਗਾਤਾਰ 3 ਵਾਰ ਚੋਰੀ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਹੈ।

ਇਹੀ ਨਹੀਂ, ਉਸ ਨੇ ਉੱਥੇ ਪਹਿਲੀ ਵਾਰ ਚੋਰੀ ਕਰਨ ਤੋਂ ਬਾਅਦ ਕੋਠੀ ਨੂੰ ਆਪਣਾ ਜਿੰਦਾ ਵੀ ਲਾ ਦਿੱਤਾ ਸੀ। ਵਾਰਦਾਤ ਦਾ ਘਰ ਦੇ ਮਾਲਕ ਨੂੰ ਪਤਾ ਲੱਗਾ ਤਾਂ ਉਸ ਨੇ ਸੀ.ਸੀ.ਟੀ.ਵੀ. ਕੈਮਰੇ ਦੀ ਫੁਟੇਜ ਚੈੱਕ ਕੀਤੀ, ਜਿਸ 'ਚ ਚੋਰੀ ਦੀ ਵਾਰਦਾਤ ਬਾਰੇ ਪਤਾ ਲੱਗਾ, ਜਿਸ 'ਤੇ ਉਸ ਨੇ ਥਾਣਾ ਸ਼ਿਮਲਾਪੁਰੀ ਦੀ ਪੁਲਸ ਨੂੰ ਮਾਮਲੇ ਦੀ ਸ਼ਿਕਾਇਤ ਦਰਜ ਕਰਵਾਈ। ਘਰ ਦੇ ਮਾਲਕ ਬਸੰਤ ਸਿਟੀ ਦੇ ਰਹਿਣ ਵਾਲੇ ਦਿਨੇਸ਼ ਢੰਡ ਨੇ ਦੱਸਿਆ ਕਿ ਉਨ੍ਹਾਂ ਦਾ ਆਪਣਾ ਕਾਰੋਬਾਰ ਹੈ। ਉਨ੍ਹਾਂ ਦੀ ਕੋਠੀ 'ਚ ਕਾਫੀ ਸਾਮਾਨ ਰੱਖਿਆ ਹੋਇਆ ਹੈ ਅਤੇ ਕੋਠੀ ਬੰਦ ਰਹਿੰਦੀ ਹੈ।

## ਲੋਕ ਸਭਾ ਚੋਣਾਂ : ਲੁਧਿਆਣਾ 'ਚ ਪੁਲਸ ਨੇ ਵਧਾਈ ਸੁਰੱਖਿਆ, 45 ਪੈਰਾ ਮਿਲਟਰੀ ਫੋਰਸਾਂ ਦੇ ਹੱਥਾਂ 'ਚ ਹੋਵੇਗੀ ਕਮਾਨ

ਲੁਧਿਆਣਾ, 17 ਮਾਰਚ : ਰਾਸ਼ਟਰੀ ਚੋਣ ਕਮਿਸ਼ਨ ਵੱਲੋਂ ਸ਼ਨੀਵਾਰ ਨੂੰ ਚੋਣਾਂ ਦੀ ਤਾਰੀਖ ਦਾ ਐਲਾਨ ਕਰ ਕੇ ਲੋਕ ਸਭਾ ਚੋਣਾਂ ਦਾ ਬਿਗੁਲ ਵਜਾ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਪੰਜਾਬ ਪੁਲਸ ਨੇ ਵੀ ਸੁਰੱਖਿਆ ਦੇ ਲਿਹਾਜ ਨਾਲ ਆਪਣਾ ਲੱਕ ਬੰਨ੍ਹਣਾ ਸ਼ੁਰੂ ਕਰ ਦਿੱਤਾ ਹੈ। ਚੋਣਾਂ 'ਚ ਕਿਸੇ ਤਰ੍ਹਾਂ ਨਾਲ ਸ਼ਾਂਤੀ ਭੰਗ ਨਾ ਹੋਵੇ, ਇਸ ਲਈ ਪੁਲਸ ਨੇ ਸਖਤ ਸੁਰੱਖਿਆ ਪ੍ਰਬੰਧਾਂ ਦੀ ਤਿਆਰੀ ਕੀਤੀ ਹੈ। ਇਸੇ ਹੀ ਤਰ੍ਹਾਂ ਲੁਧਿਆਣਾ ਪੁਲਸ ਪ੍ਰਸ਼ਾਸਨ ਵੱਲੋਂ ਵੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਚੋਣਾਂ 'ਚ ਸੁਰੱਖਿਆ ਦੇ ਮੱਦੇਨਜ਼ਰ ਪੈਰਾ-ਮਿਲਟਰੀ ਫੋਰਸ ਦੀਆਂ 45 ਕੰਪਨੀਆਂ ਕਮਿਸ਼ਨਰੇਟ ਨੂੰ ਮਿਲਣਗੀਆਂ। ਹਾਲ ਦੀ ਘੜੀ ਇਕ ਕੰਪਨੀ ਲੁਧਿਆਣਾ ਪੁੱਜ ਚੁੱਕੀ ਹੈ। ਬਾਕੀ ਫੋਰਸ ਵੀ ਜਲਦ ਆਉਣ ਦੀ ਉਮੀਦ ਹੈ। ਅਸਲ 'ਚ, ਜੇਕਰ ਲੋਕ ਸਭਾ ਲੁਧਿਆਣਾ ਦੀ ਗੱਲ ਕੀਤੀ ਜਾਵੇ ਤਾਂ 9 ਵਿਧਾਨ ਸਭਾ ਹਲਕੇ 'ਚ ਆਉਂਦੇ ਹਨ, ਜਿਸ 'ਚ 7 ਵਿਧਾਨ ਸਭਾ ਹਲਕੇ ਲੁਧਿਆਣਾ ਕਮਿਸ਼ਨਰੇਟ ਅਧੀਨ ਆਉਂਦੇ ਹਨ, ਜਦੋਂ ਕਿ 2 ਵਿਧਾਨ ਸਭਾ ਹਲਕੇ ਲੁਧਿਆਣਾ ਦਿਹਾਤੀ (ਜਗਰਾਓਂ) ਪੁਲਸ ਅਧੀਨ ਆਉਂਦੇ ਹਨ। ਕਮਿਸ਼ਨਰੇਟ ਦੀ ਗੱਲ ਕੀਤੀ ਜਾਵੇ ਤਾਂ ਕਈ ਥਾਣੇ ਸ੍ਰੀ ਫਤਹਿਗੜ੍ਹ ਸਾਹਿਬ ਲੋਕ ਸਭਾ ਹਲਕੇ 'ਚ ਆਉਂਦੇ ਹਨ। ਦੱਸਿਆ ਜਾ ਰਿਹਾ ਹੈ ਕਿ ਕਮਿਸ਼ਨਰੇਟ ਪੁਲਸ ਵੱਲੋਂ 45 ਕੇਂਦਰੀ ਰਿਜ਼ਰਵ ਫੋਰਸ ਦੀ ਮੰਗ ਕੀਤੀ ਗਈ ਹੈ, ਜਿਸ ਤੋਂ ਬਾਅਦ ਇਕ ਕੰਪਨੀ ਤਾਂ ਲੁਧਿਆਣਾ ਪੁੱਜ ਗਈ ਹੈ। ਜੇਕਰ ਲੁਧਿਆਣਾ ਦੀ ਗੱਲ ਕੀਤੀ ਜਾਵੇ ਤਾਂ 17 ਲੱਖ ਤੋਂ ਵੱਧ ਵੋਟਰਾਂ ਦੇ ਹੱਥ 'ਚ ਸੰਸਦ ਮੈਂਬਰ ਚੁਣਨ ਦੀ ਤਾਕਤ ਹੋਵੇਗੀ ਕਿਉਂਕਿ ਲੁਧਿਆਣਾ ਸੀਟ 'ਤੇ ਕੁਲ ਪੋਲਿੰਗ ਸਟੇਸ਼ਨਾਂ ਦੀ ਗਿਣਤੀ 1842 ਹੈ, ਜਿਸ 'ਚ ਕੁੱਲ ਵੋਟਰਾਂ ਦੀ ਗਿਣਤੀ 17 ਲੱਖ 28 ਹਜ਼ਾਰ 619 ਹੈ। ਇਨ੍ਹਾਂ 'ਚ 9 ਲੱਖ 22 ਹਜ਼ਾਰ 5 ਪੁਰਸ਼ ਵੋਟਰ ਹਨ ਅਤੇ 8 ਲੱਖ 6 ਹਜ਼ਾਰ 484 ਮਹਿਲਾ ਵੋਟਰ ਹਨ। ਇਸ ਤੋਂ ਇਲਾਵਾ 130 ਵੋਟਰ ਟਰਾਂਸਜੈਂਡਰ ਹਨ। ਜੇਕਰ ਗੱਲ ਕੀਤੀ ਜਾਵੇ ਤਾਂ 17 ਲੱਖ ਤੋਂ ਵੱਧ ਵੋਟਰਾਂ ਦੇ ਹੱਥ 'ਚ ਮਹਾਨਗਰ ਦਾ ਸੰਸਦ ਮੈਂਬਰ ਚੁਣਨ ਦੀ ਤਾਕਤ ਹੋਵੇਗੀ।

### ਤੇਜ ਰਫਤਾਰ ਕਾਰ ਨੇ ਸਵਾਰੀਆਂ ਨਾਲ ਭਰੇ ਆਟੋ ਨੂੰ ਮਾਰੀ ਟੱਕਰ

ਮੋਗਾ, 17 ਮਾਰਚ : ਮੋਗਾ 'ਚ ਅੱਜ ਲੁਧਿਆਣਾ-ਫਿਰੋਜਪੁਰ ਰੋਡ 'ਤੇ ਉਸ ਵੇਲੇ ਵੱਡਾ ਹਾਦਸਾ ਵਾਪਰ ਗਿਆ, ਜਦੋਂ ਆਟੋ 'ਚ ਸਵਾਰ ਲੋਕ ਹਾਦਸੇ ਦਾ ਸ਼ਿਕਾਰ ਹੋ ਗਏ। ਉਕਤ ਲੋਕ ਪਿੰਡ ਸਲਹੀਨਾ ਤੋਂ ਆਟੋ 'ਤੇ ਸਵੇਰ ਦੇ ਸਮੇਂ ਸਵਾਰ ਹੋ ਜਗਰਾਓਂ ਇਕ ਧਾਰਮਿਕ ਪ੍ਰੋਗਰਾਮ 'ਚ ਜਾ ਰਹੇ ਸਨ। ਇਸ ਦੌਰਾਨ ਮੋਗਾ ਹਾਈਵੇਅ 'ਤੇ ਪਿੱਛੋਂ ਆ ਰਹੀ ਤੇਜ ਰਫਤਾਰ ਗੱਡੀ ਨੇ ਆਟੋ ਨੂੰ ਟੱਕਰ ਮਾਰ ਦਿੱਤੀ।

ਹਾਦਸੇ ਦੌਰਾਨ ਆਟੋ 'ਚ ਬੈਠੀਆਂ ਸਵਾਰੀਆਂ ਕਾਫੀ ਦੂਰ ਤੱਕ ਜਾ ਡਿੱਗੀਆਂ। ਚੰਗੀ ਗੱਲ ਇਹ ਰਹੀ ਕਿ ਹਾਦਸੇ ਦੌਰਾਨ ਕਿਸੇ ਤਰ੍ਹਾਂ ਦੇ ਜਾਨੀ ਨੁਕਸਾਨ ਤੋਂ ਬਚਾਅ ਰਿਹਾ ਅਤੇ ਸਵਾਰੀਆਂ ਨੂੰ ਮਾਮੂਲੀ ਸੱਟਾਂ ਹੀ ਲੱਗੀਆਂ ਹਨ।

## ਮੁਕੇਰੀਆਂ 'ਚ ਗੈਂਗਸਟਰ ਨੂੰ ਫੜ੍ਹਨ ਗਈ ਦੀ ਟੀਮ 'ਤੇ ਚਲਾ 'ਤੀਆਂ ਗੋਲੀਆਂ, ਇਕ ਮੁਲਾਜਮ ਦੀ ਮੌਤ

ਮੁਕੇਰੀਆਂ, 17 ਮਾਰਚ : ਹੁਸ਼ਿਆਰਪੁਰ ਜਿ਼ਲ੍ਹੇ ਦੇ ਕਸਬਾ ਮੁਕੇਰੀਆਂ ਤੋਂ ਵੱਡੀ ਖਬਰ ਸਾਹਮਣੇ ਆਈ ਹੈ। ਇਥੇ ਰੇਡ ਕਰਨ ਗਈ ਹੁਸਿ਼ਆਰਪੁਰ ਦੀ ਸੀ. ਆਈ. ਏ. ਸਟਾਫ ਦੀ ਟੀਮ ਦਾ ਮੁਕਾਬਲਾ ਹੋਇਆ, ਜਿਸ ਨਾਲ ਸੀ. ਆਈ. ਏ. ਸਟਾਫ ਦੇ ਇਕ ਮੁਲਾਜਮ ਦੀ ਛਾਤੀ ਵਿਚ ਗੋਲੀ ਲੱਗਣ ਕਰਕੇ ਮੌਤ ਹੋ ਗਈ। ਮ੍ਰਿਤਕ ਮੁਲਾਜਮ ਦੀ ਪਛਾਣ ਅੰਮ੍ਰਿਤ ਪਾਲ ਵਜੋਂ ਹੋਈ ਹੈ, ਜਿਸ ਦੀ ਛਾਤੀ ਵਿੱਚ ਗੋਲੀ ਲੱਗਣ ਕਾਰਨ ਮੌਤ ਹੋ ਗਈ।

ਮਿਲੀ ਜਾਣਕਾਰੀ ਮੁਤਾਬਕ ਥਾਣਾ ਮੁਕੇਰੀਆਂ ਅਧੀਨ ਪੈਂਦੇ ਪਿੰਡ ਮਹਿਤਪੁਰ ਵਿਖੇ ਸੀ. ਆਈ. ਏ. ਸਟਾਫ ਹੁਸਿ਼ਆਰਪੁਰ ਪੁਲਸ ਵੱਲੋਂ ਇਕ ਗੈਂਗਸਟਰ ਸੁਖਵਿੰਦਰ ਸਿੰਘ ਰਾਣਾ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਮਨਸੂਰਪੁਰ ਨੂੰ ਫੜਨ ਲਈ ਛਾਪੇਮਾਰੀ ਕੀਤੀ ਗਈ ਸੀ। ਇਸ ਦੌਰਾਨ ਸੁਖਵਿੰਦਰ ਸਿੰਘ ਨੇ ਫਾਇਰਿੰਗ ਕਰ ਦਿੱਤੀ, ਜਿਸ ਨਾਲ ਪੁਲਸ ਮੁਲਾਜਮ ਅੰਮ੍ਰਿਤ ਪਾਲ ਸਿੰਘ ਪੁੱਤਰ ਹਰਮਿੰਦਰ ਸਿੰਘ ਨਿਵਾਸੀ ਜੰਡੋਲ ਦੀ ਛਾਤੀ ਵਿੱਚ ਗੋਲੀ ਲੱਗੀ, ਜੋ ਮੌਕੇ 'ਤੇ ਗੰਭੀਰ ਜਖਮੀ ਹੋ ਗਿਆ ।

ਉਸ ਨੂੰ ਸਿਵਲ ਹਸਪਤਾਲ ਦਾਖਲ ਕਰਵਾਇਆ ਅਤੇ ਉਸ ਤੋਂ ਬਾਅਦ ਉਸ ਦੀ ਇਕ ਪ੍ਰਾਈਵੇਟ ਹਸਪਤਾਲ ਵਿੱਚ ਮੌਤ ਹੋ ਗਈ। ਪਤਾ ਲੱਗਾ ਕਿ ਸੁਖਵਿੰਦਰ ਸਿੰਘ ਖਿ਼ਲਾਫ ਪਹਿਲਾਂ ਵੀ ਕਈ ਕੇਸ ਦਰਜ ਹਨ। ਇਹ ਵੀ ਪਤਾ ਲੱਗਾ ਕਿ ਸੁਖਵਿੰਦਰ ਅੱਜ ਕੱਲ੍ਹ ਜਮਾਨਤ 'ਤੇ ਆਇਆ ਹੋਇਆ ਸੀ। ਸੁਖਵਿੰਦਰ ਸਿੰਘ ਨੂੰ ਫੜਨ ਲਈ ਡੀ. ਐੱਸ. ਪੀ. ਵਿਪਨ ਕੁਮਾਰ ਅਤੇ ਐੱਸ. ਐੱਚ. ਓ. ਪ੍ਰਮੋਦ ਕੁਮਾਰ ਦੀ ਅਗਵਾਈ ਹੇਠ ਇਸ ਨੂੰ ਫੜਨ ਲਈ ਵੱਡੀ ਗਿਣਤੀ ਵਿੱਚ ਸਰਚ ਆਪਰੇਸਨ ਚੱਲ ਰਿਹਾ।

# ਮੁੱਖ ਮੰਤਰੀ ਵੱਲੋਂ ਕੰਢੀ ਖੇਤਰ ਦੇ ਲੋਕਾਂ ਨੂੰ ਤੋਹਫ਼ਾ; ਪੀ.ਏ.ਯੂ. ਦਾ ਪਹਿਲਾ ਖੇਤੀਬਾੜੀ ਕਾਲਜ ਕੀਤਾ ਲੋਕਾਂ ਨੂੰ ਸਮਰਪਿਤ



**ਬੱਲੋਵਾਲ ਸੌਂਖੜੀ (ਸ਼ਹੀਦ ਭਗਤ ਸਿੰਘ ਨਗਰ), 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਦੇ ਕੰਢੀ ਖੇਤਰ ਵਿੱਚ ਖੇਤੀਬਾੜੀ ਨੂੰ ਵੱਡਾ ਹੁਲਾਰਾ ਦੇਣ ਦੇ ਉਦੇਸ਼ ਨਾਲ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੇ ਅੱਜ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ.ਏ.ਯੂ.) ਦਾ ਖੇਤੀਬਾੜੀ ਕਾਲਜ ਲੋਕਾਂ ਨੂੰ ਸਮਰਪਿਤ ਕੀਤਾ। ਇਸ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਇਸ ਕਾਲਜ ਦੀ ਸਥਾਪਨਾ ਪੀ.ਏ.ਯੂ. ਵੱਲੋਂ ਸੂਬਾ ਸਰਕਾਰ ਦੇ ਸਹਿਯੋਗ ਨਾਲ ਕੀਤੀ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਇਹ ਕਾਲਜ ਪੀ.ਏ.ਯੂ. ਦਾ ਪਹਿਲਾ ਕਾਲਜ ਹੈ ਜੋ ਯੂਨੀਵਰਸਿਟੀ ਕੈਂਪਸ ਦੇ ਬਾਹਰ ਸਥਾਪਿਤ ਕੀਤਾ ਗਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਕਦਮ ਦਾ ਉਦੇਸ਼ ਇਸ ਖਿੱਤੇ ਵਿੱਚ ਖੇਤੀਬਾੜੀ ਨੂੰ ਹੁਲਾਰਾ ਦੇਣਾ ਹੈ ਕਿਉਂਕਿ ਇਹ ਖਿੱਤਾ ਕੁਝ ਪ੍ਰਸਥਿਤੀਆਂ ਕਾਰਨ ਸੂਬੇ ਦੇ ਬਾਕੀ ਹਿੱਸਿਆਂ ਨਾਲੋਂ ਪਛੜਿਆ ਰਹਿ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਸ ਕਾਲਜ ਦੇ ਖੁੱਲ੍ਹਣ ਨਾਲ ਜਿੱਥੇ ਇੱਕ ਪਾਸੇ ਖੇਤੀਬਾੜੀ ਨੂੰ ਵੱਡਾ ਹੁਲਾਰਾ ਮਿਲੇਗਾ ਉੱਥੇ ਹੀ ਦੂਜੇ ਪਾਸੇ ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ ਰਾਹ ਵੀ ਖੁੱਲ੍ਹਣਗੇ। ਉਨ੍ਹਾਂ ਦੱਸਿਆ ਕਿ ਇਸ ਕਾਲਜ ਵਿੱਚ ਵਿਦਿਆਰਥੀ ਬੀ.ਐਸ.ਸੀ. ਐਗਰੀਕਲਚਰ ਦੇ ਚਾਰ ਸਾਲਾ ਡਿਗਰੀ ਕੋਰਸ ਵਿੱਚ ਦਾਖਲਾ ਲੈ ਸਕਣਗੇ ਅਤੇ ਹਰ ਸਾਲ ਇਸ ਡਿਗਰੀ ਕੋਰਸ ਵਿੱਚ 120 ਵਿਦਿਆਰਥੀ ਦਾਖਲਾ ਲੈ ਸਕਦੇ ਹਨ। ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਸੂਬਾ ਸਰਕਾਰ ਨੇ ਕਾਲਜ ਲਈ 50 ਕਰੋੜ ਰੁਪਏ ਦਾ ਬਜਟ ਰੱਖਿਆ ਹੈ, ਜਿਸ ਵਿੱਚੋਂ 35 ਕਰੋੜ ਰੁਪਏ ਕੈਂਪਸ ਵਿੱਚ ਇਮਾਰਤਾਂ ਦੀ ਉਸਾਰੀ ਲਈ ਅਤੇ ਬਾਕੀ ਦੀ ਰਾਸ਼ੀ ਆਉਣ ਵਾਲੇ ਪੰਜ ਸਾਲਾਂ ਲਈ ਤਨਖਾਹਾਂ ਦੇਣ ਵਾਸਤੇ ਵਰਤੀ ਜਾਵੇਗੀ।

ਮੁੱਖ ਮੰਤਰੀ ਨੇ ਅਫਸੋਸ ਜ਼ਾਹਰ ਕਰਦਿਆਂ ਕਿਹਾ ਪਿਛਲੀਆਂ ਸੂਬਾ ਸਰਕਾਰਾਂ ਦੀ ਅਣਗਹਿਲੀ ਕਾਰਨ ਇਹ ਖੇਤਰ ਵਿਕਾਸ ਪੱਖੋਂ ਪਿੱਛੇ ਰਹਿ ਗਿਆ ਹੈ। ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਸੂਬਾ ਸਰਕਾਰ ਕੁਦਰਤੀ ਸੋਮਿਆਂ ਦੀ ਭਰਮਾਰ ਵਾਲੇ ਇਸ ਖੇਤਰ ਦੇ ਸਰਬਪੱਖੀ ਵਿਕਾਸ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਲੋਕਾਂ ਦੇ ਜੀਵਨ ਵਿੱਚ ਤਬਦੀਲੀ ਲਿਆਉਣ ਵਾਸਤੇ ਇਸ ਖੇਤਰ ਵਿੱਚ ਆਰਥਿਕ ਗਤੀਵਿਧੀਆਂ ਨੂੰ ਹੁਲਾਰਾ ਦੇਣਾ ਸਮੇਂ ਦੀ ਲੋੜ ਹੈ।

# 7 ਗੇੜਾਂ ’ਚ ਹੋਣਗੀਆਂ ਲੋਕ ਸਭਾ ਚੋਣਾਂ, 19 ਅਪਰੈਲ ਨੂੰ ਪੈਣਗੀਆਂ ਪਹਿਲੇ ਗੇੜ ਲਈ ਵੋਟਾਂ

## ਪੰਜਾਬ ’ਚ ਪਹਿਲੀ ਜੂਨ ਨੂੰ ਵੋਟਿੰਗ ਤੇ 4 ਜੂਨ ਨੂੰ ਆਉਣਗੇ ਨਤੀਜੇ




**ਨਵੀਂ ਦਿੱਲੀ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੇ ਚੋਣ ਕਮਿਸ਼ਨ ਨੇ ਅੱਜ ਦੇਸ਼ ਦੀਆਂ 543 ਲੋਕ ਸੀਟਾਂ ਲਈ ਚੋਣਾਂ ਦਾ ਐਲਾਨ ਕਰ ਦਿੱਤਾ। ਲੋਕ ਸਭਾ ਚੋਣਾਂ 7 ਗੇੜਾਂ ’ਚ ਹੋਣੀਆਂ ਤੇ 19 ਅਪਰੈਲ ਨੂੰ ਪਹਿਲੇ ਗੇੜ ਦੀਆਂ ਵੋਟਾਂ ਪੈਣਗੀਆਂ। ਵੋਟਾਂ ਦੀ ਗਿਣਤੀ 4 ਜੂਨ ਨੂੰ ਹੋਵੇਗੀ। 26 ਅਪਰੈਲ ਨੂੰ ਦੂਜੇ ਗੇੜ ਲਈ ਵੋਟਾਂ ਪੈਣਗੀਆਂ। 7, 13 ਤੇ 20 ਤੇ 25 ਮਈ ਤੇ ਪਹਿਲੀ ਜੂਨ ਨੂੰ ਕ੍ਰਮਵਾਰ ਤੀਜੇ, ਚੌਥੇ, ਪੰਜਵੇਂ, ਛੇਵੇਂ ਤੇ ਸੱਤਵੇਂ ਗੇੜ ਲਈ ਵੋਟਾਂ ਪੈਣਗੀਆਂ। ਪੰਜਾਬ ’ਚ ਲੋਕ ਸਭਾ ਚੋਣਾਂ ਦੇ ਆਖਰੀ ਗੇੜ ’ਚ ਵੋਟਾਂ ਪੈਣਗੀਆਂ। ਇਸ ਦੇ ਨਾਲ 4 ਰਾਜਾਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਦਾ ਵੀ ਐਲਾਨ ਕੀਤਾ। ਸਿੱਕਮ, ਉੜੀਸਾ, ਅਰੁਣਾਚਲ ਪ੍ਰਦੇਸ਼ ਤੇ ਆਂਧਰਾ ਪ੍ਰਦੇਸ਼ ’ਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਚੋਣਾਂ ਦਾ ਐਲਾਨ ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਨੇ ਕੀਤਾ। ਦੇਸ਼ ’ਚ ਆਦਰਸ਼ ਚੋਣ ਜ਼ਾਬਤਾ ਲਾਗੂ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਦੇਸ਼ ਵਿੱਚ ਕਰੀਬ 97 ਕਰੋੜ ਰਜਿਸਟਰਡ ਵੋਟਰ ਹਨ। ਇਨ੍ਹਾਂ ’ਚ 47.1 ਕਰੋੜ ਮਹਿਲਾ ਵੋਟਰ ਹਨ। 10.5 ਲੱਖ ਤੋਂ ਵੱਧ ਪੋਲਿੰਗ ਸਟੇਸ਼ਨ ਹਨ। 55 ਲੱਖ ਈਵੀਐਮ ਦੀ ਹੋਵੇਗੀ ਵਰਤੋਂ। ਮੁੱਖ ਚੋਣ ਕਮਿਸ਼ਨਰ ਨੇ ਇਸ ਦੌਰਾਨ ਕਈ ਸ਼ੇਅਰ ਵੀ ਸੁਣਾਏ।

ਪਹਿਲੇ ਗੇੜ ਲਈ 102 ਸੀਟਾਂ, ਦੂਜੇ ਗੇੜ ’ਚ 89 ਸੀਟਾਂ, ਤੀਜੇ ਗੇੜ ’ਚ 94 ਸੀਟਾਂ, ਚੌਥੇ ਗੇੜ ’ਚ 96 ਸੀਟਾਂ, ਪੰਜਵੇਂ ਗੇੜ ’ਚ 49 ਸੀਟਾਂ, ਛੇਵੇਂ ਗੇੜ ’ਚ 57 ਸੀਟਾਂ ਤੇ ਸੱਤਵੇਂ ਗੇੜ ’ਚ 57 ਸੀਟਾਂ ’ਤੇ ਵੋਟਾਂ ਪੈਣਗੀਆਂ।

ਅਰੁਣਾਚਲ ਪ੍ਰਦੇਸ਼ ਵਿਧਾਨ ਸਭਾ ਦੀਆਂ 60 ਤੇ ਸਿੱਕਮ ਦੀਆਂ 32 ਸੀਟਾਂ ਲਈ 19 ਅਪਰੈਲ ਨੂੰ ਵੋਟਾਂ ਪੈਣਗੀਆਂ। ਆਂਧਰਾ ਪ੍ਰਦੇਸ਼ ’ਚ 13 ਮਈ ਨੂੰ ਵੋਟਾਂ ਪੈਣਗੀਆਂ।ਉੜੀਸਾ ਵਿਧਾਨ ਸਭਾ ਦੀਆਂ ਚੋਣਾਂ ਚਾਰ ਪੜਾਵਾਂ ਵਿੱਚ 13, 20 , 25 ਮਈ ਅਤੇ 1 ਜੂਨ ਨੂੰ ਹੋਣਗੀਆਂ। 26 ਵਿਧਾਨ ਸਭਾ ਹਲਕਿਆਂ ਲਈ ਜ਼ਿਮਨੀ ਚੋਣਾਂ ਵੀ ਕਰਵਾਈਆਂ ਜਾਣਗੀਆਂ।

ਚੋਣ ਕਮਿਸ਼ਨ ਮੁਤਾਬਕ 85 ਸਾਲ ਤੋਂ ਵੱਧ ਉਮਰ ਦੇ ਸਾਰੇ ਵੋਟਰ ਜਾਂ ਦਿਵਿਆਂਗ ਵੋਟਰ ਦੇ ਘਰ ਫਾਰਮ ਭੇਜੇ ਜਾਣਗੇ, ਤਾਂ ਕਿ ਉਹ ਘਰ ਤੋਂ ਵੋਟ ਪਾ ਸਕਣ। ਚੋਣ ਕਮਿਸ਼ਨਰ ਰਾਜੀਵ ਕੁਮਾਰ ਨੇ ਕਿਹਾ ਕਿ 16 ਜੂਨ ਨੂੰ ਲੋਕ ਸਭਾ ਦਾ ਕਾਰਜਕਾਲ ਪੂਰਾ ਹੋਵੇਗਾ। ਸਾਡੀ ਹਰ ਚੋਣ ਚੁਣੌਤੀ ਅਤੇ ਪ੍ਰੀਖਿਆ ਹੁੰਦੀ ਹੈ। ਕਰੀਬ 50 ਕਰੋੜ ਪੁਰਸ਼ ਅਤੇ 47 ਕਰੋੜ ਤੋਂ ਵੱਧ ਔਰਤਾਂ ਵੋਟ ਦੇ ਅਧਿਕਾਰ ਦੀ ਵਰਤੋਂ ਕਰਨਗੇ।

# ਮੁੱਖ ਮੰਤਰੀ ਨੇ ਪੰਜਾਬ ਨੂੰ ਮੋਹਰੀ ਸੂਬਾ ਬਣਾ ਕੇ ਸ਼ਹੀਦ ਭਗਤ ਸਿੰਘ ਦੇ ਸੁਪਨੇ ਸਾਕਾਰ ਕਰਨ ਦਾ ਅਹਿਦ ਦੁਹਰਾਇਆ



**ਖਟਕੜ ਕਲਾਂ (ਸ਼ਹੀਦ ਭਗਤ ਸਿੰਘ ਨਗਰ), 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਆਪਣੇ ਕਾਰਜਕਾਲ ਦੇ ਦੋ ਸਾਲ ਪੂਰੇ ਹੋਣ ’ਤੇ ਅੱਜ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜੱਦੀ ਪਿੰਡ ਵਿਖੇ ਨਤਮਸਤਕ ਹੋਏ। ਇਸ ਮੌਕੇ ਉਨ੍ਹਾਂ ਨੇ ਪੰਜਾਬ ਨੂੰ ਹਰੇਕ ਖੇਤਰ ਵਿੱਚ ਮੋਹਰੀ ਸੂਬਾ ਬਣਾ ਕੇ ਮਹਾਨ ਸ਼ਹੀਦ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਹੋਰ ਵੀ ਵੱਡੇ ਉਪਰਾਲੇ ਕਰਨ ਦਾ ਅਹਿਦ ਲਿਆ। ਸ਼ਹੀਦ-ਏ-ਆਜ਼ਮ ਦੇ ਜੀਵਨ ਨੂੰ ਦਰਸਾਉਣ ਲਈ ਹਾਈ-ਟੈਕ ਅਜਾਇਬ ਘਰ ਨੂੰ ਸਮਰਪਿਤ ਕਰਨ ਉਪਰੰਤ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਠੀਕ ਦੋ ਸਾਲ ਪਹਿਲਾਂ ਉਨ੍ਹਾਂ ਨੇ ਇਸ ਪਵਿੱਤਰ ਧਰਤੀ ’ਤੇ ਸਹੁੰ ਚੁੱਕਣ ਤੋਂ ਬਾਅਦ ਹੀ ਆਪਣਾ ਅਹੁਦਾ ਸੰਭਾਲਿਆ ਸੀ। ਉਨ੍ਹਾਂ ਕਿਹਾ ਕਿ ਉਦੋਂ ਤੋਂ ਲੈ ਕੇ ਹੁਣ ਤੱਕ ਉਨ੍ਹਾਂ ਦਾ ਹਰ ਕਾਰਜ ਉਸ ਮਹਾਨ ਸ਼ਹੀਦ ਦੇ ਸੁਪਨਿਆਂ ਨੂੰ ਪੂਰਾ ਕਰਨਾ ਹੈ, ਜਿਨ੍ਹਾਂ ਨੇ ਦੇਸ਼ ਨੂੰ ਵਿਦੇਸ਼ੀ ਸਾਮਰਾਜਵਾਦ ਦੇ ਚੁੰਗਲ ਤੋਂ ਮੁਕਤ ਕਰਵਾਉਣ ਲਈ ਆਪਣੀ ਜਾਨ ਨਿਛਾਵਰ ਕਰ ਦਿੱਤੀ ਸੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਇਸ ਉਦੇਸ਼ ਨੂੰ ਲੈ ਕੇ ਸੂਬੇ ਦੇ ਵਿਕਾਸ ਨੂੰ ਹੁਲਾਰਾ ਦੇਣ ਅਤੇ ਇੱਥੋਂ ਦੇ ਲੋਕਾਂ ਦੀ ਖੁਸ਼ਹਾਲੀ ਨੂੰ ਯਕੀਨੀ ਬਣਾਉਣ ਲਈ ਕਈ ਲੋਕ ਪੱਖੀ ਅਤੇ ਨਾਗਰਿਕ ਕੇਂਦਰਿਤ ਸਕੀਮਾਂ ਸ਼ੁਰੂ ਕੀਤੀਆਂ ਹਨ। ਮੁੱਖ ਮੰਤਰੀ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਪਿਛਲੇ ਦੋ ਸਾਲਾਂ ਵਿੱਚ ਉਨ੍ਹਾਂ ਨੇ ਇੱਕ ਮਿੰਟ ਲਈ ਵੀ ਅਰਾਮ ਨਹੀਂ ਕੀਤਾ ਅਤੇ ਸੂਬੇ ਦੀ ਤਰੱਕੀ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਦੇ ਨਤੀਜੇ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ ਕਿਉਂਕਿ ਸੂਬਾ ਸਰਕਾਰ ਦੇ ਅਣਥੱਕ ਯਤਨਾਂ ਸਦਕਾ ਪੰਜਾਬ ਵਿੱਚ ਜਸ਼ਨ ਮਨਾਉਣ ਦੇ ਸਮਾਗਮ ਹੋਣੇ ਸ਼ੁਰੂ ਹੋ ਗਏ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਆਉਣ ਵਾਲੇ ਸਾਲਾਂ ਵਿੱਚ ਵੀ ਇਸ ਗਤੀ ਨੂੰ ਬਰਕਰਾਰ ਰੱਖਿਆ ਜਾਵੇਗਾ ਅਤੇ ਪੰਜਾਬ ਜਲਦੀ ਹੀ ਦੇਸ਼ ਦਾ ਮੋਹਰੀ ਸੂਬਾ ਬਣ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਮਹਾਨ ਗੁਰੂਆਂ, ਪੀਰਾਂ-ਪੈਗੰਬਰਾਂ, ਸੰਤਾਂ-ਮਹਾਂਪੁਰਸ਼ਾਂ ਅਤੇ ਸ਼ਹੀਦਾਂ ਦੇ ਆਸ਼ੀਰਵਾਦ ਨਾਲ ਉਨ੍ਹਾਂ ਦੀ ਸਰਕਾਰ ਸਾਫ ਨੀਅਤ ਨਾਲ ਲੋਕਾਂ ਦੀ ਭਲਾਈ ਲਈ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਸੂਬੇ ਅਤੇ ਦੇਸ਼ ਦੇ ਨੌਜਵਾਨਾਂ ਲਈ ਜੋਸ਼ ਅਤੇ ਨਿਰਸਵਾਰਥ ਹੋ ਕੇ ਦੇਸ਼ ਦੀ ਸੇਵਾ ਕਰਨ ਦਾ ਰੋਲ ਮਾਡਲ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਧਰਤੀ ਉਨ੍ਹਾਂ ਲਈ ਪ੍ਰੇਰਨਾ ਸਰੋਤ ਰਹੀ ਹੈ ਅਤੇ ਜਦੋਂ ਉਹ ਪਹਿਲੀ ਵਾਰ ਐਮ.ਪੀ. ਚੁਣੇ ਗਏ ਸਨ ਤਾਂ ਸਰਟੀਫਿਕੇਟ ਲੈਣ ਤੋਂ ਤੁਰੰਤ ਬਾਅਦ ਇੱਥੇ ਮੱਥਾ ਟੇਕਣ ਆਏ ਸਨ। ਮੁੱਖ ਮੰਤਰੀ ਨੇ ਅਫਸੋਸ ਪ੍ਰਗਟ ਕੀਤਾ ਕਿ ਆਜ਼ਾਦੀ ਦੇ 75 ਸਾਲ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਦੇਸ਼ ਦੇ ਲੋਕ ਬੁਨਿਆਦੀ ਸਾਧਨਾਂ ਲਈ ਯਤਨਸ਼ੀਲ ਹਨ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਬਣਨ ਤੋਂ ਬਾਅਦ ਇਹ ਫੈਸਲਾ ਕੀਤਾ ਗਿਆ ਸੀ ਕਿ ਸੂਬੇ ਦੇ ਸਾਰੇ ਸਰਕਾਰੀ ਦਫਤਰਾਂ ਵਿੱਚ ਸ਼ਹੀਦ ਭਗਤ ਸਿੰਘ ਅਤੇ ਡਾ. ਬੀ.ਆਰ.ਅੰਬੇਦਕਰ ਦੀਆਂ ਤਸਵੀਰਾਂ ਲਗਾਈਆਂ ਜਾਣਗੀਆਂ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਉਪਰਾਲਾ ਇਨ੍ਹਾਂ ਦੋਵਾਂ ਆਗੂਆਂ ਨੂੰ ਸ਼ਰਧਾਂਜਲੀ ਹੈ ਕਿਉਂਕਿ ਸ਼ਹੀਦ ਭਗਤ ਸਿੰਘ ਨੇ ਦੇਸ਼ ਲਈ ਆਜ਼ਾਦੀ ਲਿਆਂਦੀ ਸੀ ਜਦਕਿ ਬਾਬਾ ਸਾਹਿਬ ਭਾਰਤ ਦੇ ਸੰਵਿਧਾਨ ਦੇ ਮੁੱਖ ਨਿਰਮਾਤਾ ਸਨ, ਜੋ ਸਾਡੇ ਲੋਕਤੰਤਰ ਨੂੰ ਸੇਧ ਦੇ ਰਹੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਅੱਜ ਆਜ਼ਾਦੀ ਅਤੇ ਜਮਹੂਰੀਅਤ, ਦੋਵੇਂ ਖਤਰੇ ਵਿੱਚ ਹਨ ਕਿਉਂਕਿ ਕੇਂਦਰ ਸਰਕਾਰ ਇਨ੍ਹਾਂ ਨੂੰ ਸਾਬੋਤਾਜ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡ ਰਹੀ ਹੈ।

## ਲੋਕ ਸਭਾ ਚੋਣਾਂ 2024: ਮੁੱਖ ਚੋਣ ਅਧਿਕਾਰੀ ਵੱਲੋਂ ਡਿਪਟੀ ਕਮਿਸ਼ਨਰਾਂ-ਕਮ-ਜ਼ਿਲ੍ਹਾ ਚੋਣ ਅਧਿਕਾਰੀਆਂ ਨਾਲ ਮੀਟਿੰਗ

**ਚੰਡੀਗੜ੍ਹ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਦੇਸ਼ ਵਿਚ ਲੋਕ ਸਭਾ ਚੋਣਾਂ ਦੇ ਐਲਾਨ ਤੋਂ ਬਾਅਦ ਪੰਜਾਬ ਦੇ ਮੁੱਖ ਚੋਣ ਅਫ਼ਸਰ ਸਿਬਿਨ ਸੀ ਨੇ ਸੂਬੇ ਦੇ ਸਾਰੇ ਡਿਪਟੀ ਕਮਿਸ਼ਨਰਾਂ-ਕਮ-ਜ਼ਿਲ੍ਹਾ ਚੋਣ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਉਨ੍ਹਾਂ ਡਿਪਟੀ ਕਮਿਸ਼ਨਰਾਂ ਨੂੰ ਹਦਾਇਤ ਕੀਤੀ ਕਿ ਉਹ ਆਦਰਸ਼ ਚੋਣ ਜ਼ਾਬਤੇ (ਐਮਸੀਸੀ) ਦੇ ਦਿਸ਼ਾ-ਨਿਰਦੇਸ਼ਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਨੂੰ ਯਕੀਨੀ ਬਣਾਉਣ ਤਾਂ ਜੋ ਸੁਤੰਤਰ ਅਤੇ ਨਿਰਪੱਖ ਚੋਣਾਂ ਨੂੰ ਯਕੀਨੀ ਬਣਾਇਆ ਜਾ ਸਕੇ। ਸਿਬਿਨ ਸੀ ਨੇ ਅਧਿਕਾਰੀਆਂ ਨੂੰ ਐਮਸੀਸੀ ਟੀਮਾਂ ਨੂੰ ਸਰਗਰਮ ਰਹਿਣ ਅਤੇ ਜਨਤਕ ਤੇ ਨਿੱਜੀ ਸਥਾਨਾਂ ’ਤੇ ਸਾਰੀਆਂ ਉਲੰਘਣਾਵਾਂ ਨੂੰ ਤੁਰੰਤ ਹਟਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਸੀ-ਵਿਜੀਲ ਐਪ ’ਤੇ ਅਧਿਕਾਰੀਆਂ ਨੂੰ ਸ਼ਿਕਾਇਤਾਂ ’ਤੇ ਕਾਰਵਾਈ ਕਰਨ ਲਈ 100 ਮਿੰਟ ਦੇ ਸਮੇਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਵੀ ਕਿਹਾ। ਸੀ-ਵਿਜੀਲ ਖਾਸ ਤੌਰ ’ਤੇ ਇੱਕ ਮੋਬਾਈਲ ਐਪਲੀਕੇਸ਼ਨ ਹੈ ਜੋ ਭਾਰਤੀ ਚੋਣ ਕਮਿਸ਼ਨ ਦੁਆਰਾ ਬਣਾਈ ਗਈ ਹੈ ਤਾਂ ਜੋ ਨਾਗਰਿਕਾਂ ਨੂੰ ਚੋਣਾਂ ਦੌਰਾਨ ਆਦਰਸ਼ ਚੋਣ ਜ਼ਾਬਤੇ ਦੀਆਂ ਉਲੰਘਣਾਵਾਂ ਦੀ ਰਿਪੋਰਟ ਕਰਨ ਦੇ ਸਮਰੱਥ ਬਣਾਇਆ ਜਾ ਸਕੇ।

## ਅਯੋਗ ਠਹਿਰਾਏ ਗਏ 6 ਵਿਧਾਇਕਾਂ ਦੀ ਪਟੀਸ਼ਨ ’ਤੇ ਸੁਪਰੀਮ ਕੋਰਟ 18 ਮਾਰਚ ਕਰੇਗਾ ਸੁਣਵਾਈ



**ਨਵੀਂ ਦਿੱਲੀ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਕਾਂਗਰਸ ਦੇ ਉਨ੍ਹਾਂ 6 ਬਾਗੀ ਵਿਧਾਇਕਾਂ ਦੀ ਰਾਜ ਵਿਧਾਨ ਸਭਾ ਤੋਂ ਉਨ੍ਹਾਂ ਨੂੰ ਅਯੋਗ ਠਹਿਰਾਏ ਜਾਣ ਖ਼ਿਲਾਫ਼ ਪਟੀਸ਼ਨ ’ਤੇ 18 ਮਾਰਚ ਨੂੰ ਸੁਣਵਾਈ ਕਰੇਗਾ, ਜਿਨ੍ਹਾਂ ਨੇ ਹਿਮਾਚਲ ਪ੍ਰਦੇਸ਼ ’ਚ ਹਾਲ ਹੀ ’ਚ ਰਾਜ ਸਭਾ ’ਚ ਚੋਣਾਂ ’ਚ ‘ਕ੍ਰਾਸ ਵੋਟਿੰਗ’ (ਵਿਰੋਧੀ ਉਮੀਦਵਾਰ ਦੇ ਪੱਖ ’ਚ ਵੋਟਿੰਗ) ਕੀਤੀ ਸੀ। 6 ਬਾਗੀ ਵਿਧਾਇਕ- ਸੁਧੀਰ ਸ਼ਰਮਾ, ਰਵੀ ਠਾਕੁਰ, ਰਵਿੰਦਰ ਰਾਣਾ, ਇੰਦਰ ਦੱਤ ਲਖਨਪਾਲ, ਚੇਤਨਯ ਸ਼ਰਮਾ ਅਤੇ ਦੇਵਿੰਦਰ ਕੁਮਾਰ ਭੁੱਟੋ ਨੂੰ ਕਾਂਗਰਸ ਦੇ ਵਹਿਪ ਦੀ ਉਲੰਘਣਾ ਕਰਨ ਲਈ ਅਯੋਗ ਐਲਾਨ ਕਰ ਦਿੱਤਾ ਸੀ।

ਕਾਂਗਰਸ ਦੇ ਵਹਿਪ ਅਨੁਸਾਰ ਉਨ੍ਹਾਂ ਨੂੰ ਸਦਨ ’ਚ ਮੌਜੂਦ ਰਹਿਣ ਅਤੇ ਬਜਟ ਦੇ ਪੱਖ ’ਚ ਵੋਟਿੰਗ ਕਰਨ ਦੀ ਜ਼ਰੂਰਤ ਸੀ। ਸੁਪਰੀਮ ਕੋਰਟ ਦੀ ਵੈੱਬਸਾਈਟ ’ਤੇ ਅਪਲੋਡ ਕੀਤੀ ਗਈ ਸੋਮਵਾਰ ਦੀ ਵਾਦ ਸੂਚੀ ਅਨੁਸਾਰ, ਪਟੀਸ਼ਨ ਜੱਜ ਸੰਜੀਵ ਖੰਨਾ ਅਤੇ ਜੱਜ ਦੀਪਾਂਕਰ ਦੱਤਾ ਦੀ ਬੈਂਚ ਦੇ ਸਾਹਮਣੇ ਸੁਣਵਾਈ ਲਈ ਆਏਗੀ। ਜਦੋਂ 12 ਮਾਰਚ ਨੂੰ ਸੁਪਰੀਮ ਕੋਰਟ ਨੇ ਪਟੀਸ਼ਨ ’ਤੇ ਸੁਣਵਾਈ ਕੀਤੀ ਸੀ ਤਾਂ ਬੈਂਚ ਨੇ ਪਟੀਸ਼ਨਕਰਤਾ ਤੋਂ ਪੁੱਛਿਆ ਸੀ ਕਿ ਉਨ੍ਹਾਂ ਨੇ ਆਪਣੀ ਅਯੋਗਤਾ ਨੂੰ ਚੁਣੌਤੀ ਦੇਣ ਲਈ ਹਾਈ ਕੋਰਟ ਦਾ ਰੁਖ ਕਿਉਂ ਨਹੀਂ ਕੀਤਾ। ਪਟੀਸ਼ਨਕਰਤਾਵਾਂ ਵਲੋਂ ਪੇਸ਼ ਵਕੀਲ ਨੇ ਕਿਹਾ ਸੀ ਕਿ ਇਹ ਇਕ ਦੁਰਲੱਭ ਮਾਮਲਾ ਹੈ, ਜਿੱਥੇ ਵਿਧਾਨ ਸਭਾ ਸਪੀਕਰ ਨੇ 18 ਘੰਟੇ ਅੰਦਰ ਇਨ੍ਹਾਂ ਵਿਧਾਇਕਾਂ ਨੂੰ ਅਯੋਗ ਐਲਾਨ ਕਰ ਦਿੱਤਾ।

# ਜਲ ਸੈਨਾ ਨੇ ਸਮੁੰਦਰੀ ਡਾਕੂਆਂ ਵਲੋਂ ਜਹਾਜ਼ ਨੂੰ ਹਾਈਜੈੱਕ ਕਰਨ ਦੀ ਕੋਸ਼ਿਸ਼ ਕੀਤੀ ਅਸਫ਼ਲ



**ਨਵੀਂ ਦਿੱਲੀ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਜਲ ਸੈਨਾ ਨੇ ਸੋਮਾਲੀਆ ਦੇ ਪੂਰਬੀ ਤੱਟ ’ਤੇ ਸਮੁੰਦਰੀ ਡਾਕੂਆਂ ਦੁਆਰਾ ਜਹਾਜ਼ਾਂ ਨੂੰ ਅਗਵਾਕਰਨ ਦੀ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ। ਅਧਿਕਾਰੀਆਂ ਨੇ ਸ਼ਨੀਵਾਰ ਨੂੰ ਦੱਸਿਆ ਕਿ ਸਮੁੰਦਰੀ ਡਾਕੂ ਉਸ ਜਹਾਜ਼ ’ਤੇ ਸਵਾਰ ਸਨ, ਜਿਸ ਨੂੰ ਕਰੀਬ ਤਿੰਨ ਮਹੀਨੇ ਪਹਿਲਾਂ ਅਗਵਾ ਕਰ ਲਿਆ ਗਿਆ ਸੀ। ਜਲ ਸੈਨਾ ਨੇ ਕਿਹਾ,÷ਸਮੁੰਦਰ ਵਿਚ ਹਾਈਜੈਕਿੰਗ ਦੀਆਂ ਕਾਰਵਾਈਆਂ ਨੂੰ ਅੰਜਾਮ ਦੇਣ ਲਈ ਐਮਵੀ ਰੁਏਨ ਦਾ ਸਮੁੰਦਰੀ ਡਾਕੂਆਂ ਦੇ ਜਹਾਜ਼ ਵਜੋਂ ਇਸਤੇਮਾਲ ਕੀਤੇ ਜਾਣ ਦੀ ਜਾਣਕਾਰੀ ਹੈ।” ਇਸ ਜਹਾਜ਼ ਨੂੰ ਸੋਮਾਲੀਅਨ ਸਮੁੰਦਰੀ ਡਾਕੂਆਂ ਨੇ 14 ਦਸੰਬਰ ਨੂੰ ਅਗਵਾਕਰ ਲਿਆ ਸੀ।”

ਉਨ੍ਹਾਂ ਦੱਸਿਆ ਕਿ ਭਾਰਤੀ ਜਲ ਸੈਨਾ ਦੇ ਇਕ ਜੰਗੀ ਬੇੜੇ ਨੇ 15 ਮਾਰਚ ਨੂੰ ਇਸ ਜਹਾਜ਼ ਦਾ ਪਿੱਛਾ ਕੀਤਾ। ਜਲ ਸੈਨਾ ਨੇ ਦੱਸਿਆ ਕਿ ਜਹਾਜ਼ ਤੋਂ ਜੰਗੀ ਬੇੜੇ ’ਤੇ ਗੋਲੀਬਾਰੀ ਕੀਤੀ ਗਈ ਅਤੇ ਭਾਰਤੀ ਜਹਾਜ਼ ਵਲੋਂ ਆਤਮ ਰੱਖਿਆ ’ਚ ਅਤੇ ਨੌਵਹਿਨ ਅਤੇ ਮਲਾਹਾਂ ਨੂੰ ਸਮੁੰਦਰੀ ਡਾਕੂਆਂ ਦੇ ਖ਼ਤਰੇ ਤੋਂ ਬਚਾਉਣ ਲਈ ਜ਼ਰੂਰੀ ਘੱਟੋ-ਘੱਟ ਫ਼ੋਰਸ ਨਾਲ ਸਮੁੰਦਰੀ ਡਕੈਤੀ ਨਾਲ ਨਜਿੱਠਣ ਲਈ ਕੌਮਾਂਤਰੀ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਗਈ। ਜਲ ਸੈਨਾ ਨੇ ਇਕ ਬਿਆਨ ’ਚ ਕਿਹਾ,”ਜਹਾਜ਼ ’ਤੇ ਸਵਾਰ ਸਮੁੰਦਰੀ ਡਾਕੂਆਂ ਨੂੰ ਆਤਮਸਮਰਪਣ ਕਰਨ ਅਤੇ ਉਨ੍ਹਾਂ ਵਲੋਂ ਬੰਧਕ ਬਣਾਏ ਜਹਾਜ਼ ਅਤੇ ਨਾਗਰਿਕ ਨੂੰ ਰਿਹਾਅ ਕਰਨ ਦੀ ਅਪੀਲ ਕੀਤੀ ਗਈ।”

ਇਸ ’ਚ ਕਿਹਾ ਗਿਆ ਹੈ,”ਭਾਰਤੀ ਜਲ ਸੈਨਾ ਇਸ ਖੇਤਰ ’ਚ ਸਮੁੰਦਰੀ ਸੁਰੱਖਿਆ ਅਤੇ ਮਲਾਹਾਂ ਦੀ ਸੁਰੱਖਿਆ ਲਈ ਵਚਨਬੱਧ ਹੈ।”

## ਦਿੱਲੀ ਦੀ ਅਦਾਲਤ ਨੇ ਈਡੀ ਦੇ ਸੰਮਨ ’ਤੇ ਪੇਸ਼ ਨਾ ਹੋਣ ਦੇ ਮਾਮਲੇ ’ਚ ਕੇਜਰੀਵਾਲ ਨੂੰ ਜ਼ਮਾਨਤ ਦਿੱਤੀ



**ਨਵੀਂ ਦਿੱਲੀ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਇਥੋਂ ਅਦਾਲਤ ਨੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਕਥਿਤ ਆਬਕਾਰੀ ਨੀਤੀ ਘਪਲੇ ਨਾਲ ਸਬੰਧਤ ਮਨੀ ਲਾਂਡਰਿੰਗ ਮਾਮਲੇ ਵਿੱਚ ਸੰਮਨਾਂ ’ਤੇ ਪੇਸ਼ ਨਾ ਹੋਣ ਕਾਰਨ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵੱਲੋਂ ਦਾਇਰ ਕੀਤੀਆਂ ਦੋ ਸ਼ਿਕਾਇਤਾਂ ਦੇ ਸਬੰਧ ਵਿੱਚ ਅੱਜ ਜ਼ਮਾਨਤ ਦੇ ਦਿੱਤੀ ਹੈ। ਐਡੀਸ਼ਨਲ ਚੀਫ਼ ਮੈਟਰੋਪੋਲੀਟਨ ਮੈਜਿਸਟ੍ਰੇਟ ਦਿਵਿਆ ਮਲਹੋਤਰਾ ਨੇ ਅਦਾਲਤ ’ਚ ਪੇਸ਼ ਹੋਏ ਸ੍ਰੀ ਕੇਜਰੀਵਾਲ ਨੂੰ ਕੋਰਟ ਰੂਮ ਤੋਂ ਬਾਹਰ ਜਾਣ ਦੀ ਇਜਾਜ਼ਤ ਦਿੱਤੀ। ਅਦਾਲਤ ਨੇ ਕਿਹਾ, ‘ਅਪਰਾਧ ਜ਼ਮਾਨਤਯੋਗ ਹੈ, ਇਸ ਲਈ ਅਰਵਿੰਦ ਕੇਜਰੀਵਾਲ ਨੂੰ ਜ਼ਮਾਨਤ ਦਿੱਤੀ ਜਾਂਦੀ ਹੈ।’

ਅਦਾਲਤ ਨੇ ਈਡੀ ਨੂੰ ਸ਼ਿਕਾਇਤਾਂ ਨਾਲ ਸਬੰਧਤ ਦਸਤਾਵੇਜ਼ ਮੁੱਖ ਮੰਤਰੀ ਨੂੰ ਸੌਂਪਣ ਦਾ ਵੀ ਨਿਰਦੇਸ਼ ਦਿੱਤਾ ਹੈ।

## ਮੋਦੀ ਸਰਕਾਰ ਨੇ ਯਾਸੀਨ ਮਲਿਕ ਦੀ ਅਗਵਾਈ ਹੇਠਲੇ ਜੇਕੇਐੱਲਐੱਫ ਤੇ ਜੰਮੂ ਕਸ਼ਮੀਰ ਪੀਪਲਜ਼ ਫਰੀਡਮ ’ਤੇ ਪਾਬੰਦੀ ਲਗਾਈ



**ਨਵੀਂ ਦਿੱਲੀ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮੋਦੀ ਸਰਕਾਰ ਨੇ ਜੇਲ੍ਹ ’ਚ ਅਤਿਵਾਦ ਦੇ ਦੋਸ਼ਾਂ ਹੇਠ ਬੰਦ ਯਾਸੀਨ ਮਲਿਕ ਦੀ ਅਗਵਾਈ ਵਾਲੇ ਜੰਮੂ-ਕਸ਼ਮੀਰ ਲਿਬਰੇਸ਼ਨ ਫਰੰਟ, ਜੰਮੂ-ਕਸ਼ਮੀਰ ਪੀਪਲਜ਼ ਫਰੀਡਮ ਲੀਗ ਅਤੇ ਜੰਮੂ-ਕਸ਼ਮੀਰ ਪੀਪਲਜ਼ ਲੀਗ (ਜੇਕੇਪੀਐੱਲ) ਦੇ ਚਾਰ ਸਮੂਹਾਂ ‘ਤੇ ਪਾਬੰਦੀ ਲਗਾ ਦਿੱਤੀ ਹੈ। ਇਨ੍ਹਾਂ ’ਤੇ ਵੱਖਵਾਦ ਨੂੰ ਹੱਲਾਸ਼ੇਰੀ ਦੇਣ ਦੇ ਦੋਸ਼ ਹੇਠ ਪਾਬੰਦੀ ਲਗਾਈ ਗਈ। ਇਸ ਦਾ ਐਲਾਨ ਕਰਦਿਆਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਦੇਸ਼ ਦੀ ਸੁਰੱਖਿਆ, ਪ੍ਰਭੂਸੱਤਾ ਅਤੇ ਅਖੰਡਤਾ ਨੂੰ ਚੁਣੌਤੀ ਦੇਣ ਵਾਲੇ ਨੂੰ ਸਖ਼ਤ ਕਾਨੂੰਨੀ ਨਤੀਜੇ ਭੁਗਤਣੇ ਪੈਣਗੇ। ਵੱਖਰੇ ਨੋਟੀਫਿਕੇਸ਼ਨ ਅਨੁਸਾਰ ਕੇਂਦਰੀ ਗ੍ਰਹਿ ਮੰਤਰਾਲੇ ਨੇ ਜੇਕੇ ਪੀਪਲਜ਼ ਲੀਗ ਦੇ ਚਾਰ ਧੜਿਆਂ ਜੇਕੇਪੀਐੱਲ (ਮੁਖਤਾਰ ਅਹਿਮਦ ਵਾਜ਼ਾ), ਜੇਕੇਪੀਐੱਲ (ਬਸ਼ੀਰ ਅਹਿਮਦ ਤੋਤਾ), ਜੇਕੇਪੀਐੱਲ (ਗੁਲਾਮ ਮੁਹੰਮਦ ਖਾਨ) ਅਤੇ ਯਾਕੂਬ ਸ਼ੇਖ ਦੀ ਅਗਵਾਈ ਵਾਲੇ ਜੇਕੇਪੀਐੱਲ (ਅਜ਼ੀਜ਼) ‘ਤੇ ਵੀ ਪਾਬੰਦੀ ਲਗਾ ਦਿੱਤੀ ਹੈ।

## ਮਮਤਾ ਨੂੰ ਝਟਕਾ, ਬੈਰਕਪੁਰ ਦੇ ਸੰਸਦ ਮੈਂਬਰ ਅਰਜੁਨ ਸਿੰਘ ਦੀ ਭਾਜਪਾ ’ਚ ਵਾਪਸੀ



**ਨਵੀਂ ਦਿੱਲੀ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਤ੍ਰਿਣਮੂਲ ਕਾਂਗਰਸ ਦੇ ਬਾਗੀ ਨੇਤਾ ਤੇ ਬੈਰਕਪੁਰ ਤੋਂ ਸੰਸਦ ਮੈਂਬਰ ਅਰਜੁਨ ਸਿੰਘ ਭਾਰਤੀ ਜਨਤਾ ਪਾਰਟੀ ’ਚ ਵਾਪਸ ਆ ਗਏ।

ਪੱਛਮੀ ਬੰਗਾਲ ਦੀ ਸੱਤਾਧਾਰੀ ਪਾਰਟੀ ਨੇ ਉਨ੍ਹਾਂ ਨੂੰ ਬੈਰਕਪੁਰ ਤੋਂ ਇਸ ਵਾਰ ਟਿਕਟ ਨਹੀਂ ਦਿੱਤੀ ਸੀ, ਜਿਸ ਕਾਰਨ ਉਨ੍ਹਾਂ ਬਾਗੀ ਰਵੱਈਆ ਅਪਣਾਇਆ ਹੋਇਆ ਸੀ। ਉਨ੍ਹਾਂ ਦੇ ਨਾਲ ਹੀ ਪੱਛਮੀ ਬੰਗਾਲ ’ਚ ਵਿਰੋਧੀ ਧਿਰ ਦੇ ਨੇਤਾ ਸੁਭੇਂਦੂ ਅਧਿਕਾਰੀ ਦੇ ਭਰਾ ਤੇ ਤ੍ਰਿਣਮੂਲ ਕਾਂਗਰਸ ਦੇ ਸੰਸਦ ਮੈਂਬਰ ਦਿਵਯੇਂਦੂ ਅਧਿਕਾਰੀ ਵੀ ਭਾਜਪਾ ’ਚ ਸ਼ਾਮਲ ਹੋ ਗਏ। ਦਿਵਯੇਂਦੂ ਲੰਬੇ ਸਮੇਂ ਤੋਂ ਤ੍ਰਿਣਮੂਲ ਕਾਂਗਰਸ ਦੀ ਲੀਡਰਸ਼ਿਪ ਤੋਂ ਨਾਰਾਜ਼ ਸਨ। ਉਹ ਤਾਮਲੂਕ ਤੋਂ ਸੰਸਦ ਮੈਂਬਰ ਹਨ। ਭਾਜਪਾ ਦੇ ਜਨਰਲ ਸਕੱਤਰ ਦੁਸ਼ਯੰਤ ਗੌਤਮ ਤੇ ਬੰਗਾਲ ਦੇ ਸਹਿ-ਇੰਚਾਰਜ ਅਮਿਤ ਮਾਲਵੀਆ ਦੀ ਮੌਜੂਦਗੀ ’ਚ ਦੋਵਾਂ ਆਗੂਆਂ ਨੇ ਭਾਜਪਾ ਦੀ ਮੁੱਢਲੀ ਮੈਂਬਰੀ ਲਈ। ਸੁਭੇਂਦੂ ਅਧਿਕਾਰੀ ਦਾ ਇੱਕ ਹੋਰ ਭਰਾ ਸੌਮੇਂਦੂ ਅਧਿਕਾਰੀ ਭਾਜਪਾ ’ਚ ਹੈ। ਪਾਰਟੀ ਨੇ ਹੁਣੇ ਜਿਹੇ ਹੀ ਉਨ੍ਹਾਂ ਨੂੰ ਪੂਰਬੀ ਮੇਦਿਨੀਪੁਰ ’ਚ ਕੋਂਟਈ ਲੋਕ ਸਭਾ ਸੀਟ ਤੋਂ ਆਪਣਾ ਉਮੀਦਵਾਰ ਬਣਾਇਆ ਸੀ।

**ਮੱਧ ਪ੍ਰਦੇਸ਼ ’ਚ ਵੀ ਕਈ ਕਾਂਗਰਸੀ ਆਗੂ ਭਾਜਪਾ ’ਚ ਹੋਏ ਸ਼ਾਮਲ**

ਮੱਧ ਪ੍ਰਦੇਸ਼ ’ਚ ਮਹੂ ਤੋਂ ਕਾਂਗਰਸ ਦੇ ਸਾਬਕਾ ਵਿਧਾਇਕ ਅੰਤਰ ਸਿੰਘ ਦਰਬਾਰ ਤੇ ਇੰਦੌਰ ਤੋਂ ਉਨ੍ਹਾਂ ਦੇ ਸੀਨੀਅਰ ਪਾਰਟੀ ਸਹਿਯੋਗੀ ਪੰਕਜ ਸੰਘਵੀ ਕਈ ਹੋਰ ਪਾਰਟੀ ਨੇਤਾਵਾਂ ਨਾਲ ਸ਼ੁੱਕਰਵਾਰ ਭਾਰਤੀ ਜਨਤਾ ਪਾਰਟੀ ’ਚ ਸ਼ਾਮਲ ਹੋ ਗਏ।

ਇਨ੍ਹਾਂ ਆਗੂਆਂ ਨੇ ਮੁੱਖ ਮੰਤਰੀ ਮੋਹਨ ਯਾਦਵ ਦੀ ਮੌਜੂਦਗੀ ’ਚ ਅਧਿਕਾਰਤ ਤੌਰ ’ਤੇ ਆਪਣੀ ਸਿਆਸੀ ਵਫ਼ਾਦਾਰੀ ਬਦਲੀ। ਸੰਘਵੀ 2019 ਦੀਆਂ ਆਮ ਚੋਣਾਂ ’ਚ ਇੰਦੌਰ ਤੋਂ ਕਾਂਗਰਸ ਦੇ ਉਮੀਦਵਾਰ ਸਨ।

# ਮੋਦੀ ਸਰਕਾਰ ਦੇ 10 ਸਾਲਾਂ ਵਿੱਚ ਕੀਤੇ ਕੰਮਾਂ ਨੂੰ ਘਰ-ਘਰ ਤੱਕ ਪਹੁੰਚਾਇਆ ਜਾਵੇ : ਸੋਮ ਪ੍ਰਕਾਸ਼



**ਕਪੂਰਥਲਾ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਲਈ ਜਿਥੇ ਪਾਰਟੀਆਂ ਦੀਆਂ ਉਮੀਦਾਂ ਬੱਝੀਆਂ ਹੋਈਆਂ ਹਨ,ਉਥੇ ਹੀ ਭਾਜਪਾ ਦੀਆਂ ਤਿਆਰੀਆਂ ਦਾ ਅਸਰ ਨਜ਼ਰ ਆਉਣਾ ਸ਼ੁਰੂ ਹੋ ਗਿਆਹੈ।ਇਹ ਪਹਿਲੀ ਵਾਰ ਹੈ ਜਿਸ ਵਿੱਚ ਭਾਜਪਾ ਅਕਾਲੀ ਦਲ ਨਾਲੋਂ ਨਾਤਾ ਤੋੜ ਕੇ ਲੋਕਸਭਾ ਚੋਣਾਂ ਲੜਨ ਜਾ ਰਹੀ ਹੈ।ਇਸ ਲਈ ਤਿਆਰੀਆਂ ਵੀ ਭਾਜਪਾ ਦੇ ਸਟਾਈਲ ਦੀਆਂ ਹਨ ਭਾਜਪਾ ਆਪਣੀ ਸਿਆਸੀ ਰਣਨੀਤੀ ਚ ਬਾਹਰੀ ਰਣਨੀਤੀ ਦੇ ਨਾਲ-ਨਾਲ ਅੰਦਰੂਨੀ ਤਾਕਤ ਰੱਖਣ ਲਈ ਵੀ ਜਾਣੀ ਜਾਂਦੀ ਹੈ।ਲੋਕ ਸਭਾ ਚੋਣਾਂ 2024 ਦੇ ਲਈ ਵੀ ਇਸੇ ਤਰ੍ਹਾਂ ਦੀਆਂ ਤਿਆਰੀਆਂ ਦੇਖਣ ਨੂੰ ਮਿਲ ਰਹੀਆਂ ਹਨ।ਜਿਸ ਦੇ ਲਈ ਪੰਜਾਬ ਭਾਜਪਾ ਦੇ ਵੱਲੋਂ ਲੋਕਸਭਾ ਹਲਕੇ ਦੇ ਲਈ ਇੱਕ-ਇੱਕ ਵਰਕਰ ਦੀ ਡਿਊਟੀ ਲਗਾਈ ਗਈ ਹੈ।ਜੋ ਕਿ ਲੋਕਾਂ ਦੇ ਘਰ-ਘਰ ਜਾ ਕੇ ਪਾਰਟੀ ਦੇ ਵਿਸਥਾਰ ਤੇ ਦਿਨ-ਰਾਤ ਕੰਮ ਕਰੇਗਾ।ਲੋਕਾਂ ਨੂੰ ਪਾਰਟੀ ਬਾਰੇ ਦੱਸਾਂਗੇ ਅਤੇ ਵੋਟਾਂ ਦੀ ਅਪੀਲ ਤੇ ਵੀ ਕੰਮ ਕਰਾਂਗਾ।

ਇਸ ਸਬੰਧੀ ਲੋਕ ਸਭਾ ਹਲਕਾ ਹੁਸ਼ਿਆਰਪੁਰ ਦੇ ਅਧੀਨ ਆਉਂਦੇ ਵਿਧਾਨ ਸਭਾ ਹਲਕਾ ਭੁਲੱਥ ਕਪੂਰਥਲਾ ਦਾ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਵੱਲੋਂ ਦੌਰਾ ਕੀਤਾ ਗਿਆ।

ਇਸ ਦੌਰਾਨ ਕੇਂਦਰੀ ਮੰਤਰੀ ਸੋਮ ਭਾਜਪਾ ਮੰਡਲ ਭੁਲੱਥ ਦੇ ਪ੍ਰਧਾਨ ਰਮਨਦੀਪ ਸਿੰਘ ਦੇ ਜ਼ਿਮ ਵਿੱਖੇ ਨੌਜਵਾਨਾਂ ਨਾਲ਼ ਮੁਲਾਕਾਤ ਕੀਤੀ।ਇਸ ਮੌਕੇ ਕੇਂਦਰੀ ਮੰਤਰੀ ਦਾ ਕਪੂਰਥਲਾ ਪਹੁੰਚਾਣ ਤੇ ਭਾਜਪਾ ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ ਖੋਜੇਵਾਲ,ਆਈ ਟੀ ਸੈਲ ਪੰਜਾਬ ਦੇ ਕੋ ਕਨਵੀਨਰ ਵਿਕੀ ਗੁਜਰਾਲ,ਯੂਥ ਭਾਜਪਾ ਜ਼ਿਲ੍ਹਾ ਪ੍ਰਧਾਨ ਸੰਨੀ ਬੈਂਸ,ਨਰੇਸ਼ ਸ਼ਰਮਾ ਭੁਲੱਥ,ਮੈਕੀ ਸਿੰਘ ਆਦਿ ਫੁੱਲਾਂ ਦਾ ਬੁੱਕਾ ਦੇ ਕੇ ਸਵਾਗਤ ਕੀਤਾ।ਇਸ ਮੌਕੇ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਨੇ ਪਾਰਟੀ ਵਰਕਰਾਂ ਨੂੰ ਭਵਿੱਖ ਵਿੱਚ ਕੀਤੇ ਜਾਣ ਵਾਲੇ ਕੰਮਾਂ ਬਾਰੇ ਜਾਣੂੰ ਕਰਵਾਇਆ।ਉਨ੍ਹਾਂ ਕਿਹਾ ਕਿ ਅਗਾਮੀ ਲੋਕ ਸਭਾ ਚੋਣ ਵਿੱਚ ਭਾਜਪਾ ਦੀ ਜਿੱਤ ਯਕੀਨੀ ਬਣਾਉਣ ਲਈ ਬੂਥ ਪੱਧਰ ਤੇ ਮਜ਼ਬੂਤੀ ਨਾਲ ਕੰਮ ਕੀਤਾ ਜਾਵੇ ਤਾਂ ਜੋ ਬੂਥ ਪੱਧਰ ਤੇ ਜਿੱਤ ਯਕੀਨੀ ਬਣਾਈ ਜਾ ਸਕੇ।ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਵੱਲੋਂ 10 ਸਾਲਾਂ ਵਿੱਚ ਕੀਤੇ ਕੰਮਾਂ ਨੂੰ ਘਰ-ਘਰ ਤੱਕ ਪਹੁੰਚਾਇਆ ਜਾਵੇ।ਇਸ ਦੇ ਨਾਲ ਹੀ ਨਰਿੰਦਰ ਮੋਦੀ ਨੂੰ ਤੀਜੀ ਵਾਰ ਪ੍ਰਧਾਨ ਮੰਤਰੀ ਬਣਾਉਣ ਲਈ ਦਿਨ-ਰਾਤ ਕੰਮ ਕੀਤਾ ਜਾਵੇ।ਇਸ ਮੌਕੇ ਭਾਜਪਾ ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ ਖੋਜੇਵਾਲ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਲੋਕ ਸਭਾ ਚੋਣਾਂ ਲਈ ਪੂਰੀ ਤਰ੍ਹਾਂ ਤਿਆਰ ਹੈ ਅਤੇ ਇਸ ਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ 400 ਤੋਂ ਵੱਧ ਸੀਟਾਂ ਜਿੱਤ ਕੇ ਕੇਂਦਰ ਵਿੱਚ ਭਾਜਪਾ ਤੀਜੀ ਵਾਰ ਸਰਕਾਰ ਬਣਾਏਗੀ।ਉਨ੍ਹਾਂ ਕਿਹਾ ਕਿ ਅੱਜ ਪੂਰਾ ਦੇਸ਼ ਪ੍ਰਧਾਨ ਮੰਤਰੀ ਨੂੰ ਆਪਣੇ ਪਰਿਵਾਰ ਦਾ ਮੈਂਬਰ ਮੰਨਦਾ ਹੈ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਉਨ੍ਹਾਂ ਨੂੰ ਆਪਣਾ ਪਰਿਵਾਰ ਮੰਨਦੇ ਹਨ। ਉਨ੍ਹਾਂ ਕਿਹਾ ਕਿ ਭਾਜਪਾ ਪਰਿਵਾਰ ਦਿਨੋ-ਦਿਨ ਵਧਦਾ ਜਾ ਰਿਹਾ ਹੈ ਅਤੇ ਇਸ ਦਾ ਕਾਰਨ ਭਾਜਪਾ ਦੀਆਂ ਨੀਤੀਆਂ ਤੇ ਇਰਾਦਿਆਂ ਤੇ ਜਨਤਾ ਦਾ ਪੱਕਾ ਵਿਸ਼ਵਾਸ ਹੈ।ਉਨ੍ਹਾਂ ਕਿਹਾ ਕਿ ਭਾਜਪਾ ਦੀ ਕਹਿਣੀ ਅਤੇ ਕਰਨੀ ਵਿੱਚ ਕੋਈ ਫ਼ਰਕ ਨਹੀਂ ਹੈ।ਉਨ੍ਹਾਂ ਕਿਹਾ ਕਿ ਭਾਜਪਾ ਵਰਕਰਾਂ ਤੇ ਆਧਾਰਿਤ ਵਿਸ਼ਵ ਦੀ ਸਭ ਤੋਂ ਵੱਡੀ ਸਿਆਸੀ ਪਾਰਟੀ ਹੈ।ਭਾਜਪਾ ਨੇ ਦੇਸ਼ ਦੇ 18 ਸੂਬਿਆਂ ਵਿੱਚ ਅਤੇ ਦੋ ਵਾਰ ਕੇਂਦਰ ਵਿੱਚ ਸਰਕਾਰਾਂ ਬਣਾਈਆਂ ਹਨ।

## ਪ੍ਰਸਿੱਧ ਭਜਨ ਗਾਇਕਾ ਅਨੁਰਾਧਾ ਪੌਡਵਾਲ ਵੱਲੋਂ ਸਿਆਸੀ ਸਫ਼ਰ ਦੀ ਸ਼ੁਰੂਆਤ, ਫੜਿਆ ਭਾਜਪਾ ਦਾ ਪੱਲਾ



**ਨਵੀਂ ਦਿੱਲੀ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਸਿੱਧ ਭਜਨ ਗਾਇਕਾ ਅਨੁਰਾਧਾ ਪੌਡਵਾਲ ਦੀ ਸਿਆਸੀ ਪਾਰੀ ਸ਼ੁਰੂ ਕਰਨ ਜਾ ਰਹੀ ਹੈ। ਉਹ ਅੱਜ ਸ਼ਨੀਵਾਰ ਨੂੰ ਭਾਰਤੀ ਜਨਤਾ ਪਾਰਟੀ (ਭਾਜਪਾ) ’ਚ ਸ਼ਾਮਲ ਹੋ ਗਈ ਹੈ। ਚੋਣ ਕਮਿਸ਼ਨ ਅੱਜ ਹੀ ਕੁਝ ਰਾਜਾਂ ’ਚ ਲੋਕ ਸਭਾ ਚੋਣਾਂ ਅਤੇ ਵਿਧਾਨ ਸਭਾ ਚੋਣਾਂ ਦੀਆਂ ਤਰੀਕਾਂ ਦਾ ਐਲਾਨ ਕਰਨ ਜਾ ਰਿਹਾ ਹੈ।

ਦੱਸ ਦਈਏ ਕਿ ਅਨੁਰਾਧਾ ਪੌਡਵਾਲ ਨੇ 90 ਦੇ ਦਹਾਕੇ ’ਚ ਆਪਣੀ ਭਗਤੀ ਗਾਇਕੀ ਲਈ ਬਹੁਤ ਪ੍ਰਸਿੱਧੀ ਪ੍ਰਾਪਤ ਕੀਤੀ। ਉਨ੍ਹਾਂ ਦੀ ਉਮਰ 69 ਸਾਲ ਹੈ। ਉਨ੍ਹਾਂ ਦਾ ਵਿਆਹ ਸਾਲ 1969 ’ਚ ਅਰੁਣ ਪੌਡਵਾਲ ਨਾਲ ਹੋਇਆ ਸੀ, ਜੋ ਐੱਸ. ਡੀ. ਬਰਮਨ ਦੇ ਸਹਾਇਕ ਅਤੇ ਸੰਗੀਤਕਾਰ ਸਨ। ਉਨ੍ਹਾਂ ਦੇ ਦੋ ਬੱਚੇ ਹਨ, ਬੇਟਾ ਆਦਿਤਿਆ ਅਤੇ ਇਕ ਬੇਟੀ ਕਵਿਤਾ। ਉਨ੍ਹਾਂ ਦੇ ਪੁੱਤਰ ਦੀ ਕੁਝ ਸਾਲ ਪਹਿਲਾਂ ਮੌਤ ਹੋ ਗਈ ਸੀ ਅਤੇ ਅਨੁਰਾਧਾ ਪੌਡਵਾਲ ਦੇ ਪਤੀ ਦੀ ਸਾਲ 1991 ’ਚ ਮੌਤ ਹੋ ਗਈ ਸੀ।

ਦੱਸਣਯੋਗ ਹੈ ਕਿ 5 ਦਹਾਕਿਆਂ ਤੋਂ ਵੱਧ ਦੇ ਕਰੀਅਰ ’ਚ ਅਨੁਰਾਧਾ ਪੌਡਵਾਲ ਨੇ ਗੁਜਰਾਤੀ, ਹਿੰਦੀ, ਕੰਨੜ, ਮਰਾਠੀ, ਸੰਸਕ੍ਰਿਤ, ਬੰਗਾਲੀ, ਤਾਮਿਲ, ਤੇਲਗੂ, ਉੜੀਆ, ਅਸਾਮੀ, ਪੰਜਾਬੀ, ਭੋਜਪੁਰੀ, ਨੇਪਾਲੀ ਅਤੇ ਮੈਥਿਲੀ ਸਮੇਤ ਕਈ ਭਾਸ਼ਾਵਾਂ ’ਚ 9,000 ਤੋਂ ਵੱਧ ਗੀਤ ਰਿਕਾਰਡ ਕੀਤੇ ਅਤੇ ਇਸ ਤੋਂ ਵੱਧ ਦੀ ਰਚਨਾ ਕੀਤੀ।

# ਮੁੱਖ ਚੋਣ ਅਧਿਕਾਰੀ ਵੱਲੋਂ ਡਿਪਟੀ ਕਮਿਸ਼ਨਰਾਂ-ਕਮ-ਜ਼ਿਲ੍ਹਾ ਚੋਣ ਅਧਿਕਾਰੀਆਂ ਨਾਲ ਮੀਟਿੰਗ

**ਚੰਡੀਗੜ੍ਹ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਦੇਸ਼ ਵਿਚ ਲੋਕ ਸਭਾ ਚੋਣਾਂ ਦੇ ਐਲਾਨ ਤੋਂ ਬਾਅਦ ਪੰਜਾਬ ਦੇ ਮੁੱਖ ਚੋਣ ਅਫ਼ਸਰ ਸਿਬਿਨ ਸੀ ਨੇ ਸੂਬੇ ਦੇ ਸਾਰੇ ਡਿਪਟੀ ਕਮਿਸ਼ਨਰਾਂ-ਕਮ-ਜ਼ਿਲ੍ਹਾ ਚੋਣ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਉਨ੍ਹਾਂ ਡਿਪਟੀ ਕਮਿਸ਼ਨਰਾਂ ਨੂੰ ਹਦਾਇਤ ਕੀਤੀ ਕਿ ਉਹ ਆਦਰਸ਼ ਚੋਣ ਜ਼ਾਬਤੇ (ਐਮਸੀਸੀ) ਦੇ ਦਿਸ਼ਾ-ਨਿਰਦੇਸ਼ਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਨੂੰ ਯਕੀਨੀ ਬਣਾਉਣ ਤਾਂ ਜੋ ਸੁਤੰਤਰ ਅਤੇ ਨਿਰਪੱਖ ਚੋਣਾਂ ਨੂੰ ਯਕੀਨੀ ਬਣਾਇਆ ਜਾ ਸਕੇ। ਸਿਬਿਨ ਸੀ ਨੇ ਅਧਿਕਾਰੀਆਂ ਨੂੰ ਐਮਸੀਸੀ ਟੀਮਾਂ ਨੂੰ ਸਰਗਰਮ ਰਹਿਣ ਅਤੇ ਜਨਤਕ ਤੇ ਨਿੱਜੀ ਸਥਾਨਾਂ ’ਤੇ ਸਾਰੀਆਂ ਉਲੰਘਣਾਵਾਂ ਨੂੰ ਤੁਰੰਤ ਹਟਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਸੀ-ਵਿਜੀਲ ਐਪ ’ਤੇ ਅਧਿਕਾਰੀਆਂ ਨੂੰ ਸ਼ਿਕਾਇਤਾਂ ’ਤੇ ਕਾਰਵਾਈ ਕਰਨ ਲਈ 100 ਮਿੰਟ ਦੇ ਸਮੇਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਵੀ ਕਿਹਾ। ਸੀ-ਵਿਜੀਲ ਖਾਸ ਤੌਰ ’ਤੇ ਇੱਕ ਮੋਬਾਈਲ ਐਪਲੀਕੇਸ਼ਨ ਹੈ ਜੋ ਭਾਰਤੀ ਚੋਣ ਕਮਿਸ਼ਨ ਦੁਆਰਾ ਬਣਾਈ ਗਈ ਹੈ ਤਾਂ ਜੋ ਨਾਗਰਿਕਾਂ ਨੂੰ ਚੋਣਾਂ ਦੌਰਾਨ ਆਦਰਸ਼ ਚੋਣ ਜ਼ਾਬਤੇ ਦੀਆਂ ਉਲੰਘਣਾਵਾਂ ਦੀ ਰਿਪੋਰਟ ਕਰਨ ਦੇ ਸਮਰੱਥ ਬਣਾਇਆ ਜਾ ਸਕੇ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਜ਼ਿਲ੍ਹਿਆਂ ਵਿੱਚ ਚੱਲ ਰਹੇ ਕੰਮਾਂ ਦੀ ਸੂਚੀ ਬਣਾ ਕੇ ਰੱਖਣ ਅਤੇ ਸਾਰੇ ਵਿਭਾਗਾਂ ਜਿਵੇਂ ਕਿ ਲੋਕ ਨਿਰਮਾਣ ਵਿਭਾਗ, ਸਥਾਨਕ ਸਰਕਾਰਾਂ ਵਿਭਾਗ, ਹਾਊਸਿੰਗ ਅਤੇ ਸ਼ਹਿਰੀ ਵਿਕਾਸ ਵਿਭਾਗ ਅਤੇ ਸਿੰਚਾਈ ਵਿਭਾਗ ਆਦਿ ਦੇ ਮੁਖੀਆਂ ਤੋਂ ਚੱਲ ਰਹੇ ਕੰਮਾਂ ਦੀ ਤਸਦੀਕ ਕਰਵਾਉਣ ਅਤੇ ਇਹ ਯਕੀਨੀ ਬਣਾਉਣ ਕਿ ਚੋਣ ਕਮਿਸ਼ਨ ਦੀ ਮਨਜ਼ੂਰੀ ਤੋਂ ਬਿਨਾਂ ਕਿਸੇ ਜ਼ਿਲ੍ਹੇ ਵਿੱਚ ਕੋਈ ਹੋਰ ਵਿਕਾਸ ਕੰਮ ਸ਼ੁਰੂ ਨਾ ਕੀਤਾ ਜਾਵੇ।

ਉਨ੍ਹਾਂ ਅਧਿਕਾਰੀਆਂ ਨੂੰ ਇਹ ਨਿਰਦੇਸ਼ ਵੀ ਦਿੱਤਾ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਸੁਵਿਧਾ ਪੋਰਟਲ ਸੁਚਾਰੂ ਢੰਗ ਨਾਲ ਕੰਮ ਕਰ ਰਿਹਾ ਹੋਵੇ ਅਤੇ ਇਜਾਜ਼ਤਾਂ ਸਮੇਂ ਸਿਰ ਅਤੇ ਬਿਨਾਂ ਪੱਖਪਾਤ ਦੇ ਦਿੱਤੀਆਂ ਜਾਣ। ਸੁਵਿਧਾ ਪੋਰਟਲ ਦਾ ਉਦੇਸ਼ ਵੱਖ-ਵੱਖ ਚੋਣ-ਸਬੰਧਤ ਗਤੀਵਿਧੀਆਂ ਨੂੰ ਚਲਾਉਣ ਲਈ ਸਿਆਸੀ ਪਾਰਟੀਆਂ ਅਤੇ ਉਮੀਦਵਾਰਾਂ ਦੁਆਰਾ ਇਜਾਜ਼ਤਾਂ ਲਈ ਅਰਜ਼ੀ ਦੇਣ ਦੀ ਪ੍ਰਕਿਰਿਆ ਨੂੰ ਆਸਾਨ ਬਣਾਉਣਾ ਹੈ। ਸਿਬਿਨ ਸੀ ਨੇ ਅਧਿਕਾਰੀਆਂ ਨੂੰ ਸਾਰੀਆਂ ਰਾਜਨੀਤਿਕ ਪਾਰਟੀਆਂ ਨਾਲ ਮੀਟਿੰਗਾਂ ਕਰਨ ਅਤੇ ਐਮਸੀਸੀ ਦੇ ਦਿਸ਼ਾ-ਨਿਰਦੇਸ਼ਾਂ ਬਾਰੇ ਜਾਣੂ ਕਰਵਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਸਪੱਸ਼ਟ ਕੀਤਾ ਕਿ ਸਕੂਲ ਦੇ ਮੈਦਾਨਾਂ ਨੂੰ ਸਿਆਸੀ ਮੀਟਿੰਗਾਂ ਕਰਨ ਲਈ ਨਹੀਂ ਵਰਤਿਆ ਜਾ ਸਕਦਾ। ਮੀਟਿੰਗ ਦੌਰਾਨ ਵਧੀਕ ਮੁੱਖ ਚੋਣ ਅਧਿਕਾਰੀ ਹਰੀਸ਼ ਨੱਈਅਰ , ਜੁਆਇੰਟ ਮੁੱਖ ਚੋਣ ਅਧਿਕਾਰੀ ਸਕੱਤਰ ਸਿੰਘ ਬੱਲ ਅਤੇ ਮੁੱਖ ਚੋਣ ਅਧਿਕਾਰੀ ਦੇ ਦਫ਼ਤਰ ਦੇ ਹੋਰ ਅਧਿਕਾਰੀ ਹਾਜ਼ਰ ਸਨ।

# ਨਗਰ ਨਿਗਮ ਕਰਮਚਾਰੀ ਦਲ ਪਟਿਆਲਾ ਵੱਲੋਂ ਨਵੇਂ ਕਮਿਸ਼ਨਰ ਦਾ ਸਵਾਗਤ



**ਪਟਿਆਲਾ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**
ਨਗਰ ਨਿਗਮ ਕਰਮਚਾਰੀ ਦਲ ਪਟਿਆਲਾ ਵੱਲੋਂ ਅੱਜ ਨਗਰ ਨਿਗਮ ਪਟਿਆਲਾ ਵਿਖੇ ਨਵੇਂ ਆਏ ਕਮਿਸ਼ਨਰ ਸ੍ਰੀ ਆਦਿਤਿਆ ਡੇਚਵਾਲ, ਆਈਏਐਸ, ਦਾ ਸਵਾਗਤ ਕੀਤਾ ਗਿਆ। ਪੰਜਾਬ ਸਟੇਟ ਕਰਮਚਾਰੀ ਦਲ ਦੀ ਪਟਿਆਲਾ ਇਕਾਈ ਨਾਲ ਸਬੰਧਤ ਨਗਰ ਨਿਗਮ ਕਰਮਚਾਰੀ ਦਲ ਪਟਿਆਲਾ ਕਮਿਸ਼ਨਰ ਸਾਹਿਬ ਨੂੰ ਫੁੱਲਾਂ ਦੇ ਗੁਲਦਸਤੇ ਦੇ ਕੇ ਸਵਾਗਤ ਕੀਤਾ ਗਿਆ। ਇਸ ਮੌਕੇ ਨਗਰ ਨਿਗਮ ਕਰਮਚਾਰੀ ਦਲ ਪਟਿਆਲਾ ਦੇ ਪ੍ਰਧਾਨ ਕੇਵਲ ਕ੍ਰਿਸ਼ਨ, ਜਨਰਲ ਸਕੱਤਰ ਮਨੋਜ ਸ਼ਰਮਾ, ਜਤਿੰਦਰ ਕੁਮਾਰ ਪ੍ਰਿੰਸ, ਮੰਜੂ ਰਾਣੀ, ਪ੍ਰੇਮ ਲਤਾ, ਰਜਨੀ, ਰਾਜੇਸ਼ ਕੁਮਾਰ ਮਨੀ, (ਪ੍ਰਧਾਨ ਏ-ਟੈਂਕ), ਬਲਜਿੰਦਰ ਸਿੰਘ, ਸਰਬਜੀਤ ਸਿੰਘ, ਗੁਰਚਰਨ ਸਿੰਘ, ਜਗਦੀਸ਼, ਅਨਿਲ ਕੁਮਾਰ, ਜੋਨੀ, ਸ਼ੁਭਮ, ਕਮਲ ਕੁਮਾਰ, ਸਨੀ ਕੁਮਾਰ, ਡਿੰਪਲ, ਰਵਿੰਦਰ ਪ੍ਰਸ਼ਾਦ, ਅਤੇ ਪੀਏ ਕ੍ਰਿਸ਼ਨ ਕੁਮਾਰ ਮੌਜੂਦ ਰਹੇ। ਇਸ ਮੌਕੇ ਨਗਰ ਨਿਗਮ ਦੀ ਕਮਿਸ਼ਨਰ ਅਦਿਤਿਆ ਡੈਚਵਾਲ ਨੇ ਸਮੂਹ ਨਗਰ ਨਿਗਮ ਕਰਮਚਾਰੀ ਦਲ ਪਟਿਆਲਾ ਦਾ ਧੰਨਵਾਦ ਕੀਤਾ ਅਤੇ ਹਰ ਤਰ੍ਹਾਂ ਨਾਲ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

# ਫਰਜ਼ੀ ਫੌਜੀ ਮੇਜਰ ਨੂੰ ਪੁਲਸ ਨੇ ਕੀਤਾ ਗ੍ਰਿਫ਼ਤਾਰ, ਵੱਡੇ ਰੈਂਕ ਦੇ ਅਫਸਰਾਂ ਦੀਆਂ ਵਰਦੀਆਂ ਬਰਾਮਦ

**ਅੰਮ੍ਰਿਤਸਰ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**
ਥਾਣਾ ਡੀ ਡਵੀਜ਼ਨ ਦੀ ਪੁਲਸ ਨੇ ਫਰਜ਼ੀ ਫੌਜੀ ਮੇਜਰ ਨੂੰ ਗ੍ਰਿਫ਼ਤਾਰ ਕਰਨ ਵਿਚ ਸਫ਼ਲਤਾ ਹਾਸਲ ਕੀਤੀ ਹੈ, ਜਿਸ ਦੇ ਕਬਜ਼ੇ 'ਚੋਂ ਭਾਰਤੀ ਫੌਜ ਦੀਆਂ ਵੱਖ-ਵੱਖ ਰੈਂਕਾਂ ਦੀਆਂ ਵਰਦੀਆਂ ਅਤੇ ਆਈ. ਡੀ. ਪਰੂਫ ਬਰਾਮਦ ਹੋਏ ਹਨ। ਇਹ ਖੁਲਾਸਾ ਪ੍ਰੈੱਸ ਕਾਨਫਰੰਸ ਦੌਰਾਨ ਡੀ. ਸੀ. ਪੀ. ਸਿਟੀ ਡਾ. ਪ੍ਰਗਿਆ ਜੈਨ ਆਈ. ਪੀ. ਐੱਸ. ਨੇ ਕਰਦਿਆਂ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਸੰਦੀਪ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਪਿੰਡ ਚੀਕਾਣਾ, ਅਨੰਦਪੁਰ ਸਾਹਿਬ ਵਜੋਂ ਹੋਈ ਹੈ।

ਡੀ. ਸੀ. ਪੀ. ਡਾ. ਪ੍ਰਗਿਆ ਜੈਨ ਨੇ ਦੱਸਿਆ ਕਿ ਸੂਚਨਾ ਮਿਲੀ ਸੀ ਕਿ ਥਾਣਾ ਡੀ ਡਵੀਜ਼ਨ ਅਧੀਨ ਪੈਂਦੀ ਪੁਲਸ ਚੌਕੀ ਦੁਰਗਿਆਣਾ ਦੇ ਗੋਲਬਾਗ ਇਲਾਕੇ ਨੇੜੇ ਇਕ ਵਿਅਕਤੀ ਨੂੰ ਸ਼ੱਕੀ ਹਾਲਤ ਵਿਚ ਦੇਖਿਆ ਗਿਆ। ਉਕਤ ਵਿਅਕਤੀ ਨੇ ਭਾਰਤੀ ਫੌਜ ਦੇ ਅਧਿਕਾਰੀ ਦੀ ਵਰਦੀ ਪਾਈ ਹੋਈ ਸੀ, ਜਿਸ ਦੇ ਮੋਢਿਆਂ 'ਤੇ ਵੱਡੇ ਰੈਂਕ ਦੇ ਬੈਚ ਲੱਗੇ ਹੋਏ ਸਨ। ਇਸ 'ਤੇ ਕਾਰਵਾਈ ਕਰਦੇ ਹੋਏ ਥਾਣਾ ਡੀ ਡਵੀਜ਼ਨ ਦੇ ਮੁਖੀ ਇੰਸਪੈਕਟਰ ਸੁਖਿੰਦਰ ਸਿੰਘ ਅਤੇ ਪੁਲਸ ਚੌਕੀ ਦੁਰਗਿਆਣਾ ਦੇ ਇੰਚਾਰਜ ਏ. ਐੱਸ. ਆਈ. ਸੁਖਦੇਵ ਸਿੰਘ ਦੀ ਅਗਵਾਈ ਹੇਠਲੀ ਟੀਮ ਨੇ ਉਕਤ ਵਿਅਕਤੀ ਨੂੰ ਕਾਬੂ ਕਰ ਲਿਆ, ਜਿਸ ਤੋਂ ਪਛਾਣ ਪੱਤਰ ਮੰਗਣ 'ਤੇ ਕੋਈ ਵੀ ਢੁੱਕਵਾਂ ਸਬੂਤ ਪੇਸ਼ ਨਹੀਂ ਕਰ ਸਕਿਆ, ਜਿਸ ਨੂੰ ਤੁਰੰਤ ਹਿਰਾਸਤ ਵਿਚ ਲਿਆ ਗਿਆ।



ਡੀ. ਸੀ. ਪੀ. ਡਾ. ਪ੍ਰਗਿਆ ਜੈਨ ਨੇ ਦੱਸਿਆ ਕਿ ਤਫ਼ਤੀਸ਼ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਉਕਤ ਮੁਲਜ਼ਮ ਪਿਛਲੇ ਕਾਫ਼ੀ ਸਮੇਂ ਤੋਂ ਫ਼ੌਜੀ ਅਫ਼ਸਰਾਂ ਦੀਆਂ ਵਰਦੀਆਂ ਪਾ ਕੇ ਅਤੇ ਫ਼ੌਜ ਵਿਚ ਉੱਚ ਅਧਿਕਾਰੀ ਹੋਣ ਦਾ ਬਹਾਨਾ ਲਾ ਕੇ ਆਮ ਲੋਕਾਂ ਨੂੰ ਗੁੰਮਰਾਹ ਕਰ ਰਿਹਾ ਸੀ। ਉਨ੍ਹਾਂ ਕਿਹਾ ਕਿ ਉਸ ਕੋਲੋਂ ਮਿਲੇ ਪਛਾਣ ਪੱਤਰਾਂ ਦੇ ਦਸਤਾਵੇਜ਼ੀ ਜਾਂਚ ਚੱਲ ਰਹੀ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮ ਨੂੰ ਅਦਾਲਤ ਵਿਚ ਪੇਸ਼ ਕਰ ਕੇ ਉਸ ਦਾ ਰਿਮਾਂਡ ਹਾਸਲ ਕੀਤਾ ਜਾਵੇਗਾ ਅਤੇ ਉਸ ਕੋਲੋਂ ਸਾਜ਼ਿਸ਼ਾਂ ਸਬੰਧੀ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ, ਜਿਸ ਵਿਚ ਕੁਝ ਹੋਰ ਖੁਲਾਸੇ ਹੋਣੇ ਬਾਕੀ ਹਨ। ਥਾਣਾ ਡੀ ਡਵੀਜ਼ਨ ਦੇ ਇੰਚਾਰਜ ਇੰਸਪੈਕਟਰ ਸੁਖਿੰਦਰ ਸਿੰਘ ਨੇ ਦੱਸਿਆ ਕਿ ਕਾਬੂ ਕੀਤੇ ਮੁਲਜ਼ਮ ਖ਼ਿਲਾਫ਼ ਧਾਰਾ 420, 171, 140, 467, 68,71 ਅਤੇ ਵਧੀਕ ਸਰਕਾਰੀ ਸੀਕਰੇਟ ਐਕਟ/6 (ਏ) 1923 ਤਹਿਤ ਕੇਸ ਦਰਜ ਕਰ ਲਿਆ ਗਿਆ ਹੈ।

ਫੜੇ ਗਏ ਮੁਲਜ਼ਮ ਸੰਦੀਪ ਸਿੰਘ ਨੇ ਦੱਸਿਆ ਕਿ ਉਸ ਨੇ ਦੇਹਰਾਦੂਨ, ਉੱਤਰ ਪ੍ਰਦੇਸ਼ ਤੋਂ ਫੌਜ ਦੀਆਂ ਵਰਦੀਆਂ ਅਤੇ ਹੋਰ ਸਾਮਾਨ ਖਰੀਦਿਆ ਸੀ। ਬਰਾਮਦ ਕੀਤੀਆਂ ਗਈਆਂ ਵਸਤੂਆਂ ਵਿੱਚੋਂ ਕਈ ਜਾਅਲੀ ਸ਼ਨਾਖਤੀ ਕਾਰਡ, ਮੈਡਲ, ਭਾਰਤੀ ਫੌਜ ਦਾ ਪ੍ਰਿੰਟਿਡ ਬੈਗ, ਭਾਰਤੀ ਫੌਜ ਦੇ ਰੈਪਰ ਵਿਚ ਗਰਮ ਸਵੈਟਰ, ਵੇਸਟ ਆਦਿ ਅਤੇ ਕਾਫੀ ਸਮੱਗਰੀ ਬਰਾਮਦ ਹੋਈ ਹੈ। ਇਸ 'ਤੇ ਇਸ ਦਾ ਨਾਂ 'ਸੰਦੀਪ ਸਿੰਘ' ਵੀ ਛਪਿਆ ਹੋਇਆ ਹੈ। ਇਸ ਵਿਅਕਤੀ ਕੋਲੋਂ ਬਰਾਮਦ ਹੋਈਆਂ ਵਸਤੂਆਂ ਅਤੇ ਕੱਪੜਿਆਂ ਨੂੰ ਦੇਖ ਕੇ ਕੋਈ ਵੀ ਅੰਦਾਜ਼ਾ ਨਹੀਂ ਲਗਾ ਸਕਦਾ ਕਿ ਇਹ ਵਿਅਕਤੀ ਫਰਜ਼ੀ ਮੇਜਰ ਫੌਜੀ ਹੈ।

**ਮੁਲਜ਼ਮ ਫੌਜ ਦੇ ਸੰਵੇਦਨਸ਼ੀਲ ਖੇਤਰਾਂ 'ਚ ਵੀ ਗਿਆ ਸੀ ਵਰਦੀ ਪਾ ਕੇ !**

ਪੁਲਿਸ ਜਾਂਚ ਵਿਚ ਇਹ ਤੱਥ ਵੀ ਸਾਹਮਣੇ ਆਇਆ ਹੈ ਕਿ ਉਕਤ ਮੁਲਜ਼ਮ ਫੌਜ ਦੀ ਵਰਦੀ ਪਾ ਕੇ ਰੁੜਕੀ ਅਤੇ ਜੰਮੂ ਵਰਗੇ ਸੰਵੇਦਨਸ਼ੀਲ ਫੌਜੀ ਇਲਾਕਿਆਂ ਵਿਚ ਗਿਆ ਸੀ। ਇਸ ਤੋਂ ਇਲਾਵਾ ਉਹ ਅੰਮ੍ਰਿਤਸਰ ਦੀ ਆਰਮੀ ਛਾਉਣੀ ਵਿਚ ਵੀ ਗਿਆ ਸੀ। ਇਨ੍ਹਾਂ ਇਲਾਕਿਆਂ ਵਿਚ ਜੰਮੂ ਅਤੇ ਅੰਮ੍ਰਿਤਸਰ-ਪਾਕਿਸਤਾਨ ਦੀ ਸਰਹੱਦ ਤੋਂ ਸਟੇ ਹੋਏ ਇਲਾਕੇ ਹਨ। ਇਸ ਮੌਕੇ ਉਨ੍ਹਾਂ ਨਾਲ ਏ. ਡੀ. ਸੀ. ਪੀ ਦਰਪਨ ਆਹਲੂਵਾਲੀਆ, ਏ. ਸੀ. ਪੀ, ਸੁਰਿੰਦਰ ਸਿੰਘ ਆਦਿ ਹਾਜ਼ਰ ਸਨ।

# ਰਮਿੰਦਰ ਆਵਲਾ ਦੀ ਫਿਰੋਜ਼ਪੁਰ ਐਮ.ਪੀ ਟਿਕਟ ਲੱਗਭੱਗ ਫਾਈਨਲ; ਉਡੀਕ ਸਿਰਫ ਅਕਾਲੀ ਭਾਜਪਾ ਗੱਠਜੋੜ ਦੀ

**ਜਲਾਲਾਬਾਦ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**
ਵਿਧਾਨ ਸਭਾ ਹਲਕਾ ਜਲਾਲਾਬਾਦ ਸ਼ੁਰੂ ਤੋਂ ਹੀ ਲੋਕ ਸਭਾ ਹਲਕਾ ਫਿਰੋਜ਼ਪੁਰ ਦੀ ਸਿਆਸਤ ਦਾ ਮੁੱਖ ਧੁਰਾ ਰਿਹਾ ਹੈ ਅਤੇ ਆਗਾਮੀ ਲੋਕ ਸਭਾ ਚੋਣਾਂ ਦੀ ਸਿਆਸਤ ਵੀ ਜਲਦੀ ਹੀ ਵਿਧਾਨ ਸਭਾ ਹਲਕਾ ਜਲਾਲਾਬਾਦ ਦੀ ਮੁੱਖ ਭੂਮਿਕਾ ਦੇ ਨਾਲ ਭਖਣ ਜਾ ਰਹੀ ਹੈ। ਰਾਜਨੀਤਿਕ ਗਲਿਆਰੇ ਵਿੱਚ ਚਰਚਾ ਹੈ ਕਿ ਜਲਾਲਾਬਾਦ ਵਿਧਾਨ ਸਭਾ ਹਲਕੇ ਤੋਂ ਜਿਮਨੀ ਚੋਣ ਜਿੱਤ ਕੇ ਵਿਧਾਇਕ ਬਣੇ ਰਮਿੰਦਰ ਸਿੰਘ ਆਵਾਲਾ ਦੀ ਟਿਕਟ ਲਗਭਗ ਫਾਈਨਲ ਹੈ ਬਸ ਉਡੀਕ ਹੈ ਤਾਂ ਸਿਰਫ ਅਕਾਲੀ ਭਾਜਪਾ ਗਠਜੋੜ ਦੀ। ਕਿਉਂਕਿ ਜੇਕਰ ਇਸ ਗੱਠਜੋੜ ਵਿੱਚ ਫਿਰੋਜਪੁਰ ਲੋਕ ਸਭਾ ਹਲਕੇ ਦੀ ਸੀਟ ਅਕਾਲੀ ਦਲ ਦੇ ਹਿੱਸੇ ਆਉਂਦੀ ਹੈ ਤਾਂ ਰਮਿੰਦਰ ਸਿੰਘ ਆਵਲਾ ਅਕਾਲੀ ਦਲ ਵੱਲੋਂ ਚੋਣ ਲੜਨਗੇ ਨਹੀਂ ਤਾਂ ਭਾਜਪਾ ਵੱਲੋਂ ਉਹਨਾਂ ਦੀ ਟਿਕਟ ਲਗਭਗ ਤੈਅ ਮੰਨੀ ਜਾ ਰਹੀ ਹੈ। ਹਾਲਾਂਕਿ ਕਿ ਮੌਜੂਦਾ ਸਮੇਂ ਵਿੱਚ ਸ਼੍ਰੀ ਆਵਲਾ ਕਾਂਗਰਸ ਪਾਰਟੀ ਵਿੱਚ ਹਨ ਅਤੇ ਉਹ ਕਾਂਗਰਸ ਵੱਲੋਂ ਹੀ ਲੋਕ ਸਭਾ ਦੀ ਟਿਕਟ ਮੰਗ ਰਹੇ ਹਨ ਪਰ ਜਿਸ ਤਰ੍ਹਾਂ ਉਨ੍ਹਾਂ ਦੇ ਚਾਹੁਣ ਵਾਲੇ ਤੇਜੀ ਨਾਲ ਭਾਜਪਾ ਵਿੱਚ ਸ਼ਾਮਲ ਹੋ ਰਹੇ ਹਨ। ਉਸਤੋਂ ਇਹੀ ਸੰਕੇਤ ਮਿਲਦੇ ਹਨ ਕਿ ਕਿ ਜਲਦੀ ਸ਼੍ਰੀ ਆਵਲਾ ਨਵੀਂ ਪਾਰਟੀ ਵਿੱਚ ਨਜਰ ਆਉਣਗੇ। ਚਰਚਾ ਇਹ ਵੀ ਹੈ ਕਿ ਰਮਿੰਦਰ ਸਿੰਘ ਆਵਲਾ ਨੇ ਬੜੀ ਦੇਰ ਪਹਿਲਾਂ ਹੀ ਭਾਜਪਾ ਵਿੱਚ ਸ਼ਾਮਲ ਹੋ ਜਾਣਾ ਸੀ ਪਰ ਵਿੱਚ ਵਿਚਾਲੇ ਅਕਾਲੀ ਭਾਜਪਾ ਗੱਠਜੋੜ ਦੀ ਗੱਲ ਚੱਲ ਪਈ ਅਤੇ ਇਸ ਚੱਲੀ ਗੱਲਬਾਤ ਵਿੱਚ ਰੇੜਕਾ ਵੀ ਫਿਰੋਜ਼ਪੁਰ ਲੋਕ ਸਭਾ ਹਲਕੇ ਦੀ ਸੀਟ ਦਾ ਪੈ ਗਿਆ, ਜਿਸ ਕਾਰਨ ਆਵਲਾ ਦੀ ਜਵਾਇਨਿੰਗ ਵਿੱਚੇ ਰਹਿ ਗਈ ਪਰ ਹੁਣ ਗੱਠਜੋੜ ਲੱਗਭੱਗ ਫਾਈਨਲ ਹੈ ਅਤੇ ਆਵਲਾ ਦੀ ਟਿਕਟ ਵੀ। ਜ਼ਿਕਰਯੋਗ ਹੈ ਕਿ ਮਰਹੂਮ ਸਿਆਸਤਦਾਨ ਡਾਕਟਰ ਹਰਭਜਨ ਸਿੰਘ ਆਵਲਾ ਦਾ ਪਰਿਵਾਰ ਦੇਸ਼ ਭਰ ਦੇ ਚੋਣਵੇਂ ਉਦਯੋਗਪਤੀਆਂ ਵਿੱਚੋਂ ਇਕ ਹੈ ਅਤੇ ਇਸ ਪਰਿਵਾਰ ਦੇ ਹੋਣਹਾਰ ਬੇਟੇ ਰਮਿੰਦਰ ਸਿੰਘ ਆਵਲਾ ਪਿੱਛਲੇ ਢਾਈ ਦਸ਼ਕਾਂ ਤੋਂ ਪੰਜਾਬ ਦੀ ਸਿਆਸਤ ਵਿੱਚ ਸਰਗਰਮ ਹਨ, ਜਿਸ ਦੌਰਾਨ ਉਹ ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਅਤੇ ਜਲਾਲਾਬਾਦ ਤੋਂ ਵਿਧਾਇਕ ਵੀ ਰਹਿ ਚੁੱਕੇ ਹਨ।



ਇਸਤੋਂ ਇਲਾਵਾ ਆਪਣੀ ਲਿਆਕਤ, ਦਰਿਆ ਦਿਲੀ, ਸਮਾਜ ਸੇਵੀ ਸੋਚ ਅਤੇ ਹਰ ਕਿਸੇ ਦੇ ਸੁੱਖ ਦੁੱਖ ਵਿੱਚ ਸ਼ਾਮਲ ਹੋਣ ਵਾਲੇ ਰਮਿੰਦਰ ਸਿੰਘ ਆਵਲਾ ਲੱਖਾਂ ਦਿੱਲਾਂ ਉਤੇ ਰਾਜ ਕਰਦੇ ਹਨ ਅਤੇ ਇਹੀ ਕਾਰਨ ਹੈ ਕਿ ਲੋਕ ਉਨ੍ਹਾਂ ਨੂੰ ਟਿਕਟ ਮਿਲਣ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਨ।

# ਸਾਲ ਪਹਿਲਾਂ ਕਰਵਾਈ ਲਵ ਮੈਰਿਜ, ਹੁਣ ਕਿਹਾ ਜ਼ਿੰਦਗੀ ਨੂੰ ਅਲਵਿਦਾ

**ਮਾਛੀਵਾੜਾ ਸਾਹਿਬ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**
ਕੁਹਾੜਾ ਰੋਡ 'ਤੇ ਸਥਿਤ ਇੱਕ ਧਾਗਾ ਫੈਕਟਰੀ 'ਚ ਕੰਮ ਕਰਦੀ ਨਵ-ਵਿਆਹੁਤਾ ਰੂਪਮਾ (21) ਨੇ ਮਿੱਲ ਦੇ ਕੁਆਰਟਰ 'ਚ ਫ਼ਾਹਾ ਲਾ ਕੇ ਖ਼ੁਦਕੁਸ਼ੀ ਕਰ ਲਈ। ਪ੍ਰਾਪਤ ਜਾਣਕਾਰੀ ਅਨੁਸਾਰ ਰੂਪਮਾ ਤੇ ਉਸਦਾ ਪਤੀ ਸੌਰਵ ਕੁਮਾਰ ਇਸ ਧਾਗਾ ਫੈਕਟਰੀ 'ਚ ਕੰਮ ਕਰਦੇ ਸਨ ਅਤੇ ਇੱਥੇ ਹੀ ਮਿੱਲ ਅੰਦਰ ਬਣੇ ਕੁਆਰਟਰਾਂ 'ਚ ਰਹਿੰਦੇ ਸਨ। ਬੀਤੀ ਦੇਰ ਸ਼ਾਮ ਜਦੋਂ ਪਰਿਵਾਰਕ ਮੈਂਬਰਾਂ ਨੇ ਉਸ ਦੇ ਕੁਆਰਟਰ ਦਾ ਦਰਵਾਜ਼ਾ ਖੜਕਾਇਆ ਤਾਂ ਅੰਦਰੋਂ ਕੁੰਡੀ ਲੱਗੀ ਹੋਈ ਸੀ ਅਤੇ ਵਾਰ-ਵਾਰ ਦਰਵਾਜ਼ਾ ਖੜਕਾਉਣ 'ਤੇ ਵੀ ਉਸ ਨੇ ਨਾ ਖੋਲ੍ਹਿਆ ਤਾਂ ਆਸ-ਪਾਸ ਦੇ ਗੁਆਂਢੀਆਂ ਨੇ ਮਿਲ ਕੇ ਦਰਵਾਜ਼ਾ ਤੋੜ ਦਿੱਤਾ। ਕਮਰੇ ਅੰਦਰਲਾ ਦ੍ਰਿਸ਼ ਦੇਖ ਕੇ ਸਾਰੇ ਦਹਿਲ ਗਏ ਕਿਉਂਕਿ ਰੂਪਮਾ ਨੇ ਫ਼ਾਹਾ ਲਾਇਆ ਹੋਇਆ ਸੀ। ਫਿਲਹਾਲ ਪੁਲਸ ਵਲੋਂ ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਭਿਜਵਾ ਦਿੱਤਾ ਗਿਆ। ਪੁਲਸ ਥਾਣੇ 'ਚ ਵਿਆਹੁਤਾ ਦੇ ਮਾਪੇ ਅਤੇ ਉਸ ਦੇ ਪਤੀ ਸਮੇਤ ਪਰਿਵਾਰਕ ਮੈਂਬਰ ਵੀ ਮੌਜੂਦ ਸਨ, ਜਿਨ੍ਹਾਂ ਪੁਲਸ ਨੂੰ ਬਿਆਨ ਦਰਜ ਕਰਵਾਏ ਕਿ ਰੂਪਮਾ ਪਿਛਲੇ ਕੁੱਝ ਦਿਨਾਂ ਤੋਂ ਮਾਨਸਿਕ ਤੌਰ 'ਤੇ ਪਰੇਸ਼ਾਨ ਚੱਲ ਰਹੀ ਸੀ। ਇਸ ਕਾਰਨ ਉਸਨੇ ਖ਼ੁਦਕੁਸ਼ੀ ਕਰ ਲਈ।



ਮਰਨ ਤੋਂ 2 ਦਿਨ ਪਹਿਲਾਂ ਰੂਪਮਾ ਨੇ ਬੜੇ ਭਾਵੁਕ 2 ਸਟੇਟਸ ਲਗਾਏ ਹੋਏ ਸੀ, ਜਿਸ ਵਿਚ ਉਸਨੇ ਆਪਣੀ ਫੋਟੋ ਲਗਾ ਕੇ ਲਿਖਿਆ ਸੀ ਕਿ 'ਚਲਤੇ ਰਹੇਂਗੇ ਕਾਫਿਲੇ ਮੇਰੇ ਬਗੈਰ ਵੀ ਜਹਾਂ, ਏਕ ਸਿਤਾਰਾ ਟੂਟ ਜਾਨੇ ਸੇ ਆਸਮਾਂ ਸੂਨਾ ਨਹੀਂ ਹੋਤਾ'।

ਦੂਜੇ ਸਟੇਟਸ 'ਚ ਉਸਨੇ ਲਿਖਿਆ ਸੀ ਕਿ 'ਏਕ ਦਿਨ ਹਮ ਵੀ ਕਫ਼ਨ ਓੜ ਜਾਏਂਗੇ, ਸਭ ਰਿਸ਼ਤੇ ਇਸ ਜਮੀਨ ਕੇ ਤੋੜ ਜਾਏਂਗੇ, ਜਿਤਨਾ ਵੀ ਚਾਹੇ ਸਤਾ ਲੋ ਮੁਝ ਕੋ ਏਕ ਦਿਨ ਰੋਤਾ ਹੁਆ ਸਭ ਕੋ ਛੋਡ ਜਾਏਂਗੇ'।

ਜ਼ਿਕਰਯੋਗ ਹੈ ਕਿ ਵਿਆਹੁਤਾ ਰੂਪਮਾ ਨੇ ਕਰੀਬ 1 ਸਾਲ 2 ਮਹੀਨੇ ਪਹਿਲਾਂ ਫੈਕਟਰੀ 'ਚ ਹੀ ਕੰਮ ਕਰਦੇ ਮੁੰਡੇ ਸੌਰਵ ਕੁਮਾਰ ਨਾਲ ਲਵ ਮੈਰਿਜ ਕਰਵਾਈ ਸੀ ਪਰ ਇਸ ਪ੍ਰੇਮ ਕਹਾਣੀ ਦਾ ਅੰਤ ਮਾੜਾ ਹੋਇਆ। ਫਿਲਹਾਲ ਪੁਲਸ ਵਲੋਂ ਰੂਪਮਾ ਦਾ ਪੋਸਟਮਾਰਟਮ ਕਰਵਾਇਆ ਜਾ ਰਿਹਾ ਹੈ।

# ਗੌਰਵ ਮਾਛੀਵਾੜਾ ਨੇ ਮਹਾਰਾਸ਼ਟਰ ਵਿੱਚ ਵਧਾਇਆ ਪੰਜਾਬ ਦਾ ਗੌਰਵ

**ਮਾਛੀਵਾੜਾ ਸਾਹਿਬ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**
ਭਾਰਤ ਕੇਸਰੀ ਪਹਿਲਵਾਨ ਗੌਰਵ ਮਾਛੀਵਾੜਾ ਨੇ ਇੱਕ ਵਾਰ ਫਿਰ ਮਹਾਰਾਸ਼ਟਰ ਦੀ ਧਰਤੀ ਤੇ ਜਿੱਤ ਦੇ ਝੰਡੇ ਗੱਡਦਿਆਂ ਅਲੀ ਇਰਾਨੀ ਨੂੰ ਚਿੱਤ ਕੀਤਾ।

ਇਸ ਸਬੰਧੀ ਗੱਲ ਕਰਦੇ ਗੌਰਵ ਪਹਿਲਵਾਨ ਮਾਛੀਵਾੜਾ ਦੇ ਪਿਤਾ ਸ਼ੰਮੀ ਪਹਿਲਵਾਨ ਅਤੇ ਕੋਚ ਦਲਜੀਤ ਸਿੰਘ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਹਾਰਾਸ਼ਟਰ ਭਾਰਤ ਕੇਸਰੀ ਪਹਿਲਵਾਨ ਗੌਰਵ ਮਾਛੀਵਾੜਾ ਪੰਜਾਬ ,ਹਰਿਆਣਾ ,ਹਿਮਾਚਲ, ਮਹਾਰਾਸ਼ਟਰ ਤੋਂ ਬਿਨਾਂ ਪੰਜਾਬ ਦੇ ਨਾਲ ਲੱਗਦੇ ਸੂਬਿਆਂ ਦੇ ਨਾਲ ਨਾਲ ਵਿਦੇਸ਼ੀ ਧਰਤੀ ਉੱਤੇ ਵੀ ਆਪਣੀ ਕੁਸ਼ਤੀਆਂ ਦੇ ਜੌਹਰ ਦਿਖਾ ਚੁੱਕਾ ਪਿਛਲੇ ਕਈ ਸਾਲਾਂ ਤੋਂ ਮਹਾਰਾਸ਼ਟਰ ਵਿੱਚ ਗੌਰਵ ਦੀਆਂ ਕੁਸ਼ਤੀਆਂ ਦੇਖਣ ਦਾ ਲੋਕਾਂ ਦੇ ਵਿੱਚ ਬੜਾ ਚਾਅ ਤੇ ਉਤਸ਼ਾਹ ਹੈ ਇਸ ਵਾਰ ਵੀ ਗੌਰਵ ਆਪਣੇ ਕੋਚ ਦਲਜੀਤ ਸਿੰਘ ਦੇ ਨਾਲ ਮਹਾਰਾਸ਼ਟਰ ਦੀ ਧਰਤੀ ਤੇ ਕੁਸ਼ਤੀਆਂ ਕਰਨ ਲਈ ਪੁੱਜਿਆ ਹੋਇਆ ਹੈ ਜਿੱਥੇ ਉਸਨੇ ਮਹਾਰਾਸ਼ਟਰ ਦੇ ਵਿੱਚ ਨਾਮੀ ਪਹਿਲਵਾਨ ਅਲੀ ਇਰਾਨੀ ਨੂੰ ਚਿੱਤ ਕਰਦਿਆਂ ਹੋਇਆ ਝੰਡੀ ਦੀ ਫਾਇਨਲ ਕੁਸਤੀ ਉੱਤੇ ਕਬਜ਼ਾ ਕੀਤਾ। ਜਿਸ ਨੂੰ ਸ਼ੋਲਾਪੁਰ ਪੁਰ ਜਿਲ੍ਹੇ ਦੇ ਪਿੰਡ ਸਾਂਗਲੇ ਦੀ ਪੰਚਾਇਤ ਵੱਲੋਂ ਇੱਕ ਗੁਰਜ ਅਤੇ ਵੱਡੀ ਨਕਦ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ।



ਗੌਰਵ ਮਾਛੀਵਾੜਾ ਪਹਿਲਾ ਵੀ ਮਹਾਰਾਸ਼ਟਰ ਦੀ ਧਰਤੀ ਉੱਤੇ ਲਗਾਤਾਰ ਕਈ ਸਾਲਾਂ ਤੋਂ ਕੁਸ਼ਤੀਆਂ ਕਰਦਾ ਆ ਰਿਹਾ ਤੇ ਉੱਥੋਂ ਦੇ ਨਾਮੀ ਪਹਿਲਵਾਨਾਂ ਨੂੰ ਚਿੱਤ ਕਰਕੇ ਪੰਜਾਬ ਦਾ ਮਾਣ ਵਧਾ ਰਿਹਾ ਹੈ। ਜ਼ਿਕਰਯੋਗ ਹੈ ਕਿ ਮਹਾਰਾਸ਼ਟਰ ਦੇ ਨਾਲ ਨਾਲ ਹਿਮਾਂਚਲ ਪ੍ਰਦੇਸ਼ ਦੇ ਵਿੱਚ ਵੀ ਗੌਰਵ ਮਾਛੀਵਾੜਾ ਦੀਆਂ ਕੁਸ਼ਤੀਆਂ ਦੇਖਣ ਦੇ ਲਈ ਲੋਕਾਂ ਵਿੱਚ ਇੱਕ ਵੱਡਾ ਚਾਅ ਹੁੰਦਾ ਹੈ।

ਗੌਰਵ ਦੀ ਇਸ ਜਿੱਤ ਨਾਲ ਮਾਛੀਵਾੜਾ ਸ਼ਹਿਰ ਦੇ ਲੋਕਾਂ ਵਿੱਚ ਖੁਸ਼ੀ ਦਾ ਮਾਹੌਲ ਪਾਇਆ ਜਾ ਰਿਹਾ ਹੈ ਤੇ ਉਸ ਦੇ ਪਿਤਾ ਸ਼ੰਮੀ ਪਹਿਲਵਾਨ ਅਤੇ ਕੋਚ ਦਲਜੀਤ ਸਿੰਘ ਨੂੰ ਇਲਾਕੇ ਦੀਆਂ ਰਾਜਨੀਤਿਕ, ਸਮਾਜਿਕ, ਧਾਰਮਿਕ ਅਤੇ ਵਿੱਦਿਅਕ ਸੰਸਥਾਵਾਂ ਦੇ ਆਗੂਆਂ ਵੱਲੋਂ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ।

# ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਰੀਬ 1.08 ਕਰੋੜ ਦੀ ਲਾਗਤ ਵਾਲੇ ਵੱਖ-ਵੱਖ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖੇ ਤੇ ਉਦਘਾਟਨ ਕੀਤੇ

**ਸੁਨਾਮ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**
ਵਿਧਾਨ ਸਭਾ ਹਲਕਾ ਸੁਨਾਮ ਦੇ ਸਰਵਪੱਖੀ ਵਿਕਾਸ ਵਿੱਚ ਹੋਰ ਤੇਜ਼ੀ ਲਿਆਉਂਦੇ ਹੋਏ ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ ਵੱਖ-ਵੱਖ ਵਿਕਾਸ ਕਾਰਜਾਂ ਨੂੰ ਆਰੰਭ ਕਰਵਾਇਆ ਗਿਆ। ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਰੀਬ 1.08 ਕਰੋੜ ਦੀ ਲਾਗਤ ਵਾਲੇ ਵੱਖ-ਵੱਖ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖਦਿਆਂ ਤੇ ਉਦਘਾਟਨ ਕਰਦੇ ਹੋਏ ਦੱਸਿਆ ਕਿ ਅਸੀਂ ਪਿੰਡਾਂ, ਕਸਬਿਆਂ ਤੇ ਸ਼ਹਿਰੀ ਵਸੋਂ ਦੀ ਲੋੜ ਦੇ ਸਨਮੁੱਖ ਯੋਜਨਾਬੱਧ ਢੰਗ ਨਾਲ ਵਿਕਾਸ ਕਰਵਾ ਰਹੇ ਹਾਂ। ਉਨ੍ਹਾਂ ਕਿਹਾ ਕਿ ਸਰਕਾਰੀ ਗਰਾਂਟਾਂ ਦੀ ਸੁਚੱਜੀ ਵਰਤੋਂ ਨੂੰ ਯਕੀਨੀ ਬਣਾਉਣ ਲਈ ਅਧਿਕਾਰੀਆਂ ਨੂੰ ਵੀ ਨਿਯਮਤ ਤੌਰ 'ਤੇ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ ਅਤੇ ਹਰ ਆਰੰਭ ਕੀਤੇ ਜਾਣ ਵਾਲੇ ਕੰਮ ਦੀ ਲਗਾਤਾਰ ਨਿਗਰਾਨੀ ਕੀਤੀ ਜਾਂਦੀ ਹੈ ਤਾਂ ਜੋ ਨਿਰਧਾਰਤ ਸਮੇਂ ਦੇ ਅੰਦਰ ਅੰਦਰ ਕੰਮ ਮੁਕੰਮਲ ਹੋ ਸਕਣ। ਅਮਨ ਅਰੋੜਾ ਨੇ ਗੋਬਿੰਦ ਨਗਰ, ਪਿੰਡੀ ਢਿੱਲਵਾਂ, ਪਿੰਡੀ ਸਤੀਪੁਰਾ, ਨਮੋਲ, ਮੰਡੇਰ ਕਲਾਂ, ਕੋਟੜਾ ਅਮਰੂ, ਕਿਲਾ ਭਰੀਆਂ, ਸ਼ਹੀਦ ਊਧਮ ਸਿੰਘ ਨਗਰ ਅਤੇ ਸਿੰਘਪੁਰਾ ਵਿਖੇ 22 ਲੱਖ ਰੁਪਏ ਦੀ ਲਾਗਤ ਨਾਲ 125 ਸੋਲਰ ਲਾਈਟਾਂ ਅਤੇ ਚੀਮਾ ਵਿਖੇ 15 ਲੱਖ ਦੀ ਲਾਗਤ ਨਾਲ 75 ਸਟਰੀਟ ਲਾਈਟਾਂ ਲਗਵਾਉਣ ਦਾ ਕੰਮ ਆਰੰਭ ਕਰਵਾਇਆ।



ਉਨ੍ਹਾਂ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਈਲਵਾਲ ਗੱਗੜਪੁਰ ਵਿਖੇ 15 ਲੱਖ ਦੀ ਲਾਗਤ ਨਾਲ ਉਸਾਰੇ ਦੋ ਕਲਾਸ ਰੂਮ ਦਾ ਉਦਘਾਟਨ ਕੀਤਾ ਅਤੇ 11 ਲੱਖ ਨਾਲ ਤਿਆਰ ਹੋਣ ਵਾਲੀ ਸਾਇੰਸ ਲੈਬ ਦਾ ਨੀਂਹ ਪੱਥਰ ਰੱਖਿਆ। ਉਨ੍ਹਾਂ ਤੁੰਗਾਂ ਵਿਖੇ 4.60 ਲੱਖ ਦੀ ਲਾਗਤ ਵਾਲੇ ਵਾਲੀਬਾਲ ਗਰਾਊਂਡ ਦਾ ਉਦਘਾਟਨ ਕੀਤਾ ਜਦਕਿ ਸਾਹੋਕੇ ਦੇ ਸਰਕਾਰੀ ਸਕੂਲ ਵਿਖੇ 11 ਲੱਖ ਦੀ ਲਾਗਤ ਵਾਲੀ ਸਾਇੰਸ ਲੈਬ ਦਾ ਨੀਹ ਪੱਥਰ ਰੱਖਿਆ। ਕੈਬਨਿਟ ਮੰਤਰੀ ਨੇ ਕੁਲਾਰਖੁਰਦ ਵਿਖੇ 4.60 ਲੱਖ ਦੀ ਲਾਗਤ ਵਾਲੇ ਵਾਲੀਬਾਲ ਗਰਾਊਂਡ, 4 ਲੱਖ ਵਾਲੇ ਪਾਰਕ, 5 ਲੱਖ ਦੀ ਲਾਗਤ ਵਾਲੀ ਧਰਮਸ਼ਾਲਾ ਅਤੇ 15.65 ਲੱਖ ਦੀ ਲਾਗਤ ਨਾਲ ਤਿਆਰ ਸਕੂਲ ਦੀ ਚਾਰਦੀਵਾਰੀ ਦਾ ਉਦਘਾਟਨ ਕੀਤਾ। ਇਸ ਮੌਕੇ ਵੱਖ ਵੱਖ ਥਾਵਾਂ ਤੇ ਪਿੰਡਾਂ ਦੇ ਲੋਕ, ਬਲਾਕ ਪ੍ਰਧਾਨ ਅਤੇ ਅਧਿਕਾਰੀ ਵੀ ਹਾਜ਼ਰ ਸਨ।

# ਜਲੰਧਰ ਦਿਹਾਤੀ ਪੁਲਿਸ ਦੀ ਨਜਾਇਜ ਮਾਈਨਿੰਗ ਵਿਰੁੱਧ ਸਖ਼ਤੀ

**ਜਲੰਧਰ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**
ਜਲੰਧਰ ਦਿਹਾਤੀ ਪੁਲਿਸ ਵੱਲੋਂ ਨਜਾਇਜ ਮਾਈਨਿੰਗ ਕਰਨ ਵਾਲਿਆਂ ਵਿਰੁੱਧ ਸ਼ਿਕੰਜਾ ਕੱਸਦਿਆਂ ਪਿਛਲੇ ਲਗਭਗ ਇੱਕ ਸਾਲ ਅੰਦਰ ਹੀ ਥਾਣਾ ਫਿਲੌਰ ਤੇ ਬਿਲਗਾ ਵਿੱਚ 14 ਕੇਸ ਦਰਜ ਕਰਕੇ 12 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ।

ਜਲੰਧਰ ਦਿਹਾਤੀ ਦੇ ਐਸ.ਐਸ. ਪੀ. ਸ੍ਰੀ ਮੁਖਵਿੰਦਰ ਸਿੰਘ ਭੁੱਲਰ ਨੇ ਦੱਸਿਆ ਕਿ ਦਿਹਾਤੀ ਪੁਲਿਸ ਵੱਲੋਂ ਸਤਲੁਜ ਦਰਿਆ ਅੰਦਰ ਕਿਸੇ ਵੀ ਤਰ੍ਹਾਂ ਦੀ ਨਜਾਇਜ ਮਾਈਨਿੰਗ ਰੋਕਣ ਲਈ ਮਾਈਨਿੰਗ ਵਿਭਾਗ ਦੀਆਂ ਟੀਮਾਂ ਨਾਲ ਮਿਲਕੇ ਲਗਤਾਰ ਕੀਤੀ ਕਾਰਵਾਈ ਦੇ ਨਤੀਜੇ ਵਜੋਂ ਜਿੱਥੇ ਛਾਪੇਮਾਰੀ ਕੀਤੀ ਗਈ ਉੱਥੇ ਹੀ ਮੌਕੇ ਉੱਪਰ ਦੋਸ਼ੀਆਂ ਨੂੰ ਕਾਬੂ ਕਰਕੇ ਚਲਾਨ ਪੇਸ਼ ਕਰਨ ਦੀ ਪ੍ਰਕ੍ਰਿਆ ਕੀਤੀ ਜਾ ਰਹੀ ਹੈ।

ਉਨਾਂ ਦੱਸਿਆ ਕਿ ਫਿਲੌਰ ਉਪ ਮੰਡਲ ਤਹਿਤ ਸਤਲੁਜ ਦਰਿਆ ਦੇ ਖੇਤਰ ਵਿੱਚ ਗਸ਼ਤ ਟੀਮਾਂ ਵੱਲੋਂ ਕੀਤੀ ਜਾਂਦੀ ਨਿਗਰਾਨੀ ਕਾਰਨ ਹੀ ਫਿਲੌਰ ਵਿਖੇ 10 ਕੇਸ ਦਰਜ ਕੀਤੇ ਗਏ ਹਨ। ਇਸ ਤੋਂ ਇਲਾਵਾ ਬਿਲਗਾ ਵਿੱਚ 4 ਕੇਸ ਦਰਜ ਕਰਕੇ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਇਸ ਤੋਂ ਇਲਾਵਾ 7 ਟਰੈਕਟਰ / ਟਰਾਲੀਆਂ , ਇੱਕ ਪੋਕਲੇਨ , 2 ਜੇ ਸੀ ਬੀ ਮਸ਼ੀਨਾਂ ਤੇ ਟਿਪਰ ਵੀ ਜ਼ਬਤ ਕੀਤੇ ਗਏ ਹਨ।

ਉਨਾਂ ਇਹ ਵੀ ਕਿਹਾ ਕਿ ਮਾਈਨਿੰਗ ਦੇ ਕੇਸਾਂ ਵਿੱਚ ਦੋਸ਼ੀਆਂ ਨੂੰ ਕਾਨੂੰਨ ਮੁਤਾਬਿਕ ਸਜ਼ਾ ਦਿਵਾਉਣ ਲਈ ਪੁਲਿਸ ਵਲੋਂ ਕਾਨੂੰਨੀ ਪੱਖ ਉੱਪਰ ਵੀ ਲਗਤਾਰ ਕੰਮ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਕੇਸਾਂ ਵਿੱਚ ਸਮੇਂ ਸਿਰ ਚਲਾਨ ਪੇਸ਼ ਕਰਨ ਲਈ ਸਬੰਧਿਤ ਡੀ ਐਸ ਪੀਜ ਦੀ ਨਿਗਰਾਨੀ ਹੇਠ ਕੇਸਾਂ ਦੀ ਪੈਰਵੀ ਕੀਤੀ ਜਾ ਰਹੀ ਹੈ।

# ਜਲਾਲਾਬਾਦ ਵਿੱਚ ਦੁਕਾਨਦਾਰ ਅਤੇ ਗ੍ਰਾਹਕ ਵਿੱਚ ਹੋਈ ਤਕਰਾਰ



**ਜਲਾਲਾਬਾਦ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**
ਜਲਾਲਾਬਾਦ ਦੇ ਛੋਟਾ ਟਿਵਾਣਾ ਰੋਡ ਓਮ ਆਸ਼ਰਮ ਦੇ ਨਜ਼ਦੀਕ ਇੱਕ ਕਰਿਆਣੇ ਦੀ ਦੁਕਾਨ ਤੇ ਦੇਰ ਰਾਤ ਦੁਕਾਨਦਾਰ ਅਤੇ ਇੱਕ ਗ੍ਰਾਹਕ ਦੇ ਵਿਚਾਲੇ ਪੈਸਿਆਂ ਦੇ ਲੈਣ ਦੇ ਨੂੰ ਲੈ ਕੇ ਤਕਰਾਰ ਹੋ ਗਈ।

ਦੇਖਦੇ ਹੀ ਦੇਖਦੇ ਤਕਰਾਰ ਨੇ ਖ਼ੂਨੀ ਰੂਪ ਧਾਰ ਲਿਆ। ਦੁਕਾਨਦਾਰ ਦੇ ਵੱਲੋਂ ਆਪਣੀ ਦੁਨਾਲੀ ਬੰਦੂਕ ਦੇ ਨਾਲ ਗ੍ਰਾਹਕ ਤੇ ਸਿੱਧੀ ਗੋਲੀ ਮਾਰ ਦਿੱਤੀ ਗਈ ਜੋ ਗ੍ਰਾਹਕ ਤੇ ਗੁਪਤ ਅੰਗ ਦੇ ਨਜ਼ਦੀਕ ਲੱਗੀ। ਜਿਸ ਤੋਂ ਬਾਅਦ ਉਕਤ ਸ਼ਖਸ ਨੂੰ ਫੌਰੀ ਤੌਰ ਤੇ ਸਿਵਲ ਹਸਪਤਾਲ ਜਲਾਲਾਬਾਦ ਇਲਾਜ ਲਈ ਲਿਜਾਇਆ ਗਿਆ। ਜਿੱਥੋਂ ਹਾਲਤ ਗੰਭੀਰ ਦੇਖਦੇ ਹੋਏ ਉਸਨੂੰ ਫਰੀਦਕੋਟ ਦੇ ਮੈਡੀਕਲ ਕਾਲਜ ਲਈ ਰੈਫਰ ਕਰ ਦਿੱਤਾ ਗਿਆ।

ਜਾਣਕਾਰੀ ਦਿੰਦੇ ਹੋਏ ਮੌਕੇ ਤੇ ਮੌਜੂਦ ਲੋਕਾਂ ਨੇ ਦੱਸਿਆ ਕਿ ਦੁਕਾਨ ਤੇ ਇੱਕ ਗ੍ਰਾਹਕ ਸ਼ਰਾਬੀ ਹਾਲਤ ਦੇ ਵਿੱਚ ਆਇਆ ਸੀ। ਜਿਸ ਦੇ ਨਾਲ ਇੱਕ ਪੰਜ ਸਾਲ ਦੀ ਛੋਟੀ ਜਿਹੀ ਬੱਚੀ ਵੀ ਸੀ ਦੁਕਾਨਦਾਰ ਨੇ ਉਸ ਗ੍ਰਾਹਕ ਤੋਂ ਪੈਸੇ ਲੈਣੇ ਸਨ। ਜਿਸ ਨੂੰ ਲੈ ਕੇ ਦੋਨਾਂ ਦੇ ਵਿਚ

ਜਿਸ ਤੋਂ ਬਾਅਦ ਤੈਸ਼ ਵਿੱਚ ਆਏ ਦੁਕਾਨਦਾਰ ਦੇ ਵੱਲੋਂ ਦੁਨਾਲੀ ਦੇ ਨਾਲ ਸਿੱਧਾ ਫਾਇਰ ਗ੍ਰਾਹਕ ਦੇ ਵੱਲ ਕਰ ਦਿੱਤਾ ਗਿਆ। ਦੱਸਿਆ ਜਾ ਰਿਹਾ ਕਿ ਉਕਤ ਕਰਾ ਕੇ ਇੱਕ ਵਕੀਲ ਹੈ ਜਿਸ ਦਾ ਨਾਂ ਧਰਮਿੰਦਰ ਹੈ। ਉਧਰ ਦੂਜੇ ਪਾਸੇ ਦੁਕਾਨਦਾਰ ਦੀ ਮਾਂ ਨੇ ਕਿਹਾ ਕਿ ਉਸਦੇ ਦੋ ਬੇਟੇ ਅਤੇ ਘਰ ਵਾਲੇ ਦੇ ਨਾਲ 30-35 ਲੋਕਾਂ ਨੇ ਗੁੰਡਾਗਰਦੀ ਕੀਤੀ ਹੈ।

ਜਦਕਿ ਦੂਜੇ ਪਾਸੇ ਮੌਕੇ ਤੇ ਸੈਰ ਕਰ ਰਹੇ ਇੱਕ ਰਾਮ ਸਿੰਘ ਨਾਮ ਦੇ ਸ਼ਖਸ ਨੇ ਦੱਸਿਆ ਕਿ ਦੁਕਾਨਦਾਰ ਦੀ ਮਾਂ ਝੂਠ ਬੋਲ ਰਹੀ ਹੈ ਕਿ ਉਥੇ 30-35 ਲੋਕ ਨਹੀਂ ਸਨ ਬਲਕਿ ਇੱਕ ਸ਼ਖਸ ਇਕਲਾ ਸੀ ਅਤੇ ਉਸਦੇ ਨਾਲ ਉਸਦੀ ਛੋਟੀ ਜਿਹੀ ਬੱਚੀ ਸੀ। ਦੁਕਾਨਦਾਰ ਤਿੰਨ ਪਿਓ ਪੁੱਤ ਸਨ ਜਿਨਾਂ ਦੇ ਵੱਲੋਂ ਉਕਤ ਸ਼ਖਸ ਦੇ ਨਾਲ ਮਾਰਕੋਟ ਕੀਤੀ ਗਈ ਅਤੇ ਬੱਚੀ ਦੇ ਵੀ ਸਿਰ ਵਿੱਚ ਸੋਟੀ ਮਾਰੀ ਗਈ ਹੈ।

ਕਾਫੀ ਦੇਰ ਤੱਕ ਹੰਗਾਮਾ ਝੱਲਦਾ ਰਿਹਾ ਦੁਕਾਨਦਾਰ ਆਪਣੇ ਤੇ ਆਪਣੇ ਪਰਿਵਾਰ ਨੂੰ ਬਚਾਉਣ ਦੇ ਲਈ ਝੂਠ ਬੋਲਣ ਦੇ ਆਰੋਪ ਲਗਾਉਣ ਦੇ ਹੋਏ ਰਾਹਗੀਰ ਨੇ ਦੱਸਿਆ ਕਿ ਇਹ ਝੂਠ ਬੋਲਿਆ ਜਾ ਰਿਹਾ ਹੈ। ਇੱਕ ਸ਼ਖਸ ਸੀ ਉਸਦੇ ਸ਼ਰਾਬ ਜ਼ਰੂਰ ਪੀਤੀ ਹੋਈ ਸੀ ਨਾਲ ਉਸ ਦੇ ਛੋਟੀ ਜਿਹੀ ਬੱਚੀ ਸੀ ਅਤੇ ਦੁਕਾਨਦਾਰ ਅਟੇ ਤਿੰਨ ਲੋਕ ਸਨ।

ਜਿਨਾਂ ਦੇ ਵੱਲੋਂ ਮਾਰ ਕੁਟਾਈ ਕਰਨ ਤੋਂ ਬਾਅਦ ਗੋਲੀ ਮਾਰ ਦਿੱਤੀ ਗਈ। ਫਿਲਹਾਲ ਜਲਾਲਾਬਾਦ ਸਬ ਡਿਵੀਜ਼ਨ ਦੇ ਡੀਐਸਪੀ ਆਰ ਸ਼ਰਮਾ ਮੌਕੇ ਤੇ ਪਹੁੰਚੇ। ਜਿਨਾਂ ਦੇ ਵੱਲੋਂ ਘਰ ਦੀ ਤਲਾਸ਼ੀ ਲੈਣ ਤੇ ਇੱਕ ਦੁਨਾਲੀ ਜਿਸ ਦੇ ਨਾਲ ਗੋਲੀ ਚਲਾਈ ਗਈ ਸੀ, ਉਸ ਨੂੰ ਬਰਾਮਦ ਕਰ ਲਿਆ ਗਿਆ ਅਤੇ ਸੀਸੀਟੀਵੀ ਫੁਟੇਜ ਨੂੰ ਵੀ ਆਪਣੇ ਕਬਜ਼ੇ ਦੇ ਵਿੱਚ ਲੈ ਲਿਆ ਗਿਆ।

ਪੁਲਿਸ ਦਾ ਕਹਿਣਾ ਹੈ ਕਿ ਮਾਮਲੇ ਦੀ ਜਾਂਚ ਕਰ ਰਹੇ ਹਨ।

# ਐਸ.ਸੀ.ਐਸ.ਟੀ.ਓ.ਬੀ.ਸੀ ਮਹਾਂ ਸੰਘਰਸ਼ ਕਮੇਟੀ ਦੀ ਹੋਈ ਅਹਿਮ ਮੀਟਿੰਗ



ਐਸ.ਸੀ.ਐਸ.ਟੀ.ਓ.ਬੀ.ਸੀ ਮਹਾਂ ਸੰਘਰਸ਼ ਕਮੇਟੀ ਦੀ ਮੀਟਿੰਗ ਦਾ ਦ੍ਰਿਸ਼।

**ਜਲਾਲਾਬਾਦ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**
ਭਗਵਾਨ ਵਾਲਮੀਕ ਮੰਦਿਰ ਜਲਾਲਾਬਾਦ ਵਿਖੇ ਐਸ.ਸੀ.ਐਸ.ਟੀ. ਓ.ਬੀ.ਸੀ ਮਹਾਂ ਸੰਘਰਸ਼ ਕਮੇਟੀ ਦੀ ਤਰਫੋਂ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਪ੍ਰਧਾਨ ਰੋਹਿਤ ਗੁਡਾਲੀਆ, ਮੀਤ ਪ੍ਰਧਾਨ ਰਾਜੀਵ ਤੰਬੋਲੀਆ, ਜਨਰਲ ਸਕੱਤਰ ਜੋਗਿੰਦਰ ਪਾਲ ਦੇਸ਼ਰਾਜ ਗੁਡਾਲੀਆ, ਸੀਨੀਅਰ ਮੀਤ ਪ੍ਰਧਾਨ ਡਾ: ਕੋਰ ਸਿੰਘ ਕੈਸ਼ੀਅਰ ਗੁਰਮੇਜ.

ਇਸ ਮੀਟਿੰਗ ਵਿੱਚ ਲਾਲ ਰਮੇਸ਼ ਨਦਾਨੀਆਂ ਵਿਨੋਦ ਨਦਾਨੀਆਂ ਰਾਕੇਸ਼ ਰੌਂਜੀਆ ਵਿੱਕੀ ਸਰਵਨ ਰੋਟਾਸ ਗੁਡਾਲੀਆ ਆਦਿ ਹਾਜ਼ਰ ਸਨ। ਇਸ ਮੀਟਿੰਗ ਵਿੱਚ ਭਾਰਤ ਰਤਨ ਬਾਬਾ ਸਾਹਿਬ ਡਾ.ਬੀ.ਆਰ.ਅੰਬੇਦਕਰ ਜੀ ਦਾ ਜਨਮ ਦਿਹਾੜਾ 7 ਅਪ੍ਰੈਲ ਨੂੰ ਧੂਮ-ਧਾਮ ਨਾਲ ਮਨਾਉਣ ਬਾਰੇ ਵਿਚਾਰ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਡਾ. ਜਲੰਧਰ ਦੀ ਟੀਮ ਬਾਬਾ ਸਾਹਿਬ ਡਾ.ਬੀ.ਆਰ.ਅੰਬੇਦਕਰ ਜੀ ਦੇ ਜੀਵਨ 'ਤੇ ਕੋਰੀਓਗ੍ਰਾਫੀ ਕਰੇਗੀ।

# ਵਿਧਾਇਕ ਰਮਨ ਅਰੋੜਾ ਦੇ ਦਫ਼ਤਰ ਤੋਂ ਇੱਕ ਜਥਾ ਸ੍ਰੀ ਆਨੰਦਪੁਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਲਈ ਰਵਾਨਾ



**ਜਲੰਧਰ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**
ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਸ੍ਰੀ ਆਨੰਦਪੁਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਦਰਸ਼ਨਾਂ ਲਈ ਜਲੰਧਰ ਕੇਂਦਰੀ ਦੇ ਵਿਧਾਇਕ ਰਮਨ ਅਰੋੜਾ ਦੇ ਦਫ਼ਤਰ ਤੋਂ ਮੰਗਲਵਾਰ ਨੂੰ ਸ਼ਰਧਾਲੂਆਂ ਦਾ ਇੱਕ ਜਥਾ ਰਵਾਨਾ ਹੋਇਆ। ਵਿਧਾਇਕ ਰਮਨ ਅਰੋੜਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ 'ਆਪ' ਵਲੰਟੀਅਰ ਅਤੇ ਵਾਰਡ 51 ਦੇ ਇਲਾਕਾ ਇੰਚਾਰਜ ਦੀਪਕ ਕੁਮਾਰ, ਹਨੀ ਭਾਟੀਆ, ਇਕਬਾਲ ਸਿੰਘ ਨਿੱਝਰ, ਸੂਰਜ ਕੁਮਾਰ, ਦਾਨੀ ਨੇ ਗਰੁੱਪ ਨੂੰ ਰਵਾਨਾ ਕੀਤਾ।

ਸ੍ਰੀ ਅਨੰਦਪੁਰ ਸਾਹਿਬ ਵਿਖੇ ਮੱਥਾ ਟੇਕਣ ਤੋਂ ਬਾਅਦ ਉਕਤ ਸੰਗਤਾਂ ਦਾ ਜਥਾ ਬੁੱਧਵਾਰ ਸ਼ਾਮ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਮੱਥਾ ਟੇਕਣ ਉਪਰੰਤ ਵਾਪਸ ਜਲੰਧਰ ਪਰਤੇਗਾ। ਇਸ ਦੌਰਾਨ ਪੰਜਾਬ ਸਰਕਾਰ ਵੱਲੋਂ ਸ਼ਰਧਾਲੂਆਂ ਨੂੰ ਸੁਵਿਧਾ ਕਿੱਟਾਂ ਵੀ ਦਿੱਤੀਆਂ ਗਈਆਂ।

# ਟਰੇਨ ਦੇ ਥੱਲੇ, ਇਲਾਜ ਲਈ ਪਹੁੰਚਾਇਆ ਗਿਆ ਹਸਪਤਾਲ

**ਜਲਾਲਾਬਾਦ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**
ਜਲਾਲਾਬਾਦ ਦੇ ਬਾਹਮਣੀ ਰੋਡ ਡੀਏਵੀ ਹਾਲਟ ਰੇਲਵੇ ਸਟੇਸ਼ਨ ਤੇ ਇੱਕ ਸ਼ਖਸ ਟ੍ਰੇਨ ਤੇ ਚੜਨ ਲੱਗਾ ਤਾਂ ਪੈਰ ਫਿਸਲਨ ਦੇ ਕਾਰਨ ਉਹ ਟ੍ਰੇਨ ਦੇ ਥੱਲੇ ਜਾ ਡਿੱਗਿਆ। ਜਿਸ ਤੋਂ ਬਾਅਦ ਉਸਦੇ ਗੰਭੀਰ ਚੋਟਾਂ ਲੱਗੀਆਂ। ਜਾਣਕਾਰੀ ਮਿਲੀ ਹੈ ਕਿ ਇਹ ਸ਼ਖਸ ਸੂਰਪੁਰੀ ਪਿੰਡ ਦਾ ਰਹਿਣ ਵਾਲਾ ਇਥੇ ਸ਼ਰਾਬ ਦੇ ਨਸ਼ੇ ਦੇ ਵਿੱਚ ਟ੍ਰੇਨ ਦੇ ਵਿੱਚ ਸਵਾਰ ਹੋਣ ਦੀ ਕੋਸ਼ਿਸ਼ ਕਰ ਰਿਹਾ ਸੀ।

ਇਸੇ ਦੌਰਾਨ ਪੈਰ ਫਿਸਲਣ ਕਾਰਨ ਇਹ ਡਰੇਨ ਦੇ ਥੱਲੇ ਆ ਗਿਆ, ਜਿਸ ਦੇ ਨਾਲ ਇਸ ਦੇ ਗੰਭੀਰ ਸੱਟਾਂ ਲੱਗੀਆਂ।

ਮੌਕੇ ਤੇ ਜੀਆਰਪੀ ਪੁਲਿਸ ਦੇ ਵੱਲੋਂ ਐਂਬੂਲੈਂਸ ਨੂੰ ਇਸ ਦੀ ਜਾਣਕਾਰੀ ਦਿੱਤੀ ਗਈ ਅਤੇ ਐਂਮਬੂਲੈਂਸ ਰਾਹੀਂ ਇਸ ਨੂੰ ਜਲਾਲਾਬਾਦ ਦੇ ਸਿਵਲ ਹਸਪਤਾਲ ਪਹੁੰਚਾਇਆ ਗਿਆ, ਜਿੱਥੇ ਇਸ ਸ਼ਖਸ ਦਾ ਡਾਕਟਰਾਂ ਦੇ ਵੱਲੋਂ ਇਲਾਜ ਕੀਤਾ ਜਾ ਰਿਹਾ ਹੈ।

ਜਾਣਕਾਰੀ ਦਿੰਦੇ ਹੋਏ ਰੇਲਵੇ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਲਾਲ ਦੇ ਲਈ ਉਹ ਇੰਸਟਰਕਸ਼ਨ ਨੂੰ ਹਸਪਤਾਲ ਲੈ ਕੇ ਆਏ ਨੇ ਅਤੇ ਇਸ ਤੋਂ ਬਾਅਦ ਕਾਨੂੰਨ ਦੇ ਮੁਤਾਬਿਕ ਅਗਲੀ ਕਾਰਵਾਈ ਅਮਲ ਦੇ ਵਿੱਚ ਲਿਆਂਦੀ ਜਾਵੇਗੀ।

# ਨਾਗਰਿਕਤਾ ਸੋਧ ਕਾਨੂੰਨ ਸੀਏਏ ਨੂੰ ਲਾਗੂ ਕਰਨਾ ਇੱਕ ਇਤਿਹਾਸਕ ਕਦਮ-ਪਵਨ ਸੇਠੀ

**ਸੁਲਤਾਨਪੁਰ ਲੋਧੀ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**
ਲੋਕ ਸਭਾ ਚੋਣਾਂ ਤੋਂ ਪਹਿਲਾਂ ਕੇਂਦਰ ਦੀ ਮੋਦੀ ਸਰਕਾਰ ਨੇ ਵੱਡਾ ਐਲਾਨ ਕੀਤਾ ਹੈ। ਭਾਰਤ ਵਿੱਚ ਸੀਏਏ ਯਾਨੀ ਨਾਗਰਿਕਤਾ ਸੋਧ ਕਾਨੂੰਨ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ। ਇਸ ਕਾਨੂੰਨ ਤਹਿਤ ਹੁਣ ਤਿੰਨ ਗੁਆਂਢੀ ਮੁਲਕਾਂ ਪਾਕਿਸਤਾਨ, ਅਫਗਾਨਿਸਤਾਨ ਅਤੇ ਬੰਗਲਾਦੇਸ਼ ਦੀਆਂ ਘੱਟ ਗਿਣਤੀਆਂ ਦੇ ਲੋਕ ਭਾਰਤ ਦੀ ਨਾਗਰਿਕਤਾ ਪ੍ਰਾਪਤ ਕਰ ਸਕਣਗੇ। ਸੀਏਏ ਨੋਟੀਫਿਕੇਸ਼ਨ ਦੇ ਜਾਰੀ ਹੋਣ ਤੋਂ ਬਾਅਦ ਸ਼ਰਨਾਰਥੀਆਂ ਅਤੇ ਦੇਸ਼ ਦੇ ਲੋਕਾਂ ਵਿੱਚ ਖੁਸ਼ੀ ਦਾ ਮਾਹੌਲ ਹੈ। ਇਸ ਦੌਰਾਨ ਭਾਜਪਾ ਦੇ ਸੀਨੀਅਰ ਨੇਤਾ ਅਤੇ ਸਾਬਕਾ ਕੌਂਸਲਰ ਪਵਨ ਸੇਠੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਦਾ ਧੰਨਵਾਦ ਕਰਦਿਆਂ ਇਸ ਫੈਸਲੇ ਨੂੰ ਇਤਿਹਾਸਕ ਦੱਸਿਆ। ਉਨ੍ਹਾਂ ਕਿਹਾ ਕਿ ਮਾਨਵਤਾ ਦੀ ਭਲਾਈ ਨੂੰ ਸਮਰਪਿਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਅੱਜ ਇੱਕ ਪਾਸੇ ਮਹੱਤਵਪੂਰਨ ਕਦਮ ਚੁੱਕਦੇ ਹੋਏ ਨਾਗਰਿਕਤਾ ਸੋਧ ਕਾਨੂੰਨ (ਸੀਏਏ) ਲਾਗੂ ਕਰ ਦਿੱਤਾ ਗਿਆ ਹੈ।

# ਪਰਮਿੰਦਰ ਸਿੰਘ ਨਿੱਕੂਵਾਲ ਵੱਲੋਂ ਨਾਇਬ ਸਿੰਘ ਸੈਣੀ ਨੂੰ ਹਰਿਆਣੇ ਦੇ ਮੁੱਖ ਮੰਤਰੀ ਬਣਨ ਤੇ ਦਿੱਤੀ ਵਧਾਈ

**ਸ੍ਰੀ ਅਨੰਦਪੁਰ ਸਾਹਿਬ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**
ਭਾਰਤੀਯ ਜਨਤਾ ਪਾਰਟੀ ਦੇ ਓ. ਬੀ .ਸੀ. ਮੋਰਚੇ ਪੰਜਾਬ ਦੇ ਕਾਰਜਕਾਰੀ ਮੈਂਬਰ ਅਤੇ ਜਿਲਾ ਮੋਹਾਲੀ ਦੇ ਭਰਵਾਰੀ ਪਰਮਿੰਦਰ ਸਿੰਘ ਨਿੱਕੂਵਾਲ ਵਲੋਂ ਨਾਇਬ ਸਿੰਘ ਸੈਣੀ ਨੂੰ ਹਰਿਆਣੇ ਦੇ ਮੁੱਖ ਮੰਤਰੀ ਲੱਗਣ ਤੇ ਵਧਾਈ ਦਿੰਦੇ ਹੋਏ ਜਿੱਥੇ ਸਮੂਹ ਲੀਡਰਸ਼ਿਪ ਦਾ ਧੰਨਵਾਦ ਕੀਤਾ ਉਨ੍ਹਾਂ ਕਿਹਾ ਕਿ ਮੈਨੂੰ ਯਕੀਨ ਹੈ ਕਿ ਉਹ ਪਾਰਟੀ ਨੂੰ ਹਰਿਆਣਾ ਵਿੱਚ ਨਵੀਆਂ ਬੁਲੰਦੀਆਂ 'ਤੇ ਲੈ ਕੇ ਜਾਣਗੇ। ਇਸ ਮੌਕੇ ਉਹਨਾਂ ਨਾਲ ਵਿਜੇ ਭਾਟੀਆ ,ਸੁਰਿੰਦਰ ਪਾਲ ਝਾਂਡੀਆਂ ,ਨਰਿੰਦਰ ਭਾਟੀਆ ਆਦਿ ਮੌਜੂਦ ਰਹੇ।

# ਟਰੈਫਿਕ ਪੁਲਿਸ ਸਮਾਣਾ ਵਲੋਂ ਬੁਲੇਟ ਮੋਟਰ ਸਾਈਕਲਾਂ ਤੇ ਹੋਰ ਵਾਹਨਾਂ ਦੇ ਕੱਟੇ ਚਲਾਨ

**ਸਮਾਣਾ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**
ਸਮਾਣਾ ਦੇ ਟ੍ਰੈਫਿਕ ਇੰਚਾਰਜ ਸੁਖਵਿੰਦਰ ਸਿੰਘ ਅਤੇ ਉਨ੍ਹਾਂ ਦੀ ਪੂਰੀ ਟੀਮ ਵਲੋਂ ਅੱਜ ਸ਼ਹਿਰ ਦੇ ਵੱਖ ਵੱਖ ਸੜਕਾਂ ਤੇ ਬੁਲੇਟ ਮੋਟਰ ਸਾਈਕਲਾਂ ਤੇ ਹੋਰ ਵਾਹਨਾਂ ਦੇ ਚਲਾਨ ਕੱਟੇ ਗਏ ,ਇਸ ਮੋਕੇ ਉਨ੍ਹਾਂ ਖਾਸ ਤੋਰ ਤੇ ਬੁਲੇਟ ਵਾਹਨ ਨਾਲ ਪਟਾਕੇ ਪਾਉਣ ਵਾਲੇ ਚਾਲਕਾਂ ਨੂੰ ਸਖ਼ਤ ਹਦਾਇਤਾਂ ਦੇ ਨਾਲ ਟ੍ਰੈਫਿਕ ਨਿਯਮਾਂ ਬਾਰੇ ਜਾਗਰੂਕ ਵੀ ਕੀਤਾ ,ਇਸ ਮੋਕੇ ਟ੍ਰੈਫਿਕ ਮੁਲਾਜ਼ਮ ,ਜਸਪਾਲ ਸਿੰਘ ,ਹਰਜੀਤ ਸਿੰਘ ,ਦਰਸ਼ਨ ਸਿੰਘ ਆਦਿ ਵੀ ਹਾਜ਼ਰ ਸਨ।



# ਪ੍ਰੋਸਟੇਟ ਕੈਂਸਰ ਦੇ ਇਲਾਜ 'ਚ ਲਾਭਕਾਰੀ ਰੋਬੋਟਿਕ ਸਰਜਰੀ

ਸਤਵਿੰਦਰ ਸਿੰਘ ਧੜਾਕ

ਪ੍ਰੋਸਟੇਟ ਕੈਂਸਰ ਇਕ ਭਿਆਨਕ ਬਿਮਾਰੀ ਹੈ, ਜਿਸ ਦੀ ਸਮਾਂ ਰਹਿੰਦਿਆਂ ਪਛਾਣ ਕਰ ਕੇ ਇਲਾਜ ਕੀਤਾ ਜਾਣਾ ਬੇਹੱਦ ਲਾਜ਼ਮੀ ਹੈ। ਜੇ ਸਮੇਂ ਸਿਰ ਇਸ ਦਾ ਇਲਾਜ ਨਾ ਕੀਤਾ ਜਾਵੇ ਤਾਂ ਇਹ ਜਾਨਲੇਵਾ ਹੋ ਸਕਦਾ ਹੈ। ਰੋਬੋਟਿਕ ਸਰਜਰੀ ਅਜਿਹੇ ਮਰੀਜ਼ਾਂ ਲਈ ਵਰਦਾਨ ਸਾਬਤ ਹੋਈ ਹੈ। ਇਸ ਵਿਚ ਰੋਬੋਟ ਦੀ ਮਦਦ ਨਾਲ ਆਪ੍ਰੇਸ਼ਨ ਸਬੰਧੀ ਮਰੀਜ਼ਾਂ ਨੂੰ ਜਾਗਰੂਕ ਕੀਤਾ ਜਾਣਾ ਸਮੇਂ ਦੀ ਮੁੱਖ ਮੰਗ ਹੈ। 'ਪੰਜਾਬੀ ਜਾਗਰਣ' ਨਾਲ ਵਿਸ਼ੇਸ਼ ਗੱਲਬਾਤ ਦੌਰਾਨ ਫੋਰਟਿਸ ਹਸਪਤਾਲ, ਮੋਹਾਲੀ ਦੇ ਯੂਰੋਲੋਜੀ ਤੇ ਰੋਬੋਟਿਕ ਸਰਜਰੀ ਦੇ ਮਾਹਰ ਡਾਕਟਰ ਮਨੀਸ਼ ਆਹੂਜਾ ਨੇ ਬੇਹੱਦ ਅਹਿਮ ਜਾਣਕਾਰੀ ਦਿੱਤੀ।



ਡਾਕਟਰ ਮਨੀਸ਼ ਆਹੂਜਾ

**• ਪ੍ਰੋਸਟੇਟ ਕੈਂਸਰ ਕੀ ਹੈ?**

ਪ੍ਰੋਸਟੇਟ ਪੁਰਸ਼ਾਂ ਦੇ ਸਰੀਰ 'ਚ ਮੌਜੂਦ ਅਖਰੋਟ ਦੇ ਅਕਾਰ ਦੀ ਇਕ ਗ੍ਰੰਥੀ ਹੁੰਦੀ ਹੈ। ਇਹ ਵੀਰਜ ਨਿਰਮਾਣ ਦੀ ਪ੍ਰਕਿਰਿਆ 'ਚ ਸ਼ਾਮਲ ਹੁੰਦੀ ਹੈ। ਇਸ ਗ੍ਰੰਥੀ ਚ ਪੁਰਸ਼ ਹਾਰਮੋਨ ਦੇ ਪ੍ਰਭਾਵ ਨਾਲ ਸਮੇਂ-ਸਮੇਂ 'ਤੇ ਵਿਸਥਾਰ ਕਰਨ ਦੀ ਪ੍ਰਵਿਰਤੀ ਹੁੰਦੀ ਹੈ। ਪ੍ਰੋਸਟੇਟ ਵਿਚ ਵਾਧਾ ਜ਼ਿਆਦਾਤਰ ਰੋਗੀਆਂ ਵਿਚ ਆਮ ਹੁੰਦਾ ਹੈ ਪਰ ਕੁਝ ਲੋਕਾਂ ਵਿਚ ਇਹ ਕੈਂਸਰ ਦਾ ਕਾਰਨ ਹੋ ਸਕਦਾ ਹੈ। 50 ਸਾਲਾਂ ਦੀ ਉਮਰ ਤੋਂ ਬਾਅਦ ਪ੍ਰੋਸਟੇਟ ਵਾਧੇ ਦੇ ਲੱਛਣ ਜ਼ਿਆਦਾ ਵਿਖਾਈ ਦੇਣ ਲਗਦੇ ਹਨ।

**• ਪ੍ਰੋਸਟੇਟ ਕੈਂਸਰ ਦੇ ਲੱਛਣ ਕੀ ਹੁੰਦੇ ਹਨ?**

ਪ੍ਰੋਸਟੇਟ ਕੈਂਸਰ ਦੀ ਸ਼ੁਰੂਆਤ ਵਿਚ ਕੋਈ ਖ਼ਾਸ ਲੱਛਣ ਸਾਹਮਣੇ ਨਹੀਂ ਆਉਂਦੇ। ਜੇ ਕੁਝ ਲੱਛਣ ਹਨ ਤਾਂ ਉਹ ਨਾਨ-ਕੈਂਸਰ ਜਾਂ ਇਸ ਗ੍ਰੰਥੀ ਦੇ ਸਧਾਰਨ ਵਾਧੇ ਵਰਗੇ ਹੀ ਹੋ ਸਕਦੇ ਹਨ। ਇਸ ਦੇ ਲੱਛਣਾਂ ਵਿਚ ਦਿਨ ਅਤੇ ਰਾਤ ਵੇਲੇ ਵਾਰ-ਵਾਰ ਪਿਸ਼ਾਬ ਆਉਣਾ, ਪਿਸ਼ਾਬ ਦਾ ਹੌਲੀ ਹੋਣਾ, ਰਿਸਵਾਂ ਪਿਸ਼ਾਬ, ਰੁਕ-ਰੁਕ ਕੇ ਪਿਸ਼ਾਬ ਆਉਣਾ ਜਾਂ ਰੁਕਾਵਟ ਦੇ ਕਾਰਨ ਤਣਾਅ ਆਦਿ ਅਲਾਮਤਾਂ ਸ਼ਾਮਲ ਹੋ ਸਕਦੀਆਂ ਹਨ। ਪ੍ਰੋਸਟੇਟ ਕੈਂਸਰ ਦੇ ਮੁੱਢਲੇ ਲੱਛਣਾਂ ਦੌਰਾਨ ਹੱਡੀਆਂ ਵਿਚ ਦਰਦ ਵੀ ਰਹਿ ਸਕਦਾ ਹੈ।

**• ਪ੍ਰੋਸਟੇਟ ਕੈਂਸਰ ਦੀ ਪਛਾਣ ਕਿਵੇਂ ਕੀਤੀ ਜਾਂਦੀ ਹੈ?**

ਪ੍ਰੋਸਟੇਟ ਕੈਂਸਰ ਦੀ ਪਛਾਣ ਰੋਗੀ ਦੇ ਇਲਾਜ ਦੀ ਜਾਣਕਾਰੀ, ਜਾਂਚ ਅਤੇ ਸੀਰਮ ਪੀਐੱਸਏ ਨਾਮਕ ਖ਼ੂਨ ਦੇ ਨਮੂਨੇ ਦੇ ਆਧਾਰ 'ਤੇ ਕੀਤੀ ਜਾਂਦੀ ਹੈ।

**• ਸੀਰਮ ਪੀਐੱਸਏ (Serum PSA) ਟੈਸਟ ਕੀ ਹੈ?**

ਇਹ ਖ਼ੂਨ ਦਾ ਇਕ ਟੈਸਟ ਹੈ। ਪੀਐੱਸਏ ਪ੍ਰੋਸਟੇਟ ਵਿਸ਼ਿਸਟ ਐਂਟੀਜਨ ਦੇ ਨਾਲ ਹੈ। ਇਹ ਇਕ ਪ੍ਰੋਟੀਨ ਹੈ, ਜੋ ਵਿਸ਼ੇਸ਼ ਤੌਰ 'ਤੇ ਪ੍ਰੋਸਟੇਟ ਗ੍ਰੰਥੀ ਦੁਆਰਾ ਤਿਆਰ ਕੀਤੀ ਜਾਂਦੀ ਹੈ ਅਤੇ ਇਹ ਵੀਰਜ ਵਿਚ ਪਾਇਆ ਜਾਂਦਾ ਹੈ। ਪ੍ਰੋਸਟੇਟ ਸਬੰਧੀ ਸਮੱਸਿਆ ਹੋਣ 'ਤੇ ਇਹ ਪ੍ਰੋਟੀਨ ਖ਼ੂਨ ਵਿਚ ਰਚ ਜਾਂਦੀ ਹੈ, ਜਿਸ ਤੋਂ ਬਾਅਦ ਪ੍ਰੋਸਟੇਟ ਰੋਗ ਹੋਣ 'ਤੇ ਖ਼ੂਨ ਦਾ ਪੱਧਰ ਵਧ ਜਾਂਦਾ ਹੈ। ਕੋਈ ਵੀ ਪ੍ਰੋਸਟੇਟ ਸਮੱਸਿਆ ਉੱਚ ਸੀਰਮ ਪੀਐੱਸਏ ਨੂੰ ਜਨਮ ਦੇ ਸਕਦੀ ਹੈ। ਜੇ ਇਸ ਵਾਧੇ ਦਾ ਕੋਈ ਹੋਰ ਕਾਰਨ ਨਹੀਂ ਹੈ ਤਾਂ ਪ੍ਰੋਸਟੇਟ ਕੈਂਸਰ ਦਾ ਸੰਦੇਹ ਰਹਿੰਦਾ ਹੈ।

**• ਕੀ ਹਾਈ ਸੀਰਮ ਪੀਐੱਸਏ ਵਾਲੇ ਸਾਰੇ ਪੁਰਸ਼ਾਂ ਨੂੰ ਪ੍ਰੋਸਟੇਟ ਕੈਂਸਰ ਹੁੰਦਾ ਹੈ?**

ਬਿਲਕੁਲ ਨਹੀਂ, ਰੋਗੀ ਅਤੇ ਪੁਰਾਣੇ ਇਲਾਜ ਦੀਆਂ ਰਿਪੋਰਟਾਂ ਦੇ ਨਤੀਜਿਆਂ ਨੂੰ ਧਿਆਨ 'ਚ ਰੱਖਦੇ ਹੋਏ ਹਾਈ ਸੀਰਮ ਪੀਐੱਸਏ ਦੀ ਵਿਆਖਿਆ ਕੀਤੀ ਜਾਣੀ ਚਾਹੀਦੀ ਹੈ। ਹਾਈ ਸੀਰਮ ਪੀਐੱਸਏ ਦੀ ਵਿਆਖਿਆ ਨੂੰ ਪਿਸ਼ਾਬ ਰੋਗਾਂ ਦੇ ਮਾਹਰ ਦੇ ਇਲਾਜ ਲਈ ਛੱਡ ਦਿੱਤਾ ਜਾਣਾ ਚਾਹੀਦਾ ਹੈ। ਕਈ ਵਾਰ ਅਗਲੀ ਜਾਂਚ ਵਾਸਤੇ ਪਰਸੈਂਟ ਫ੍ਰੀ ਪੀਐੱਸਏ, ਮਲਟੀ ਪੈਰਾਮੀਟ੍ਰਿਕ ਐੱਮਆਰਆਈ ਜਾਂ ਪੀਐੱਸਐੱਮਏ ਪੈੱਟ ਸਕੈਨ ਪਿਸ਼ਾਬ ਰੋਗ ਮਾਹਰ ਦੁਆਰਾ ਇਸ ਦਾ ਹੱਲ ਕਰਨ ਲਈ ਕੀਤਾ ਜਾ ਸਕਦਾ ਹੈ। ਆਖ਼ਰੀ ਨਤੀਜੇ ਤਕ ਪਹੁੰਚਣ ਲਈ ਪ੍ਰੋਸਟੇਟ ਦੀ ਅਲਟਰਾਸਾਊਂਡ-ਨਿਰਦੇਸ਼ਿਤ ਬਾਇਓਪਸੀ ਦੀ ਜ਼ਰੂਰਤ ਵੀ ਪੈ ਸਕਦੀ ਹੈ। ਇਕ ਸੂਈ ਨਾਲ ਪ੍ਰੋਸਟੇਟ ਗ੍ਰੰਥੀ ਦਾ ਛੋਟਾ ਜਿਹਾ ਟੁਕੜਾ ਲੈ ਕੇ ਮਾਈਕਰੋ-ਸਕੋਪ ਨਾਲ ਉਸ ਦੀ ਜਾਂਚ ਕੀਤੀ ਜਾਂਦੀ ਹੈ।



**• ਪ੍ਰੋਸਟੇਟ ਕੈਂਸਰ ਦਾ ਇਲਾਜ ਕਿਵੇਂ ਕੀਤਾ ਜਾਂਦਾ ਹੈ?**

ਪ੍ਰੋਸਟੇਟ ਕੈਂਸਰ ਦਾ ਇਲਾਜ ਬਿਮਾਰੀ ਦੀ ਸਟੇਜ 'ਤੇ ਨਿਰਭਰ ਕਰਦਾ ਹੈ। ਸ਼ੁਰੂਆਤੀ ਸਮੇਂ ਵਿਚ ਜੇ ਕੈਂਸਰ ਪ੍ਰੋਸਟੇਟ ਗ੍ਰੰਥੀ ਦੇ ਅੰਦਰ ਸੀਮਿਤ ਹੈ ਤਾਂ ਉਸ ਅਵਸਥਾ ਵਿਚ ਗ੍ਰੰਥੀ ਨੂੰ ਪੂਰੀ ਤਰ੍ਹਾਂ ਨਾਲ ਰੋਬੋਟਿਕ ਸਰਜਰੀ ਕਰ ਕੇ ਹਟਾਇਆ ਜਾ ਸਕਦਾ ਹੈ। ਸਰਜਰੀ ਲਈ ਫਿਟ ਨਾ ਹੋਣ ਵਾਲਿਆਂ ਦਾ ਇਲਾਜ ਬਦਲਵੇਂ ਤਰੀਕਿਆਂ, ਜਿਵੇਂ ਰੇਡੀਏਸ਼ਨ ਜਾਂ ਹਾਰਮੋਨਲ ਥੈਰੇਪੀ ਦੁਆਰਾ ਕੀਤਾ ਜਾਂਦਾ ਹੈ। ਦੇਰੀ ਦੀ ਸੂਰਤ ਵਿਚ ਬਿਮਾਰੀ ਪਹਿਲਾਂ ਹੀ ਗ੍ਰੰਥੀ ਤੋਂ ਬਾਹਰ ਤਕ ਫੈਲ ਸਕਦੀ ਹੈ ਅਤੇ ਇਸ ਅਵਸਥਾ ਵਿਚ ਇਲਾਜ ਸਿਰਫ਼ ਹਾਰਮੋਨ ਥੈਰੇਪੀ ਨਾਲ ਹੀ ਸੰਭਵ ਹੈ। ਕਈ ਖ਼ਤਰਨਾਕ ਟਿਊਮਰਜ਼ ਲਈ ਵਾਧੂ ਕੀਮੋਥੈਰੇਪੀ ਦੀ ਵੀ ਜ਼ਰੂਰਤ ਹੋ ਸਕਦੀ ਹੈ।



**• ਰੋਬੋਟਿਕ ਸਰਜਰੀ ਕੀ ਹੈ?**

ਪ੍ਰੋਸਟੇਟ ਕੈਂਸਰ ਦੇ ਇਲਾਜ ਲਈ 2000 ਦੇ ਦਹਾਕੇ ਵਿਚ ਰੋਬੋਟਿਕ ਸਰਜਰੀ ਦੀ ਸ਼ੁਰੂਆਤ ਹੋਈ। ਇਸ ਤੋਂ ਬਾਅਦ ਇਸ ਦੇ ਇਲਾਜ ਵਿਚ ਵੱਡੀ ਤਬਦੀਲੀ ਆਈ। ਇਸ ਪ੍ਰਕਿਰਿਆ ਨੂੰ ਰੋਬੋਟ ਦੀ ਮਦਦ ਨਾਲ ਅੰਜਾਮ ਦਿੱਤਾ ਜਾਂਦਾ ਹੈ ਅਤੇ ਇਸ ਨੂੰ 'ਰੈਡੀਕਲ ਪ੍ਰੋਸਟੇਟੈਕਟੋਮੀ' ਆਖਦੇ ਹਨ। ਆਪ੍ਰੇਸ਼ਨ ਲਈ ਜ਼ਰੂਰੀ ਸਾਜ਼ੋ-ਸਾਮਾਨ ਨੂੰ ਇਸਤੇਮਾਲ ਅਤੇ ਕੰਟਰੋਲ ਕਰਨ ਲਈ ਰੋਬੋਟ ਇਕ ਜ਼ਰੂਰੀ ਉਪਕਰਣ ਹੈ। ਮਾਹਰ ਡਾਕਟਰ ਰੋਗੀ ਨੂੰ ਮਰੀਜ਼ ਦੇ ਪੇਟ ਵਿਚ ਦਾਖ਼ਲ ਕੀਤੇ ਇਕ ਵਿਸ਼ੇਸ਼ ਕੈਮਰੇ ਜ਼ਰੀਏ ਪ੍ਰਭਾਵਿਤ ਏਰੀਆ ਦਾ 3-ਡੀ ਵਿਊ ਮਿਲਦਾ ਹੈ। ਰੋਬੋਟ ਦੇ ਇਸਤੇਮਾਲ ਨਾਲ ਉਪਕਰਣਾਂ ਦੀ ਗਤੀ ਨੂੰ ਕੰਟਰੋਲ ਕਰ ਕੇ ਸਰਜਨ ਪ੍ਰੋਸਟੇਟ ਨੂੰ ਹਟਾਉਣ ਦਾ ਕੰਮ ਕਰਦਾ ਹੈ। ਦੂਰਬੀਨ ਦੀ ਮਦਦ ਨਾਲ ਸਧਾਰਨ ਐਨੇਸਥੀਸੀਆ ਦੀ ਮਦਦ ਨਾਲ ਇਹ ਆਪ੍ਰੇਸ਼ਨ ਹੋ ਜਾਂਦਾ ਹੈ।

**• ਰਵਾਇਤੀ ਸਰਜਰੀ ਦੇ ਮੁਕਾਬਲੇ ਰੋਬੋਟਿਕ ਸਰਜਰੀ ਦੇ ਕੀ ਫ਼ਾਇਦੇ ਹਨ?**

ਰੋਬੋਟਿਕ ਸਰਜਰੀ ਡੂੰਘਾਈ 'ਤੇ ਸਥਿਤ ਪ੍ਰੋਸਟੇਟ ਵਰਗੀਆਂ ਸੰਰਚਨਾਵਾਂ ਦੇ ਆਪ੍ਰੇਸ਼ਨ ਲਈ ਖ਼ਾਸ ਤੌਰ 'ਤੇ ਉਪਯੋਗੀ ਹੈ। ਖੁੱਲ੍ਹੀ ਸਰਜਰੀ ਜ਼ਰੀਏ ਇਹ ਇਕ ਬੇਹੱਦ ਪੇਚੀਦਾ ਤੇ ਮੁਸ਼ਕਲ ਕਾਰਜ ਹੈ। ਰੋਬੋਟਿਕ ਉਪਕਰਣਾਂ ਨੂੰ ਵਿਸ਼ੇਸ਼ ਤੌਰ 'ਤੇ ਮਨੁੱਖੀ ਕਲਾਈ ਦੀ ਮੂਵਮੈਂਟ ਦੀ ਨਕਲ ਕਰਨ ਲਈ ਡਿਜ਼ਾਈਨ ਕੀਤਾ ਗਿਆ ਹੈ। ਇਸ ਤਰ੍ਹਾਂ ਸਰਜਨ ਉਪਕਰਣਾਂ ਨੂੰ ਸਥਾਨਾਂਤਰਿਤ ਕਰਨ ਦੇ ਲਈ ਇਸਤੇਮਾਲ ਕਰਦਾ ਹੈ ਜਿਵੇਂ ਕਿ ਉਸ ਦਾ ਆਪਣਾ ਹੱਥ ਪੇਟ ਦੇ ਅੰਦਰ ਹੁੰਦਾ ਹੈ। ਸਰਜਰੀ ਦੌਰਾਨ ਬਹੁਤ ਵਧੀਆ ਕੰਟਰੋਲ ਹੁੰਦਾ ਹੈ, ਕੋਈ ਕੰਬਣੀ ਜਾਂ ਫ਼ਾਲਤੂ ਹਿੱਲਜੁੱਲ ਪੈਦਾ ਨਹੀਂ ਹੁੰਦੀ, ਘੱਟ ਤੋਂ ਘੱਟ ਖ਼ੂਨ ਦੀ ਕਮੀ, ਇਲਾਜ ਲਈ ਚੁਣੇ ਗਏ ਅੰਗਾਂ ਤਕ ਵਧੀਆ ਪਹੁੰਚ, ਵਧੀਆ ਸਰਜਰੀ ਅਤੇ ਰਵਾਇਤੀ ਸਰਜਰੀ ਦੇ ਮੁਕਾਬਲੇ ਸਰਜਨ ਬਿਹਤਰੀਨ ਨਤੀਜੇ ਦੇਣ ਦੇ ਸਮਰੱਥ ਹੁੰਦੇ ਹਨ।

**• ਰੋਬੋਟਿਕ ਸਰਜਰੀ ਦੇ ਹੋਰ ਉਪਯੋਗ ਕੀ ਹਨ?**

ਰੋਬੋਟਿਕ ਸਰਜਰੀ ਵਿਸ਼ੇਸ਼ ਰੂਪ ਨਾਲ ਜਟਿਲ ਸਯੂਟਿੰਗ (ਜਿਵੇਂ ਪਾਇਲੋਪਲਾਸਟੀ) ਦੀ ਜ਼ਰੂਰਤ ਵਾਲੇ ਆਪ੍ਰੇਸ਼ਨਾਂ ਵਿਚ ਬੇਹੱਦ ਉਪਯੋਗੀ ਹੁੰਦੀ ਹੈ ਜਾਂ ਜਿੱਥੇ ਸਿਰਫ ਅੰਗ ਦੇ ਇਕ ਹਿੱਸੇ ਨੂੰ ਹਟਾਉਣ ਦੀ ਜ਼ਰੂਰਤ ਹੁੰਦੀ ਹੈ (ਜਿਵੇਂ ਅੰਸ਼ਿਕ ਨੈਫਰੇਕਟੋਮੀ) ਆਦਿ। ਇਸ ਤੋਂ ਇਲਾਵਾ ਰੋਬੋਟ ਦੀ ਵਰਤੋਂ ਨਾਲ ਸਰੀਰ ਦੇ ਹੋਰਨਾਂ ਅੰਗਾਂ ਦੇ ਸਾਰੇ ਸਰਲ ਅਤੇ ਜਟਿਲ ਆਪ੍ਰੇਸ਼ਨ ਵਧੀਆ ਤਰੀਕੇ ਨਾਲ ਕੀਤੇ ਜਾ ਸਕਦੇ ਹਨ। •

95011-13116

# ਕੋਸਾ ਪਾਣੀ ਪੀਣ ਦੇ ਫ਼ਾਇਦੇ

ਕਿਸੇ ਵੀ ਰੋਗ ਤੋਂ ਬਚਣ ਲਈ ਡਾਕਟਰ ਜ਼ਿਆਦਾ ਪਾਣੀ ਪੀਣ ਦੀ ਸਲਾਹ ਦਿੰਦੇ ਹਨ। ਸਾਡੇ ਸਰੀਰ 'ਚ ਮੌਜੂਦ ਪਾਣੀ ਤੇਜ਼ਾਬ, ਖਾਰ ਅਤੇ ਹੋਰ ਜ਼ਹਿਰੀਲੇ ਤੱਤਾਂ ਨੂੰ ਆਪਣੇ ਵਿਚ ਘੋਲ ਕੇ ਸਰੀਰ ਵਿਚੋਂ ਪਸੀਨੇ ਤੇ ਪਿਸ਼ਾਬ ਜ਼ਰੀਏ ਬਾਹਰ ਕੱਢਦਾ ਹੈ। ਇਸ ਪ੍ਰਕਿਰਿਆ ਨੂੰ ਮਨੁੱਖ ਲਈ ਕੁਦਰਤ ਦਾ ਅਣਮੁੱਲਾ ਤੋਹਫ਼ਾ ਆਖਿਆ ਜਾ ਸਕਦਾ ਹੈ। ਮਨੁੱਖੀ ਸਰੀਰ 'ਚ ਕਰੀਬ 75 ਫ਼ੀਸਦੀ ਪਾਣੀ ਹੁੰਦਾ ਹੈ। ਸਰੀਰ 'ਚ ਪਾਣੀ ਦੀ ਕਮੀ ਕਈ ਗੰਭੀਰ ਸਮੱਸਿਆਵਾਂ ਪੈਦਾ ਕਰ ਸਕਦੀ ਹੈ। ਇਸ ਲਈ ਹਰ ਵਿਅਕਤੀ ਨੂੰ ਜ਼ਿਆਦਾ ਮਾਤਰਾ 'ਚ ਪਾਣੀ ਪੀਣਾ ਚਾਹੀਦਾ ਹੈ। ਸਵੇਰੇ ਖਾਲੀ ਪੇਟ ਕੋਸਾ ਪਾਣੀ ਪੀਣ ਨਾਲ ਅਸੀਂ ਖ਼ੁਦ ਨੂੰ ਕਈ ਬਿਮਾਰੀਆਂ ਤੋਂ ਦੂਰ ਰੱਖ ਸਕਦੇ ਹਾਂ।



## ਪਾਚਨ ਸ਼ਕਤੀ

ਪਾਚਨ ਪ੍ਰਣਾਲੀ 'ਚ ਗੜਬੜੀ ਕਾਰਨ ਕਬਜ਼, ਉਲਟੀਆਂ ਆਉਣ, ਪੇਟ ਦਰਦ ਤੇ ਬੇਚੈਨੀ ਰਹਿੰਦੀ ਹੈ। ਅਜਿਹੀ ਸਥਿਤੀ 'ਚ ਲੋਕ ਜ਼ਿਆਦਾ ਪਾਣੀ ਪੀ ਕੇ ਭੋਜਨ ਪਚਾਉਣ ਦੀ ਕੋਸ਼ਿਸ਼ ਕਰਦੇ ਹਨ ਪਰ ਇਹ ਪਰੇਸ਼ਾਨੀ ਮੇਟਾਬੋਲਿਕ ਐਕਟੀਵਿਟੀਜ਼ ਜਾਂ ਮੈਟਾਬਲੋਜ਼ਿਮ ਦੀ ਰਫ਼ਤਾਰ ਮੱਧਮ ਪੈ ਜਾਣ ਕਾਰਨ ਪੈਦਾ ਹੁੰਦੀ ਹੈ। ਇਸ ਪ੍ਰਕਿਰਿਆ ਦੇ ਹੌਲੀ ਹੋਣ ਨਾਲ ਭੋਜਨ ਨੂੰ ਪਚਾਉਣ ਵਾਲੇ ਐਨਜਾਈਮਜ਼ ਦਾ ਰਿਸਾਅ ਸਰੀਰ 'ਚ ਘਟ ਜਾਂਦਾ ਹੈ ਤੇ ਖਾਣਾ ਸਹੀ ਤਰੀਕੇ ਨਾਲ ਹਜ਼ਮ ਨਹੀਂ ਹੁੰਦਾ। ਇਸ ਸਥਿਤੀ ਤੋਂ ਮੁਕਤੀ ਪਾਉਣ ਲਈ ਖ਼ਾਲੀ ਪੇਟ ਕੋਸਾ ਪਾਣੀ ਪੀਣਾ ਬੇਹੱਦ ਲਾਭਦਾਇਕ ਹੈ।

## ਬਲੱਡ ਪ੍ਰੈਸ਼ਰ ਰਹੇ ਕਾਬੂ

ਵਧੇਰੇ ਮਾਤਰਾ 'ਚ ਪਾਣੀ ਦੀ ਵਰਤੋਂ ਕਰਨ ਨਾਲ ਬਲੱਡ ਪ੍ਰੈਸ਼ਰ ਠੀਕ ਰਹਿੰਦਾ ਹੈ। ਸਾਡੇ ਵੱਲੋਂ ਪੀਤਾ ਗਿਆ ਪਾਣੀ ਖ਼ੂਨ ਦੇ ਸੰਘਣੇਪਨ ਨੂੰ ਘਟਾਉਂਦਾ ਹੈ ਤੇ ਨਾੜੀਆਂ 'ਚ ਇਸ ਦੇ ਦਬਾਅ ਜਾਂ ਰਫ਼ਤਾਰ ਨੂੰ ਕਾਬੂ 'ਚ ਰੱਖਦਾ ਹੈ। ਇਸ ਤੋਂ ਇਲਾਵਾ ਕਬਜ਼ ਕਾਰਨ ਮਿਹਦੇ 'ਚ ਪੈਦਾ ਹੋਣ ਵਾਲੀ ਗੈਸ ਵੀ ਖ਼ੂਨ ਦੇ ਦਬਾਅ ਨੂੰ ਵਧਾਉਂਦੀ ਹੈ। ਕੋਸਾ ਪਾਣੀ ਪੀਣ ਨਾਲ ਕਬਜ਼ ਤੇ ਗੈਸ ਦੀ ਸਮੱਸਿਆ ਦੂਰ ਹੁੰਦੀ ਹੈ ਅਤੇ ਬਲੱਡ ਪ੍ਰੈਸ਼ਰ ਵੀ ਕੰਟਰੋਲ 'ਚ ਰਹਿੰਦਾ ਹੈ।

## ਪਿਸ਼ਾਬ ਨਲੀ ਦੀ ਸੋਜ਼ਿਸ਼

ਖ਼ੂਨ 'ਚ ਸ਼ਾਮਲ ਹੋਏ ਜ਼ਹਿਰੀਲੇ ਮਾਦੇ ਨੂੰ ਸਰੀਰ ਨੇ ਗੁਰਦਿਆਂ ਜ਼ਰੀਏ ਪਿਸ਼ਾਬ ਦੇ ਰੂਪ 'ਚ ਕੱਢਣਾ ਹੁੰਦਾ ਹੈ। ਘੱਟ ਪਾਣੀ ਪੀਣ ਨਾਲ ਸਰੀਰ 'ਚ ਪਿਸ਼ਾਬ ਵੀ ਘੱਟ ਮਾਤਰਾ 'ਚ ਬਣਦਾ ਹੈ ਤੇ ਇਸ ਨਾਲ ਜ਼ਹਿਰੀਲਾ ਮਾਦਾ ਜ਼ਿਆਦਾ ਸਮੇਂ ਤਕ ਖ਼ੂਨ, ਗੁਰਦਿਆਂ ਤੇ ਪਿਸ਼ਾਬ ਵਾਲੀ ਥੈਲੀ (ਯੂਰੇਨਰੀ ਬਲੈਡਰ) 'ਚ ਰਹਿੰਦਾ ਹੈ। ਇਹ ਜ਼ਹਿਰੀਲਾ ਮਾਦਾ ਪਿਸ਼ਾਬ ਵਾਲੀ ਨਾਲੀ ਦੇ ਇਨਫੈਕਸ਼ਨ ਕਾਰਨ ਬਣਦਾ ਹੈ, ਜਿਸ ਨੂੰ ਡਾਕਟਰੀ ਭਾਸ਼ਾ 'ਚ ਯੂਰੇਨਰੀ ਟ੍ਰੈਕਟ ਇਨਫੈਕਸ਼ਨ ਜਾਂ ਪਿਸ਼ਾਬ ਨਲੀ ਦੀ ਸੋਜ਼ਿਸ਼ ਕਿਹਾ ਜਾਂਦਾ ਹੈ। ਜ਼ਿਆਦਾ ਪਾਣੀ ਪੀਣ ਨਾਲ ਪਿਸ਼ਾਬ ਨਲੀ, ਗੁਰਦਿਆਂ ਜਾਂ ਪਿਸ਼ਾਬ ਵਾਲੀ ਥਾਲੀ 'ਚ ਜਮ੍ਹਾਂ ਹੋਏ ਬੈਕਟੀਰੀਆ ਪਿਸ਼ਾਬ ਜ਼ਰੀਏ ਸਰੀਰ 'ਚੋਂ ਬਾਹਰ ਨਿਕਲ ਜਾਂਦੇ ਹਨ ਤੇ ਇਨਫੈਕਸ਼ਨ 'ਤੇ ਜਲਦੀ ਕਾਬੂ ਪਾਇਆ ਜਾ ਸਕਦਾ ਹੈ। ਜਿਹੜੇ ਵਿਅਕਤੀਆਂ ਦੇ ਸਰੀਰ 'ਚ ਯੂਰਿਕ ਐਸਿਡ ਜਾਂ ਬਲੱਡ ਯੂਰੀਆ ਵਧੇਰੇ ਮਾਤਰਾ 'ਚ ਬਣਦੇ ਹੋਣ, ਉਨ੍ਹਾਂ ਨੂੰ ਵੀ ਜ਼ਿਆਦਾ ਪਾਣੀ ਪੀਣਾ ਚਾਹੀਦਾ ਹੈ।

## ਇਸ ਤਰ੍ਹਾਂ ਪੀਓ ਪਾਣੀ

ਸਵੇਰੇ ਖਾਲੀ ਪੇਟ ਇਕ ਗਲਾਸ ਕੋਸਾ ਪਾਣੀ ਪੀਓ। ਇਸ ਤੋਂ ਬਾਅਦ ਦੁਪਹਿਰ ਦੇ ਖਾਣੇ ਤੋਂ ਕੁਝ ਦੇਰ ਬਾਅਦ ਕੁਝ ਘੱਟ ਪਾਣੀ ਪੀ ਸਕਦੇ ਹੋ। ਪਾਣੀ ਪੀਂਦੇ ਸਮੇਂ ਜਲਦੀ ਨਾ ਕਰੋ। ਇਸ ਨੂੰ ਥੋੜ੍ਹਾ-ਥੋੜ੍ਹਾ ਕਰ ਕੇ ਪੀਵੋ। ਰੋਟੀ ਖਾਣ ਤੋਂ ਬਾਅਦ ਜੇ ਅੱਧੇ ਘੰਟੇ ਬਾਅਦ ਪਾਣੀ ਪੀਤਾ ਜਾਵੇ ਤਾਂ ਇਹ ਫ਼ਾਇਦੇਮੰਦ ਹੋਵੇਗਾ। ਦਿਨ 'ਚ ਘੱਟੋ-ਘੱਟ 10 ਤੋਂ 12 ਗਲਾਸ ਪਾਣੀ ਜ਼ਰੂਰ ਪੀਣਾ ਚਾਹੀਦਾ ਹੈ। •






# ਸਿਹਤ ਦਾ ਦੁਸ਼ਮਣ ਹੈ ਤਣਾਅ

ਡਾ. ਉਲਹਾਸ ਬੁਰਾੜੇ

ਸੰਜੀਵਨੀ ਹਸਪਤਾਲ, ਭੰਡਾਰਾ, ਨਾਗਪੁਰ



ਤੰਦਰੁਸਤ ਅਤੇ ਲੰਬੀ ਉਮਰ ਲਈ ਮਨ ਦਾ ਸਿਹਤਮੰਦ ਹੋਣਾ ਜ਼ਰੂਰੀ ਹੈ। ਇਸ ਲਈ ਵੱਡੇ ਬਜ਼ੁਰਗ ਵੀ ਹਮੇਸ਼ਾਂ ਖੁਸ਼ ਰਹਿਣ ਦਾ ਹੀ ਆਸ਼ੀਰਵਾਦ ਦਿੰਦੇ ਹਨ। ਮਨ ਖੁਸ਼ ਹੋਵੇ, ਤਾਂ ਜੀਵਨ ਦੇ ਦੂਜੇ ਪਹਿਲੂ ਵੀ ਆਸਾਨ ਅਤੇ ਸੁਭਾਵਿਕ ਲਗਦੇ ਹਨ, ਪਰ ਭੋਜਨ-ਵਿਹਾਰ, ਵਿਚਾਰ , ਵਤੀਰੇ ਅਤੇ ਸੰਸਕਾਰਾਂ ਦੇ ਕਾਰਣ ਇਨ੍ਹਾਂ ਦਿਨ੍ਹਾਂ ਵਿਚ ਪ੍ਰਸੰਨ ਚਿੱਤ ਚਿਹਰੇ ਵਿਰਲੇ ਹੀ ਦਿਸਦੇ ਹਨ। ਇਨ੍ਹਾਂ ਦਿਨਾਂ ਵਿਚ ਜ਼ਿਆਦਾਤਰ ਲੋਕਾਂ ਦੇ ਚਿਹਰਿਆਂ 'ਤੇ ਤਣਾਅ ਹੀ ਝਲਕਦਾ ਹੈ।

**ਸਰੀਰ ਵਿਚ ਰਸਾਇਣਿਕ ਬਦਲਾਅ**

ਸਾਡੇ ਕਰਮ ਜਾਂ ਵਤੀਰੇ ਨਾਲ ਮਨ ਵਿਚ ਜੋ ਸੰਵੇਗ ਉਤਪੰਨ ਹੁੰਦੇ ਹਨ, ਉਹ ਸਰੀਰ ਵਿਚ ਰਸਾਇਣਿਕ ਬਦਲਾਅ ਪੈਦਾ ਕਰਦੇ ਹਨ। ਇਨ੍ਹਾਂ ਬਦਲਾਵਾਂ ਦੇ ਕਾਰਣ ਸਾਡੇ ਮਨ ਵਿਚ ਪੈਦਾ ਹੋਣ ਵਾਲੀ ਅਸੁਰੱਖਿਆ, ਡਰ, ਨਿਰਾਸ਼ਾ, ਉਦਾਸੀਨਤਾ, ਗੁੱਸਾ ਅਤੇ ਦੁਖ ਆਦਿ ਹੀ ਮਾਨਸਿਕ ਤਣਾਅ ਦੇ ਕਾਰਣ ਹਨ। ਤਣਾਅ ਸਾਡੇ ਮਨ ਦੀ ਇਕ ਦਸ਼ਾ ਹੈ। ਕਦੇ ਇਹ ਸੱਚ ਹੁੰਦਾ ਹੈ, ਕਦੇ ਕਾਲਪਨਿਕ। ਮਾਨਸਿਕ ਤਣਾਅ ਕਈ ਤਰ੍ਹਾਂ ਨਾਲ ਸਾਡੇ ਜੀਵਨ 'ਤੇ ਅਸਰ ਪਾਉਂਦਾ ਹੈ। ਮਾਨਸਿਕ ਤਣਾਅ ਨੂੰ ਬਲੱਡ ਪ੍ਰੈਸ਼ਰ, ਡਾਇਬਿਟੀਜ਼, ਦਿਲ ਦੇ ਰੋਗ, ਮੋਟਾਪਾ, ਅਨੇਕਾਂ ਤਰ੍ਹਾਂ ਦੀਆ ਐਲਰਜੀ, ਸੰਧੀਵਾਤ (ਗਠੀਆ), ਥਾਇਰਾਈਡ, ਅਮਲਪਿੱਤ, ਪੇਟ ਦੇ ਰੋਗ ਅਤੇ ਕੈਂਸਰ ਤਕ ਦਾ ਇਕ ਕਾਰਣ ਮੰਨਿਆ ਜਾਂਦਾ ਹੈ।

ਤਣਾਅ ਨੂੰ ਆਯੁਰਵੇਦ ਵਿਚ ਉਦਵੇਗ ਕਿਹਾ ਗਿਆ ਹੈ। ਆਯੁਰਵੇਦ ਕਿਸੇ ਵਿਅਕਤੀ ਨੂੰ ਤਦ ਸਿਹਤਮੰਦ ਮੰਨਦਾ ਹੈ, ਜਦੋਂ ਉਸ ਦੇ ਸਰੀਰ ਵਿਚ ਭੌਤਿਕ ਅਤੇ ਮਨੋਵਿਗਿਆਨਿਕ ਤੱਤਾਂ (ਸਮਦੋਸ਼), ਸਰੀਰ ਵਿਚ ਪੈਦਾ ਹੋਣ ਵਾਲੀ ਊਰਜਾਵਾਂ (ਸਮਾਗਨੀ) ਅਤੇ ਮਾਸਪੇਸ਼ੀਆਂ (ਸਮਧਾਤੂ) ਦਾ ਮਿਲਾਪ ਹੋਵੇ। ਇਸ ਦੇ ਨਾਲ ਹੀ ਉਸਦਾ ਪੇਟ ਹੀ ਨਹੀਂ ਬਲਕਿ ਉਸ ਦਾ ਮਨ ਵੀ ਕ੍ਰਿਆਸ਼ੀਲ ਅਤੇ ਪ੍ਰਸੰਨਚਿੱਤ ਹੋਵੇ।

ਕਿਸੇ ਵੀ ਤਰ੍ਹਾਂ ਦੇ ਉਦਵੇਗ ਨਾਲ ਸਰੀਰ ਵਿਚ ਵਾਤ ਦੋਸ਼ ਵੱਧ ਜਾਂਦਾ ਹੈ। ਸਰੀਰ ਵਿਚ ਸਭ ਤੋਂ ਵੱਡੀ ਖਰਾਬੀ ਵਾਤਦੋਸ਼ ਨੂੰ ਹੀ ਮੰਨਿਆ ਗਿਆ ਹੈ। ਵਾਤ ਦੋਸ਼ ਦਾ ਪ੍ਰਕੋਪ ਵੱਧਣ ਨਾਲ ਹੋਰ ਤੱਤਾਂ 'ਤੇ ਵੀ ਪ੍ਰਤੀਕੂਲ ਪ੍ਰਭਾਵ ਪੈਂਦਾ ਹੈ ਅਤੇ ਅਨੇਕਾਂ ਰੋਗ ਪੈਦਾ ਹੁੰਦੇ ਹਨ।

**ਵਿਆਹੁਤਾ ਅਤੇ ਕਾਰੋਬਾਰੀ ਜੀਵਨ**

ਆਪਣੇ ਵਿਆਹੁਤਾ ਅਤੇ ਪੇਸ਼ੇਵਰ ਜੀਵਨ ਵਿਚ ਜਿਨ੍ਹਾਂ ਲੋਕਾਂ ਨਾਲ ਜੁੜੇ ਹੁੰਦੇ ਹਨ, ਵੱਖ-ਵੱਖ ਪਰਿਸਥਿਤੀਆਂ ਵਿਚ ਉਨ੍ਹਾਂ ਸਾਰਿਆਂ ਦਾ ਵਤੀਰਾ ਇੱਕੋ ਜਿਹਾ ਨਹੀਂ ਹੁੰਦਾ। ਇਕ-ਦੂਸਰੇ ਦੇ ਪ੍ਰਤੀ ਕਦੇ ਪਿਆਰ ਤੇ ਕਦੇ ਨਫ਼ਰਤ ਦੇ ਭਾਵ ਉੱਠਦੇ ਹਨ। ਜੇਕਰ ਸਾਡੇ ਆਪਸੀ ਸਬੰਧ ਜਾਂ ਵਤੀਰਾ ਨਕਾਰਾਤਮਕ ਹਨ, ਤਾਂ ਉਸ ਨਾਲ ਤਣਾਅ ਪੈਦਾ ਹੋ ਸਕਦਾ ਹੈ।

ਵਿਆਹੁਤਾ ਸਬੰਧਾਂ ਵਿਚ ਆਮ ਤੌਰ 'ਤੇ ਬਾਹਰੀ ਕਾਰਕਾਂ ਨਾਲ ਤਣਾਅ ਪੈਦਾ ਹੁੰਦਾ ਹੈ, ਜੋ ਵਿਆਹੁਤਾ, ਸਨੇਹਬੰਧਨ, ਉਤਸਾਹ ਅਤੇ ਉਮੰਗ ਨੂੰ ਘੱਟ ਕਰ ਦਿੰਦਾ ਹੈ। ਇਸ ਨਾਲ ਸਰੀਰਕ ਸੰਬੰਧਾਂ ਵਿਚ ਸ਼ਿਥਿਲਤਾ ਆ ਜਾਂਦੀ ਹੈ। ਤਣਾਅ ਗ੍ਰਸਤ ਪਤੀ-ਪਤਨੀ ਸਮਾਜਿਕ ਪੱਧਰ 'ਤੇ ਵੀ ਆਪਣੇ ਆਪ ਨੂੰ ਹੀਣ ਮਹਿਸੂਸ ਕਰਦੇ ਹਨ। ਕਾਰਜ ਖੇਤਰ ਦੇ ਤਣਾਅ ਦੇ ਘਰ ਵਿਚ ਪ੍ਰਵੇਸ਼ ਕਰ ਜਾਣ ਨਾਲ ਗ੍ਰਹਿਸਥੀ ਜੀਵਨ ਦਾ ਆਂਨਦ, ਸੁੱਖ ਅਤੇ ਖੁਸ਼ਹਾਲੀ ਵੀ ਨਸ਼ਟ ਹੋ ਸਕਦੀ ਹੈ।

### ਇੰਝ ਪਾਓ ਤਣਾਅ ਤੋਂ ਰਾਹਤ

- ਤਣਾਅ ਉਤਪੰਨ ਕਰਨ ਵਾਲੇ ਕਾਰਕਾਂ ਅਤੇ ਤੱਤਾਂ ਤੋਂ ਦੂਰ ਰਹੋ। ਹੋ ਸਕੇ ਤਾਂ ਸ਼ਾਂਤ ਰਹਿਣ ਦਾ ਯਤਨ ਕਰੋ।
- ਜੇਕਰ ਤਣਾਅ ਗੈਰ ਜ਼ਰੂਰੀ ਹੈ ਅਤੇ ਜਿਸ ਨੂੰ ਟਾਲ ਨਹੀਂ ਸਕਦੇ ਤਾਂ ਉਸ ਵੱਲ ਧਿਆਨ ਨਾ ਦਿਓ।
- ਦੁੱਖ ਜਾਂ ਆਵੇਗਪੂਰਣ ਸਥਿਤੀ ਵਿਚ ਸੰਜਮ ਰੱਖਣ ਦਾ ਜਤਨ ਕਰੋ।
- ਆਪਸੀ ਵਿਚਾਰ-ਸਲਾਹ ਦੁਆਰਾ ਮਨ ਵਿਚ ਦੱਬੇ ਭਾਵ ਵੇਗਾਂ ਨੂੰ ਬਾਹਰ ਕੱਢੋ।
- ਖੁਸ਼ਹਾਲ ਅਤੇ ਆਨੰਦਪੂਰਵਕ ਵਾਤਾਵਰਣ ਵਿਚ ਰਹੋ।
- ਲੰਬੀ ਸਾਹ ਲਓ। ਨਿਯਮਿਤ ਰੂਪ ਨਾਲ ਪ੍ਰਾਣਾਯਾਮ ਕਰੋ।
- ਰੋਜ਼ ਯੋਗ ਅਭਿਆਸ ਅਤੇ ਘੱਟ ਤੋਂ ਘੱਟ 20 ਮਿੰਟ ਧਿਆਨ ਸਾਧਨਾ ਕਰੋ।
- ਬ੍ਰਹਮੀ, ਜਯੋਤਿਸ਼ਮਤੀ, ਜਟਾਮਾਸੀ, ਪਿੱਪਲ, ਤੁਲਸੀ, ਸਵਰਣਭਸਮ, ਬਦਾਮ ਅਤੇ ਗਾਂ ਦੇ ਘਿਓ ਦਾ ਸੇਵਨ ਤਨ-ਮਨ ਦੀ ਸਿਹਤ ਲਈ ਲਾਭਦਾਇਕ ਹੈ।
- ਆਯੁਰਵੈਦਿਕ ਪੰਚਕਰਮ ਵਿਚ ਵਰਣਿਤ ਸ਼ਿਰੋਧਾਰਾ, ਸ਼ਿਰੋਵਸਤੀ, ਸ਼ਿਰੋਅਭਯੰਗ (ਤੇਲ ਮਾਲਿਸ਼) ਆਦਿ ਨਾਲ ਤਣਾਅ ਘੱਟ ਕੀਤਾ ਜਾ ਸਕਦਾ ਹੈ।

ਤਣਾਅ ਨਾਲ ਵਿਆਹੁਤਾ ਸਬੰਧਾਂ ਵਿਚ ਅਰੁਚੀ, ਨਿਰਾਸ਼ਾ ਜਾਂ ਗੁੱਸਾ ਭਾਵਨਾਵਾਂ ਘਰ ਕਰ ਜਾਂਦੀਆਂ ਹਨ ਅਤੇ ਪਤੀ-ਪਤਨੀ ਆਪਣੇ ਵਿਆਹੁਤਾ ਜੀਵਨ ਦਾ ਪੂਰਣ ਆਨੰਦ ਨਹੀਂ ਲੈ ਪਾਉਂਦੇ। ਹੌਲੀ-ਹੌਲੀ ਉਨ੍ਹਾਂ ਵਿਚ ਦੂਰੀਆਂ ਵੱਧ ਜਾਂਦੀਆਂ ਹਨ ਅਤੇ ਪਾਰਿਵਾਰਿਕ ਜੀਵਨ ਕਸ਼ਟਦਾਈ ਲੱਗਣ ਲੱਗਦਾ ਹੈ।

ਇਸੇ ਤਰ੍ਹਾਂ ਕਾਰਜ ਸਥਾਨਾਂ 'ਤੇ ਜਾਂ ਪੇਸ਼ੇਵਰ ਜੀਵਨ ਵਿਚ ਵਾਪਰਨ ਵਾਲੀਆਂ ਘਟਨਾਵਾਂ ਦੀ ਵੀ ਸਾਡੇ ਮਨ 'ਤੇ ਉਲਟ ਅਸਰ ਪੈਂਦਾ ਹੈ। ਸਾਡੇ ਵਿਹਾਰਿਕ ਸਬੰਧਾਂ ਅਤੇ ਵਿਅਕਤੀ ਵਿਸ਼ੇਸ਼ ਦੇ ਅਨੁਸਾਰ ਬਦਲਦੀਆਂ ਭਾਵਨਾਵਾਂ ਨਾਲ ਵੀ ਮਨ 'ਤੇ ਤਰੰਗਾਂ ਪੈਦਾ ਹੁੰਦੀਆਂ ਹਨ। ਜੇਕਰ ਦਫ਼ਤਰ ਵਿਚ ਕਿਸੇ ਵਿਅਕਤੀ ਦੇ ਪ੍ਰਤੀ ਸਾਡਾ ਮਿੱਤਰਤਾ ਭਾਵ ਜਾਂ ਈਰਖਾ ਜਾਂ ਕੋਈ ਹੋਰ ਨਕਾਰਾਤਮਕ ਭਾਵ ਹੈ, ਤਾਂ ਸਾਡਾ ਮਨ ਮਿੱਤਰਤਾ ਤੋਂ ਜ਼ਿਆਦਾ ਹਮੇਸ਼ਾ ਨਕਾਰਾਤਮਕ ਸੰਵੇਗਾਂ ਵਿਚ ਹੀ ਰੁਝਿਆ ਰਹਿੰਦਾ ਹੈ। ਕੰਮ ਸਬੰਧੀ ਲੋੜਾਂ ਅਤੇ ਸਮੇਂ ਦੀ ਕਮੀ ਦੇ ਚਲਦੇ ਜ਼ਿਆਦਾ ਕੰਮ ਦਾ ਤਣਾਅ ਵੀ ਕੰਮ ਦੀ ਗੁਣਵੱਤਾ ਨੂੰ ਪ੍ਰਭਾਵਿਤ ਕਰਦਾ ਹੈ।

ਇਕ ਪ੍ਰਸੰਨ ਚਿੱਤ ਵਿਅਕਤੀ ਜਿੰਨੇ ਬੇਹਤਰ ਢੰਗ ਨਾਲ ਕਿਸੇ ਕੰਮ ਨੂੰ ਕਰਦਾ ਹੈ, ਓਨਾ ਕੰਮ ਮਾਨਸਿਕ ਤਣਾਅ ਨਾਲ ਗ੍ਰਸਤ ਵਿਅਕਤੀ ਨਹੀਂ ਕਰ ਪਾਉਂਦਾ। ਲਗਾਤਾਰ ਤਣਾਅ ਗ੍ਰਸਤ ਰਹਿਣ ਨਾਲ ਕੰਮ ਦੀ ਗੁਣਵੱਤਾ ਪ੍ਰਭਾਵਿਤ ਹੁੰਦੀ ਹੈ ਅਤੇ ਇਹ ਤਣਾਅ ਸਿਹਤ ਲਈ ਵੀ ਨੁਕਸਾਨਦੇਹ ਹੈ। ਜੋ ਲੋਕ ਲਗਾਤਾਰ ਮਾਨਸਿਕ ਤਣਾਅ ਨਾਲ ਗ੍ਰਸਤ ਰਹਿੰਦੇ ਹਨ, ਉਨ੍ਹਾਂ ਦੀਆਂ ਦੋ ਹੀ ਪ੍ਰਵਿਰਤੀਆਂ ਹੁੰਦੀਆਂ ਹਨ। ਉਹ ਜਾਂ ਤਣਾਅ ਨਾਲ ਲੜਣਗੇ ਜਾਂ ਭੱਜ ਜਾਣਗੇ। ਦੋਵਾਂ ਹੀ ਸਥਿਤੀਆਂ ਵਿਚ ਸਰੀਰ ਨੂੰ ਵਧੇਰੇ ਊਰਜਾ ਦੀ ਲੋੜ ਪੈਂਦੀ ਹੈ। ਇਸ ਲਈ ਅਜਿਹੇ ਲੋਕਾਂ ਦੇ ਸਰੀਰ ਵਿਚ ਬਲੱਡ ਸ਼ੂਗਰ ਦੀ ਮਾਤਰਾ ਅਤੇ ਬਲੱਡ ਪ੍ਰੈਸ਼ਰ ਵਾਰ-ਵਾਰ ਵੱਧ ਜਾਂਦਾ ਹੈ। ਹੌਲੀ-ਹੌਲੀ ਸਰੀਰ ਦੀ ਇਹ ਆਦਤ ਬਣ ਜਾਂਦੀ ਹੈ ਅਤੇ ਇਨ੍ਹਾਂ ਦਿਨਾਂ 'ਚ ਲਗਭਗ ਹਰ ਰੋਗ ਦਾ ਮੂਲ ਕਾਰਣ ਇਹੀ ਆਦਤ ਹੈ। ਆਧੁਨਿਕ ਵਿਗਿਆਨ ਦੇ ਖੋਜ ਅਧਿਐਨ ਵੀ ਇਸ ਗੱਲ ਦੀ ਪੁਸ਼ਟੀ ਕਰਦੇ ਹਨ। ਆਯੁਰਵੇਦ ਇਸ ਉਦਵੇਗ ਨੂੰ ਸਰਵਦੋਸ਼ ਪ੍ਰਕੋਪਕ ਕਹਿੰਦਾ ਹੈ।

# ਸਾਂਵਲਾਪਣ ਦੂਰ ਕਰਨ ਲਈ ਘਰੇਲੂ ਨੁਸਖ਼ੇ

ਚਿਹਰੇ ਦੀ ਰੰਗਤ ਨੂੰ ਬਹੁਤ ਸਾਰੇ ਕਾਰਕ ਪ੍ਰਭਾਵਿਤ ਕਰਦੇ ਹਨ, ਉਹ ਸੂਰਜ ਦੀ ਰੌਸ਼ਨੀ ਜਾਂ ਧੁੱਪ ਵੀ ਹੋ ਸਕਦੀ ਹੈ, ਧੂੜ ਅਤੇ ਧੂੰਆਂ ਵੀ ਅਤੇ ਖ਼ਾਣ-ਪੀਣ ਦੀਆਂ ਗ਼ਲਤ ਆਦਤਾਂ ਵੀ। ਤੁਸੀਂ ਇਨ੍ਹਾਂ ਕਾਰਨਾਂ ਨੂੰ ਖ਼ਤਮ ਤਾਂ ਨਹੀਂ ਕਰ ਸਕਦੇ ਪਰ ਜੇ ਚਾਹੋ ਤਾਂ ਕੁਝ ਸਧਾਰਨ ਵਸਤਾਂ ਦੀ ਵਰਤੋਂ ਕਰ ਕੇ ਆਪਣੀ ਚਮੜੀ ਨੂੰ ਸਾਫ਼ ਰੱਖ ਸਕਦੇ ਹੋ। ਕਈ ਵਾਰ ਗੋਰਾ ਰੰਗ ਕੁਦਰਤੀ ਹੁੰਦਾ ਹੈ ਪਰ ਇਸ ਨੂੰ ਕਾਇਮ ਰੱਖਣ ਲਈ ਵੀ ਕੁਝ ਨਾ ਕੁਝ ਕਰਨਾ ਪੈਂਦਾ ਹੈ। ਬਾਜ਼ਾਰ ਵਿਚ ਕਈ ਅਜਿਹੇ ਉਤਪਾਦ ਹਨ, ਜੋ ਇਹ ਦਾਅਵਾ ਕਰਦੇ ਹਨ ਕਿ ਉਨ੍ਹਾਂ ਦੀ ਵਰਤੋਂ ਨਾਲ ਹੀ ਚਮੜੀ 'ਤੇ ਨਿਖ਼ਾਰ ਆਉਂਦਾ ਹੈ ਪਰ ਰਸਾਇਣ ਯੁਕਤ ਇਹ ਪਦਾਰਥ ਖ਼ਤਰਨਾਕ ਹੋ ਸਕਦੇ ਹਨ। ਆਓ, ਜਾਣਦੇ ਹਾਂ ਚਮੜੀ ਨੂੰ ਸਾਫ਼ ਰੱਖਣ 'ਚ ਮਦਦਗਾਰ ਕੁਝ ਘਰੇਲੂ ਨੁਸਖ਼ਿਆਂ ਬਾਰੇ :



**ਸ਼ਹਿਦ :** ਸ਼ਹਿਦ ਬਲੀਚ ਵਰਗਾ ਕੰਮ ਕਰਦਾ ਹੈ। ਇਸ ਵਿਚ ਐਂਟੀ ਬੈਕਟੀਰੀਅਲ ਗੁਣ ਹੁੰਦੇ ਹਨ। ਚਿਹਰੇ ਉੱਪਰ ਸ਼ਹਿਦ ਲਗਾਉਣ ਦਾ ਸਭ ਤੋਂ ਵਧੀਆ ਤਰੀਕਾ ਹੈ ਕਿ ਇਸ ਨੂੰ ਚਿਹਰੇ ਉੱਪਰ ਪੰਜ ਮਿੰਟ ਤਕ ਲੱਗਾ ਰਹਿਣ ਦਿਓ ਤੇ ਬਾਅਦ ਵਿਚ ਕੋਸੇ ਪਾਣੀ ਨਾਲ ਚਿਹਰੇ ਨੂੰ ਸਾਫ਼ ਕਰ ਲਵੋ।

**ਦਹੀਂ :** ਦਹੀਂ ਵਿਚ ਲੈਕਟਿਕ ਐਸਿਡ ਹੁੰਦਾ ਹੈ, ਜੋ ਇਕ ਕੁਦਰਤੀ ਬਲੀਚ ਹੈ। ਦਹੀਂ ਦੀ ਚਿਹਰੇ ਉੱਪਰ ਹਲਕੀ ਮਾਲਿਸ਼ ਕਰੋ ਅਤੇ ਬਾਅਦ 'ਚ ਕੋਸੇ ਪਾਣੀ ਨਾਲ ਚਿਹਰੇ ਨੂੰ ਧੋ ਲਵੋ। ਤੁਹਾਨੂੰ ਕੁਝ ਹੀ ਸਮੇਂ ਵਿਚ ਚਿਹਰੇ ਦੀ ਰੰਗਤ 'ਚ ਫ਼ਰਕ ਨਜ਼ਰ ਆਉਣਾ ਸ਼ੁਰੂ ਹੋ ਜਾਵੇਗਾ।

**ਨਿੰਬੂ :** ਨਿੰਬੂ ਕੁਦਰਤੀ ਬਲੀਚ ਦੀ ਇਕ ਵਧੀਆ ਉਦਾਹਰਣ ਹੈ। ਇਸ 'ਚ ਮੌਜੂਦ ਐਂਟੀ ਆਕਸੀਡੈਂਟਸ ਚਿਹਰੇ ਲਈ ਬਹੁਤ ਫ਼ਾਇਦੇਮੰਦ ਹਨ। ਨਿੰਬੂ ਦੀਆਂ ਕੁਝ ਬੂੰਦਾਂ ਨੂੰ ਚਿਹਰੇ ਉੱਪਰ ਲਗਾ ਕੇ ਪੰਜ ਮਿਨਟ ਬਾਅਦ ਧੋ ਲਵੋ। ਇਸ ਨਾਲ ਚਿਹਰਾ ਸਾਫ਼ ਦਿਖਾਈ ਦੇਣ ਲੱਗੇਗਾ।

**ਹਲਦੀ :** ਹਲਦੀ ਐਂਟੀਸੈਪਟਿਕ ਹੋਣ ਦੇ ਨਾਲ ਹੀ ਐਂਟੀ ਬੈਕਟੀਰੀਅਲ ਵੀ ਹੈ। ਇਹ ਚਿਹਰੇ ਲਈ ਬਹੁਤ ਫ਼ਾਇਦੇਮੰਦ ਹੈ। ਇਕ ਛੋਟਾ ਚਮਚ ਪੀਸੀ ਹੋਈ ਹਲਦੀ ਅਤੇ ਵੇਸਣ ਨੂੰ ਮਲਾਈ 'ਚ ਮਿਲਾ ਕੇ 10-12 ਦਿਨ ਲਾਗਾਤਾਰ ਚਿਹਰੇ ਉੱਪਰ ਲਗਾਉਣ ਨਾਲ ਸੁੰਦਰਤਾ 'ਚ ਨਿਖਾਰ ਆਵੇਗਾ ਤੇ ਚਮੜੀ ਨਰਮ ਬਣੇਗੀ। •

**ਪਪੀਤਾ :** ਪਪੀਤਾ ਵੀ ਇਕ ਕੁਦਰਤੀ ਬਲੀਚ ਹੈ। ਪਪੀਤੇ ਦਾ ਇਕ ਟੁਕੜਾ ਕੱਟ ਕੇ ਉਸ ਨੂੰ ਚੰਗੀ ਤਰ੍ਹਾਂ ਚਿਹਰੇ 'ਤੇ ਮਲੋ। ਦੋ-ਤਿੰਨ ਮਿੰਟ ਬਾਅਦ ਚਿਹਰੇ ਨੂੰ ਧੋ ਲਵੋ। ਕੁਝ ਦਿਨਾਂ ਵਿਚ ਹੀ ਤੁਹਾਨੂੰ ਫ਼ਰਕ ਸਾਫ਼ ਨਜ਼ਰ ਆਉਣ ਲੱਗ ਪਵੇਗਾ।

# ਹਰ ਨਸ਼ਾ ਤਬਾਹ ਕਰਦੈ

ਪ੍ਰਭਜੋਤ ਕੌਰ ਢਿੱਲੋਂ

ਹਰ ਤਰ੍ਹਾਂ ਦਾ ਨਸ਼ਾ ਤਬਾਹੀ ਕਰਦਾ ਹੈ। ਚਾਹੇ ਉਹ ਨਸ਼ਾ ਸ਼ਰਾਬ ਦਾ ਹੋਵੇ, ਕੈਪਸੂਲ, ਗੋਲੀਆਂ, ਭੁੱਕੀ ਜਾਂ ਫਿਰ ਪੈਸੇ ਦਾ। ਨਸ਼ਾ ਤਬਾਹੀ ਤਾਂ ਕਰਦਾ ਹੀ ਹੈ, ਜਿਹੜੀ ਚੀਜ਼ ਮੱਤ ਮਾਰ ਦੇਵੇ, ਉਹੀ ਨਸ਼ਾ ਹੈ ਅਤੇ ਉਹੀ ਬਰਬਾਦੀ ਦਾ ਸਬੱਬ ਬਣਦਾ ਹੈ। ਲੋਕਾਂ ਦੀਆਂ ਚੁਗਲੀਆਂ ਕਰਨਾ, ਦੂਸਰਿਆਂ ਬਾਰੇ ਝੂਠੀਆਂ ਕਹਾਣੀਆਂ ਬਣਾਉਣਾ ਵੀ ਨਸ਼ਾ ਹੀ ਹੁੰਦਾ ਹੈ। ਕਾਰਲ ਗੁਸਤਾਵ ਜੁੰਗ ਅਨੁਸਾਰ, 'ਨਸ਼ਾ ਹਰ ਤਰ੍ਹਾਂ ਦਾ ਮਾੜਾ ਹੁੰਦਾ ਹੈ, ਇਹ ਮੂਰਛਾ ਜਾਂ ਬੇਹੋਸ਼ੀ ਭਾਵੇਂ ਸ਼ਰਾਬ ਕਾਰਨ ਹੋਵੇ, ਅਫ਼ੀਮ ਕਾਰਨ ਜਾਂ ਫਿਰ ਆਦਰਸ਼ਵਾਦ ਕਾਰਨ ਹੋਵੇ। ਨਸ਼ੇ ਕਾਰਨ ਸੁੱਧ-ਬੁੱਧ ਕੰਮ ਕਰਨੋਂ ਹਟ ਜਾਂਦੀ ਹੈ।

## ਸ਼ਰਾਬ

ਸਭ ਤੋਂ ਪਹਿਲਾਂ ਗੱਲ ਕਰਦੇ ਹਾਂ ਸ਼ਰਾਬ ਦੇ ਨਸ਼ੇ ਦੀ। ਜਾਪਦਾ ਹੈ ਕਿ ਸਰਕਾਰ ਇਸ ਨੂੰ ਨਸ਼ਾ ਮੰਨਣ ਲਈ ਤਿਆਰ ਨਹੀਂ ਹੈ ਅਤੇ ਬੋਤਲਾਂ ਉੱਪਰ 'ਸ਼ਰਾਬ ਪੀਣੀ ਸਿਹਤ ਲਈ ਹਾਨੀਕਾਰਕ ਹੈ' ਲਿਖ ਕੇ ਆਪਣੀ ਜ਼ਿੰਮੇਵਾਰੀ ਤੋਂ ਸੁਰਖ਼ਰੂ ਹੋ ਜਾਂਦੀ ਹੈ। ਸ਼ਰਾਬ ਦਾ ਹਰ ਮੋੜ-ਚੁਰਾਹੇ 'ਤੇ ਆਸਾਨੀ ਨਾਲ ਮਿਲਣਾ ਵੀ ਇਸ ਦੀ ਵਧੇਰੇ ਵਰਤੋਂ ਦਾ ਕਾਰਨ ਹੈ। ਦਿਆਲ ਸਿੰਘ ਪਰਵਾਨਾ ਨੇ ਲਿਖਿਆ ਹੈ,'ਜੱਟਾ ਬੋਤਲ ਇਕ ਸ਼ਰਾਬ ਦੀ ਤੈਨੂੰ ਪੈਂਦੀ ਮਹਿੰਗੇ ਮੁੱਲ, ਜਾਂ ਪੁਆਵੇ ਬੇੜੀਆਂ ਜਾਂ ਪਾਉਂਦੀ ਗੰਗਾ ਫੁੱਲ।' ਇਹ ਗੱਲ ਤਾਂ ਸਾਫ਼ ਹੈ ਕਿ ਸ਼ਰਾਬ ਮੁਸੀਬਤਾਂ ਖੜ੍ਹੀਆਂ ਕਰ ਦਿੰਦੀ ਹੈ ਅਤੇ ਇਸ ਨਾਲ ਮੌਤ ਵੀ ਸੰਭਵ ਹੈ। ਜਦੋਂ ਰੋਜ਼ ਇਸ ਦਾ ਸੇਵਨ ਕਰਨਾ ਸ਼ੁਰੂ ਹੋ ਜਾਵੇ ਤਾਂ ਘਰ ਦਾ ਬਜਟ ਤਾਂ ਹਿਲਦਾ ਹੀ ਹੈ, ਪਰਿਵਾਰ ਆਰਥਿਕ ਤੌਰ 'ਤੇ ਕਮਜ਼ੋਰ ਹੋਣ ਲਗਦਾ ਹੈ। ਸ਼ਰਾਬ ਬਗੈਰ ਰਹਿਣਾ ਔਖਾ ਹੋ ਜਾਵੇ, ਘਰ ਵਿਚ ਕਲੇਸ਼ ਸ਼ੁਰੂ ਹੋ ਜਾਵੇ ਤਾਂ ਇਸ ਨੂੰ ਨਸ਼ੇ ਤੋਂ ਬਾਹਰ ਤਾਂ ਰੱਖਿਆ ਹੀ ਨਹੀਂ ਜਾ ਸਕਦਾ। ਇਸ ਦਾ ਅਸਰ ਜਿਗਰ ਉੱਪਰ ਬੇਹੱਦ ਮਾੜਾ ਪੈਂਦਾ ਹੈ। ਜਦੋਂ ਇਲਾਜ ਹੁੰਦਾ ਹੈ ਤਾਂ ਘਰ ਧੋਤਾ ਜਾਂਦਾ ਹੈ। ਨਸ਼ਾ ਛੁਡਾਊ ਕੇਂਦਰਾਂ ਵਿਚ ਛੱਡਿਆ ਜਾਂਦਾ ਹੈ ਤਾਂ ਹਰ ਮਹੀਨੇ ਹਜ਼ਾਰਾਂ ਰੁਪਏ ਲਗਦੇ ਹਨ। ਹਰ ਮਹੀਨੇ ਇੰਨੇ ਪੈਸੇ ਕੱਢਣੇ ਔਖੇ ਹੁੰਦੇ ਹਨ। ਇਸ ਲਈ ਸ਼ਰਾਬ ਨਸ਼ਾ ਤਾਂ ਹੈ ਹੀ, ਨਾਲ ਹੀ ਤਬਾਹੀ ਵੀ ਮਚਾਉਂਦਾ ਹੈ।



## ਗੋਲੀਆਂ-ਕੈਪਸੂਲ

ਹੁਣ ਨਸ਼ੇ ਦੇ ਰੂਪ ਵਿਚ ਗੋਲੀਆਂ ਅਤੇ ਕੈਪਸੂਲਾਂ ਦੀ ਵੀ ਵਰਤੋਂ ਕੀਤੀ ਜਾਣ ਲੱਗੀ ਹੈ। ਇਸ ਮੈਡੀਕਲ ਨਸ਼ੇ ਨੇ ਵੀ ਤਬਾਹੀ ਮਚਾਈ ਹੋਈ ਹੈ। ਗੋਲੀਆਂ ਜਾਂ ਕੈਪਸੂਲ ਸੌਖਿਆਂ ਹੀ ਕੈਮਿਸਟਾਂ ਕੋਲੋਂ ਮਿਲ ਜਾਂਦੇ ਹਨ ਜਾਂ ਨਸ਼ੇ ਦਾ ਧੰਦਾ ਕਰਨ ਵਾਲੇ ਅੱਗੇ ਸਪਲਾਈ ਕਰਦੇ ਹਨ। ਅੱਜ ਬਹੁਤੇ ਨੌਜਵਾਨ ਇਸ ਨਸ਼ੇ 'ਚ ਪੈ ਕੇ ਕੀਮਤੀ ਜਾਨਾਂ ਅਜਾਈਂ ਗਵਾ ਰਹੇ ਹਨ। ਇਸ ਨਾਲ ਉਨ੍ਹਾਂ ਦੀ ਆਪਣੀ ਜ਼ਿੰਦਗੀ ਤਾਂ ਤਬਾਹ ਹੁੰਦੀ ਹੀ ਹੈ, ਮਾਪਿਆਂ ਦੀ ਜ਼ਿੰਦਗੀ ਵੀ ਤਬਾਹ ਹੋ ਜਾਂਦੀ ਹੈ। ਘਰ ਵਿਚ ਪੈਸੇ ਟਿਕਦੇ ਹੀ ਨਹੀਂ ਜਾਂ ਕਹਿ ਲਵੋ ਕਿ ਨਸ਼ਾ ਟਿਕਣ ਹੀ ਨਹੀਂ ਦਿੰਦਾ। ਜਿੰਨੀ ਦੇਰ ਨਸ਼ਾ ਕਰਨ ਵਾਲਾ ਜਿਊਂਦਾ ਹੈ, ਪੈਸੇ ਉਸ 'ਤੇ ਲਗਦੇ ਰਹਿੰਦੇ ਹਨ। ਮਾਪੇ ਆਪਣੇ ਸਾਹਮਣੇ ਬੱਚਿਆਂ ਨੂੰ ਮਰਦਾ ਨਹੀਂ ਵੇਖ ਸਕਦੇ। 'ਹੁਣ ਸੁਧਰ ਜਾਵੇਗਾ' ਦੀ ਆਸ ਵਿਚ ਪੈਸੇ ਇਲਾਜ 'ਤੇ ਲਗਾਉਂਦੇ ਰਹਿੰਦੇ ਹਨ। ਜਦੋਂ ਮਾਪਿਆਂ ਦੇ ਸਾਹਮਣੇ ਨਸ਼ਿਆਂ ਨਾਲ ਪੁੱਤ ਮਰ ਜਾਂਦਾ ਹੈ ਤਾਂ ਉਹ ਵੀ ਬਰਦਾਸ਼ਤ ਕਰਨਾ ਔਖਾ ਹੁੰਦਾ ਹੈ। ਮਾਪਿਆਂ ਕੋਲ ਹੋਰ ਕੋਈ ਸਹਾਰਾ ਨਹੀਂ ਹੁੰਦਾ ਤੇ ਪੁੱਤ ਦੀ ਅਰਥੀ ਦਾ ਭਾਰ ਚੁੱਕਣਾ ਸਭ ਤੋਂ ਔਖਾ ਹੁੰਦਾ ਹੈ। •

98150-30221

## ਸਿੰਥੈਟਿਕ ਨਸ਼ੇ

ਸਿੰਥੈਟਿਕ ਨਸ਼ਿਆਂ 'ਚ ਚਿੱਟਾ ਤੇ ਨਸ਼ੀਲੇ ਟੀਕੇ ਵੀ ਸ਼ਾਮਲ ਹਨ। ਇਹ ਸਰੀਰ ਨੂੰ ਤੇਜ਼ੀ ਨਾਲ ਖੋਖਲਾ ਕਰਦੇ ਹਨ। ਇਹ ਮਹਿੰਗੇ ਨਸ਼ੇ ਹਨ ਤੇ ਇਸ ਦੀ ਪੂਰਤੀ ਲਈ ਜਦੋਂ ਪੈਸੇ ਨਹੀਂ ਮਿਲਦੇ ਤਾਂ ਨੌਜਵਾਨ ਕਈ ਤਰ੍ਹਾਂ ਦੇ ਗ਼ਲਤ ਕੰਮ ਕਰਨ ਲੱਗ ਪੈਂਦੇ ਹਨ। ਮਾਪਿਆਂ ਨੂੰ ਵੀ ਕੰਗਾਲ ਕਰ ਦਿੰਦੇ ਹਨ। ਅਸਲ 'ਚ ਨਸ਼ਾ ਕਰਨ ਵਾਲਾ ਸਿਰਫ਼ ਨਸ਼ੇ ਬਾਰੇ ਹੀ ਸੋਚਦਾ ਹੈ। ਨਸ਼ਾ ਕੋਈ ਵੀ ਹੋਵੇ ਬਰਬਾਦੀ ਤੇ ਮੌਤ ਦੇ ਮੂੰਹ 'ਚ ਧੱਕਦਾ ਹੈ। ਮਹਾਕਵੀ ਰਬਿੰਦਰ ਨਾਥ ਟੈਗੋਰ ਨੇ ਲਿਖਿਆ ਹੈ, 'ਸਮੁੰਦਰਾਂ ਅਤੇ ਦਰਿਆਵਾਂ ਦੀ ਨਿਸਬਤ, ਸ਼ਰਾਬ ਦੀ ਪਿਆਲੀ ਨੇ ਜ਼ਿਆਦਾ ਮਨੁੱਖਾਂ ਨੂੰ ਡੋਬਿਆ ਹੈ।'

ਨਸ਼ਾ ਸਿਰਫ਼ ਨਸ਼ਾ ਹੈ। ਇਹ ਕਿਸੇ ਵੀ ਤਰ੍ਹਾਂ ਦਾ ਹੋਵੇ, ਹਾਨੀਕਾਰਕ ਹੁੰਦਾ ਹੈ। ਇਸ ਤੋਂ ਬਚਣਾ ਚਾਹੀਦਾ ਹੈ ਤੇ ਦੂਸਰਿਆਂ ਨੂੰ ਬਚਾਉਣਾ ਚਾਹੀਦਾ ਹੈ। ਨਸ਼ਾ ਬਹੁਤਾ ਹੈ ਜਾਂ ਘੱਟ ਹੈ, ਦੀ ਗੱਲ ਕਰਨੀ ਠੀਕ ਨਹੀਂ। ਇਹ ਜਿੰਨਾ ਵੀ ਹੈ, ਉਸ ਨੂੰ ਖ਼ਤਮ ਕਰਨ ਵਾਸਤੇ ਸਰਕਾਰ ਤੇ ਪ੍ਰਸ਼ਾਸਨ ਨੂੰ ਕਦਮ ਚੁੱਕਣੇ ਚਾਹੀਦੇ ਹਨ। ਹਰ ਕਿਸੇ ਨੂੰ ਰੁਜ਼ਗਾਰ ਦਿਓ ਅਤੇ ਉਸ ਦੀ ਉਸ ਕੰਮ ਪ੍ਰਤੀ ਜਵਾਬਦੇਹੀ ਤਹਿ ਜ਼ਰੂਰ ਕਰੋ। ਕਿਸੇ ਵੀ ਚੀਜ਼ ਦੀ ਬਹੁਤਾਤ ਨਸ਼ਾ ਹੁੰਦਾ ਹੈ ਤੇ ਤਬਾਹੀ ਵੱਲ ਲਿਜਾਂਦਾ ਹੈ।

# ਕੋਟਕ ਨੇ ਸਿਹਤ ਦਾ ਸਫਰ ਦਾ ਆਯੋਜਨ ਕੀਤਾ - ਟਰੱਕ ਡਰਾਈਵਰਾਂ ਲਈ ਰਾਸ਼ਟਰੀ ਸਿਹਤ ਜਾਂਚ ਮੁਹਿੰਮ




**ਲੁਧਿਆਣਾ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਕੋਟਕ ਮਹਿੰਦਰਾ ਬੈਂਕ ("KMBL"/ "Kotak") ਨੇ ਦੇਸ਼ ਭਰ ਵਿੱਚ ਟਰੱਕ ਡਰਾਈਵਰਾਂ ਦੀ ਸਰੀਰਕ ਤੰਦਰੁਸਤੀ ਨੂੰ ਤਰਜੀਹ ਦੇਣ ਲਈ ਸਮਰਪਿਤ ਕੋਟਕ ਕਰਮਾ ਪਹਿਲਕਦਮੀ, ''ਸਿਹਤ ਦਾ ਸਫਰ' ਦੇ ਦੂਜੇ ਐਡੀਸ਼ਨ ਦਾ ਉਦਘਾਟਨ ਕੀਤਾ ਹੈ। ਇਸ ਪਹਿਲਕਦਮੀ ਦੇ ਤਹਿਤ, ਕੋਟਕ ਵਿਸ਼ੇਸ਼ ਤੌਰ 'ਤੇ ਇਸ ਮਹੱਤਵਪੂਰਨ ਕਰਮਚਾਰੀਆਂ ਲਈ ਤਿਆਰ ਕੀਤੇ ਗਏ ਮੁਫਤ ਸਿਹਤ ਜਾਂਚ ਕੈਂਪਾਂ ਦੀ ਮੇਜ਼ਬਾਨੀ ਕਰ ਰਿਹਾ ਹੈ। ਇਹ ਕੈਂਪ 'ਸੇਹਤ ਕਾ ਸਫਰ' ਰਾਹੀਂ ਦੇਸ਼ ਭਰ ਦੇ ਲਗਭਗ 3,000 ਟਰੱਕ ਡਰਾਈਵਰਾਂ ਦੀਆਂ ਸਿਹਤ ਅਤੇ ਤੰਦਰੁਸਤੀ ਦੀਆਂ ਲੋੜਾਂ ਨੂੰ ਸੰਬੋਧਿਤ ਕਰਦੇ ਹੋਏ ਮੁਫਤ ਡਾਕਟਰੀ ਸਲਾਹ ਅਤੇ ਕਈ ਤਰ੍ਹਾਂ ਦੇ ਟੈਸਟਾਂ ਦੀ ਪੇਸ਼ਕਸ਼ ਕਰਨਗੇ। ਅੱਖਾਂ ਦੀ ਜਾਂਚ, ਮੁਦਰਾ ਦੇ ਮੁਲਾਂਕਣ ਲਈ ਫਿਜ਼ੀਓਥੈਰੇਪਿਸਟ/ਆਰਥੋਪੀਡਿਕ ਮਾਹਿਰਾਂ ਦੁਆਰਾ ਮੁਲਾਂਕਣ, ਮੂੰਹ ਦੇ ਕੈਂਸਰ ਦੀ ਸ਼ੁਰੂਆਤੀ ਜਾਂਚ ਲਈ ਦੰਦਾਂ ਦੀ ਜਾਂਚ, ਅਤੇ ਬਲੱਡ ਪ੍ਰੈਸ਼ਰ, ਬਲੱਡ ਸ਼ੂਗਰ ਨੂੰ ਕਵਰ ਕਰਨ ਵਾਲੀ ਸਮੁੱਚੀ ਸਿਹਤ ਜਾਂਚ ਵਰਗੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ। ਬਿਨਾਂ ਕਿਸੇ ਕੀਮਤ ਦੇ ਦਵਾਈਆਂ ਪ੍ਰਦਾਨ ਕਰਨ ਦੇ ਨਾਲ, ਕੋਟਕ ਡਰਾਈਵਰਾਂ ਦੀ ਭਲਾਈ ਨੂੰ ਵਧਾਉਣ ਦੇ ਉਦੇਸ਼ ਨਾਲ ਸਰਕਾਰੀ ਭਲਾਈ ਸਕੀਮਾਂ ਬਾਰੇ ਜਾਗਰੂਕਤਾ ਸੈਸ਼ਨਾਂ ਦਾ ਆਯੋਜਨ ਕਰ ਰਿਹਾ ਹੈ। ਅਮਿਤ ਮੋਹਨ, ਪ੍ਰਧਾਨ-ਕੋਟਕ ਮਹਿੰਦਰਾ ਬੈਂਕ ਦੇ ਲੌਜਿਸਟਿਕਸ ਐਂਡ ਇਨਫਰਾਸਟ੍ਰਕਚਰ, ਨੇ ਕਿਹਾ, ÷ਟਰੱਕ ਡਰਾਈਵਰ, ਅਕਸਰ ਅਣਗੌਲੇ ਹੀਰੋ ਸਾਡੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਬਣਦੇ ਹਨ, ਅਣਥੱਕ ਦੇਸ਼ ਭਰ ਵਿੱਚ ਮਾਲ ਦੀ ਢੋਆ-ਢੁਆਈ ਕਰਦੇ ਹਨ। ਬਦਕਿਸਮਤੀ ਨਾਲ, ਉਹਨਾਂ ਦੀ ਮੰਗ ਕਰਨ ਵਾਲੇ ਕਾਰਜਕ੍ਰਮ ਅਕਸਰ ਉਹਨਾਂ ਦੀ ਆਪਣੀ ਸਿਹਤ ਨੂੰ ਤਰਜੀਹ ਦੇਣ ਲਈ ਬਹੁਤ ਘੱਟ ਸਮਾਂ ਛੱਡਦੇ ਹਨ । ਸਾਡੇ ਸਿਹਤ ਜਾਂਚ ਕੈਂਪਾਂ ਦਾ ਉਦੇਸ਼ ਇੱਕ ਸਿਹਤਮੰਦ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਨਾ ਅਤੇ ਇਹਨਾਂ ਡਰਾਈਵਰਾਂ ਨੂੰ ਜ਼ਰੂਰੀ ਮਾਰਗਦਰਸ਼ਨ ਪ੍ਰਦਾਨ ਕਰਨਾ ਹੈ। ਪਿਛਲੇ ਕੈਂਪਾਂ ਦੀ ਸਫਲਤਾ ਦੇ ਆਧਾਰ 'ਤੇ, ਅਸੀਂ ਆਸਵੰਦ ਹਾਂ ਕਿ 'ਸਿਹਤ ਦਾ ਸਫਰ' ਹੋਰ ਵੀ ਜ਼ਿੰਦਗੀਆਂ ਨੂੰ ਪ੍ਰਭਾਵਿਤ ਕਰੇਗਾ।

# ਪ੍ਰਸ਼ਾਸਨ ਨੇ ਅੰਤਰ ਜਾਤੀ ਵਿਆਹ ਸਕੀਮ ਤਹਿਤ ਸੌ ਲਾਭਪਾਤਰੀਆਂ ਨੂੰ 50 ਲੱਖ ਰੁਪਏ ਦੀ ਵਿੱਤੀ ਸਹਾਇਤਾ ਵੰਡੀ




**ਜਲੰਧਰ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪ੍ਰਸ਼ਾਸਨ ਜਲੰਧਰ ਵੱਲੋਂ ਅੱਜ ਅੰਤਰ-ਜਾਤੀ ਵਿਆਹ ਸਕੀਮ ਤਹਿਤ 100 ਯੋਗ ਲਾਭਪਾਤਰੀਆਂ ਨੂੰ 50 ਲੱਖ ਰੁਪਏ ਦੀ ਵਿੱਤੀ ਸਹਾਇਤਾ ਵੰਡੀ ਗਈ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਜਸਬੀਰ ਸਿੰਘ ਨੇ ਕਿਹਾ ਕਿ ਇਸ ਸਕੀਮ ਦਾ ਉਦੇਸ਼ ਸਮਾਜ ਵਿੱਚੋਂ ਜਾਤੀ ਆਧਾਰਤ ਵਿਤਕਰੇ ਨੂੰ ਖਤਮ ਕਰਨ ਦੇ ਨਾਲ-ਨਾਲ ਲੋਕਾਂ ਵਿੱਚ ਭਾਈਚਾਰਕ ਸਾਂਝ ਨੂੰ ਉਤਸ਼ਾਹਿਤ ਕਰਨਾ ਹੈ।

ਉਨ੍ਹਾਂ ਦੱਸਿਆ ਕਿ ਅੰਤਰ-ਜਾਤੀ ਵਿਆਹ ਕਰਨ ਵਾਲੇ ਜੋੜੇ ਇਸ ਸਕੀਮ ਤਹਿਤ 50 ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ ਪ੍ਰਾਪਤ ਕਰਨ ਦੇ ਯੋਗ ਹਨ। ਉਨ੍ਹਾਂ ਅੱਗੇ ਦੱਸਿਆ ਕਿ ਪ੍ਰਸ਼ਾਸਨ ਵੱਲੋਂ ਲਾਭਪਾਤਰੀਆਂ ਦੇ ਖਾਤੇ ਵਿੱਚ 30-30 ਹਜ਼ਾਰ ਰੁਪਏ ਦੀ ਰਾਸ਼ੀ ਤਬਦੀਲ ਕੀਤੀ ਗਈ ਹੈ ਜਦਕਿ 20-20 ਹਜ਼ਾਰ ਰੁਪਏ ਦੇ ਮੁੱਲ ਵਾਲੇ ਨੈਸ਼ਨਲ ਸੇਵਿੰਗ ਸਰਟੀਫਿਕੇਟ ਵੀ ਸਾਰੇ 100 ਲਾਭਪਾਤਰੀਆਂ ਵਿੱਚ ਵੰਡੇ ਗਏ ਹਨ।

ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਮਾਜ ਦੇ ਸਾਰੇ ਵਰਗਾਂ ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ, ਜਿਸ ਤਹਿਤ ਸਰਕਾਰ ਵੱਲੋਂ ਪਹਿਲਾਂ ਹੀ ਕਈ ਵਿਲੱਖਣ ਪਹਿਲਕਦਮੀਆਂ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਹ ਵਿੱਤੀ ਸਹਾਇਤਾ ਇਸ ਸਕੀਮ ਦੇ ਘੇਰੇ ਵਿੱਚ ਆਉਣ ਵਾਲੇ ਹਰੇਕ ਜੋੜੇ ਨੂੰ ਪ੍ਰਦਾਨ ਕੀਤੀ ਜਾਂਦੀ ਹੈ ਤਾਂ ਜੋ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਆਰਥਿਕ ਤੌਰ 'ਤੇ ਵੀ ਸਹੂਲਤ ਦਿੱਤੀ ਜਾ ਸਕੇ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਮਾਜ ਭਲਾਈ ਅਫ਼ਸਰ ਸੰਜੀਵ ਮਨਨ ਨੇ ਦੱਸਿਆ ਕਿ ਇਸ ਸਕੀਮ ਤਹਿਤ ਕੁੱਲ 100 ਲਾਭਪਾਤਰੀਆਂ ਨੂੰ 50 ਲੱਖ ਰੁਪਏ ਦੀ ਰਾਸ਼ੀ ਪ੍ਰਾਪਤ ਹੋਈ ਹੈ। ਇਸ ਦੌਰਾਨ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਸਥਿਤ ਡਾ. ਬੀ.ਆਰ. ਅੰਬੇਡਕਰ ਹਾਲ ਵਿੱਚ ਸੈਮੀਨਾਰ ਵੀ ਕਰਵਾਇਆ ਗਿਆ।

ਉਨ੍ਹਾਂ ਕਿਹਾ ਕਿ ਜਿਨ੍ਹਾਂ ਜੋੜਿਆ ਨੇ ਅੰਤਰ-ਜਾਤੀ ਵਿਆਹ ਰਜਿਸਟਰ ਕੀਤਾ ਹੈ, ਉਹ 50,000 ਰੁਪਏ ਦੀ ਵਿੱਤੀ ਸਹਾਇਤਾ ਦਾ ਲਾਭ ਲੈਣ ਲਈ ਸਮਾਜਿਕ ਨਿਆਂ ਵਿਭਾਗ ਵਿਖੇ ਇਸ ਸਕੀਮ ਲਈ ਬਿਨੈ ਕਰ ਸਕਦੇ ਹਨ।

# ਅਮਨ ਅਰੋੜਾ ਦੇ ਅਖਤਿਆਰੀ ਕੋਟੇ ਵਿੱਚੋਂ ਯੁਵਕ ਕਲੱਬਾਂ ਅਤੇ ਸਮਾਜ ਸੇਵੀ ਸੰਸਥਾਵਾਂ ਨੂੰ 12.50 ਲੱਖ ਰੁਪਏ ਦੀਆਂ ਗਰਾਂਟਾਂ ਦੀ ਵੰਡ



**ਸੁਨਾਮ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਦੀ ਅਗਵਾਈ ਹੇਠ ਵਿਧਾਨ ਸਭਾ ਹਲਕਾ ਸੁਨਾਮ ਦੇ ਸਰਵਪੱਖੀ ਵਿਕਾਸ ਨੂੰ ਯਕੀਨੀ ਬਣਾਉਣ ਲਈ ਚੱਲ ਰਹੀ ਵਿਸ਼ੇਸ਼ ਮੁਹਿੰਮ ਦੇ ਤਹਿਤ ਅੱਜ ਸੁਨਾਮ ਨਾਲ ਸੰਬੰਧਿਤ ਵੱਖ-ਵੱਖ ਯੁਵਕ ਕਲੱਬਾਂ ਅਤੇ ਸਮਾਜਿਕ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ 12.50 ਲੱਖ ਰੁਪਏ ਦੇ ਚੈੱਕ ਪ੍ਰਦਾਨ ਕੀਤੇ ਗਏ। ਕੈਬਨਿਟ ਮੰਤਰੀ ਅਮਨ ਅਰੋੜਾ ਦੀ ਅਗਵਾਈ ਹੇਠ ਉਪ ਮੰਡਲ ਮੈਜਿਸਟਰੇਟ ਸੁਨਾਮ ਪਰਮੋਦ ਸਿੰਗਲਾ ਨੇ ਇਹਨਾਂ ਅਗਾਂਹਵਧੂ ਕਲੱਬਾਂ ਅਤੇ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਇਹ ਚੈੱਕ ਸੌਂਪਣ ਦੀ ਰਸਮ ਅਦਾ ਕੀਤੀ। ਉਹਨਾਂ ਦੱਸਿਆ ਕਿ ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ ਇਹ ਫੰਡ ਆਪਣੇ ਅਖਤਿਆਰੀ ਕੋਟੇ ਵਿੱਚੋਂ ਜਾਰੀ ਕੀਤੇ ਗਏ ਹਨ ਜਿਸ ਦੇ ਨਾਲ ਸ਼ਹਿਰਾਂ ਅਤੇ ਪਿੰਡਾਂ ਦੇ ਨਾਲ ਸੰਬੰਧਿਤ ਇਹ ਯੁਵਕ ਕਲੱਬ ਅਤੇ ਸੰਸਥਾਵਾਂ ਆਪਣੀ ਲੋੜ ਅਨੁਸਾਰ ਸਮੱਗਰੀ ਦੀ ਖਰੀਦ ਕਰ ਸਕਣਗੀਆਂ। ਇਸੇ ਦੌਰਾਨ ਉਪ ਮੰਡਲ ਮੈਜਿਸਟਰੇਟ ਨੇ ਦੱਸਿਆ ਕਿ ਸਬ ਡਵੀਜ਼ਨ ਸੁਨਾਮ ਅਧੀਨ ਅਨੇਕਾਂ ਵਿਕਾਸ ਪ੍ਰੋਜੈਕਟ ਇਨੀ ਦਿਨੀ ਪ੍ਰਗਤੀ ਅਧੀਨ ਹਨ ਅਤੇ ਉਹ ਸਮੇਂ ਸਮੇਂ ਤੇ ਇਹਨਾਂ ਪ੍ਰੋਜੈਕਟਾਂ ਵਿੱਚ ਵਰਤੀ ਜਾ ਰਹੀ ਨਿਰਮਾਣ ਸਮੱਗਰੀ ਦੀ ਜਾਂਚ ਅਤੇ ਕਾਰਜਾਂ ਦੀ ਰਫਤਾਰ ਸਬੰਧੀ ਜਾਇਜ਼ਾ ਲੈਂਦੇ ਰਹਿੰਦੇ ਹਨ। ਉਹਨਾਂ ਦੱਸਿਆ ਕਿ ਅੱਜ ਸਬ ਡਿਵੀਜ਼ਨ ਅਧੀਨ ਆਉਂਦੇ ਬਾਈ ਕਲੱਬਾਂ ਅਤੇ ਸੰਸਥਾਵਾਂ ਨੂੰ ਇਹ ਰਾਸ਼ੀ ਵੰਡੀ ਗਈ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਾਕ ਪ੍ਰਧਾਨ ਗੁਰਿੰਦਰ ਪਾਲ ਖੇੜੀ, ਵਿੱਕੀ ਵਸ਼ਿਸ਼ਟ, ਬਲਜਿੰਦਰ ਈਲਵਾਲ, ਗੁਰਚਰਨ ਸਿੰਘ ਚੌਂਵਾਸ, ਲਖਵਿੰਦਰ ਸੁਖ ਸਾਹੋਕੇ, ਸਾਹਿਬ ਸਿੰਘ ਵੀ ਹਾਜ਼ਰ ਸਨ।

# ਨਗਰ ਨਿਗਮ ਸਨੌਰ ਦੇ ਸਫਾਈ ਕਰਮਚਾਰੀਆ ਵੱਲੋਂ ਪੱਕੇ ਹੋਣ ਦੀ ਮੰਗ ਨੂੰ ਲੈ ਕੇ ਕੀਤਾ ਰੋਸ ਪ੍ਰਦਰਸ਼ਨ



**ਪਟਿਆਲਾ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਕੌਂਸਲ ਸਨੌਰ ਵੱਲੋਂ ਪ੍ਰਧਾਨ ਨੰਦ ਲਾਲ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਦੀਆਂ ਮੁਲਾਜ਼ਮ ਵਿਰੋਧੀ ਨੀਤੀਆਂ ਦੇ ਖਿਲਾਫ ਅਤੇ ਵਿੱਤ ਮੰਤਰੀ ਸਰਦਾਰ ਹਰਪਾਲ ਸਿੰਘ ਚੀਮਾ ਜੀ ਨੂੰ ਵਾਰ ਵਾਰ ਮੰਗ ਪੱਤਰ ਭੇਜਣ ਤੇ ਜਥੇਬੰਦੀ ਨੂੰ ਟਾਈਮ ਨਾ ਦੇਣ ਦੇ ਵਿਰੋਧ ਵਿੱਚ ਪੂਰੇ ਪੰਜਾਬ ਵਿੱਚ ਮਿਉਸਪਲ ਕਾਮਿਆਂ ਵੱਲੋਂ ਰੋਸ ਮਾਰਚ ਕਰਕੇ ਪੰਜਾਬ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ ਗਈ ਦੇ ਤਹਿਤ ਅੱਜ ਸਫਾਈ ਸੇਵਕ ਯੂਨੀਅਨ ਨਗਰ ਸਨੌਰ ਵੱਲੋਂ ਵੀ ਬਾਜ਼ਾਰਾਂ ਵਿੱਚ ਪੰਜਾਬ ਸਰਕਾਰ ਦੇ ਖਿਲਾਫ ਰੋਸ ਮਾਰਚ ਕਰ ਕੇ ਕੀਤਾ ਅਤੇ ਪੰਜਾਬ ਸਰਕਾਰ ਦੇ ਖਿਲਾਫ ਨਾਰੇਬਾਜੀ ਕੀਤੀ ਗਈ ਅਤੇ ਪੰਜਾਬ ਸਰਕਾਰ ਦੇ ਨਾਮ ਮਾਨਯੋਗ ਐਸਡੀਐਮ ਸਾਹਿਬ ਨੂੰ ਇੱਕ ਮੰਗ ਪੱਤਰ ਵੀ ਸੌਂਪਿਆ ਗਿਆ ਇਸ ਮੌਕੇ ਤੇ ਵਰੁਣ ਕੁਮਾਰ ਮੀਤ ਪ੍ਰਧਾਨ ਰਕੇਸ਼ ਕੁਮਾਰ ਬੱਬੂ ਸੈਕਟਰੀ ਦੀਪਕ ਕੁਮਾਰ ਕੈਸ਼ੀਅਰ ਜੁਗਲਾਲ ਸੀਨੀਅਰ ਵਾਈਸ ਚੇਅਰਮੈਨ ਨਰੇਸ਼ ਕੁਮਾਰ ਵਾਈਸ ਚੇਅਰਮੈਨ ਪ੍ਰਧਾਨ ਮੁਲਕ ਰਾਜ ਚਰਨਦਾਸ ਬਾਲੂ ਨੋਡਲ ਅਫਸਰ ਸਵਸ ਭਾਰਤ ਸੁੰਦਰ ਸੋਨੀ ਵਿੱਕੀ ਅਟਵਾਲ ਨਰਿੰਦਰ ਸਿੰਘ ਕੰਬੋਜ ਕੁਮਾਰ ਵਿਜੇ ਕੁਮਾਰ ਵਿਕਰਮਜੀਤ ਸਿੰਘ ਮਨੋਜ ਕੁਮਾਰ ਵਰਿੰਦਰ ਸਿੰਘ ਦਵਿੰਦਰ ਸਿੰਘ ਜਸਬੀਰ ਸਿੰਘ ਨੈਣਾ ਜਗਜੀਤ ਸਿੰਘ ਗੁਰਜੀਤ ਸਿੰਘ ਰਜਿੰਦਰ ਸਿੰਘ ਅਨਿਲ ਕੁਮਾਰ ਲਾਡੀ ਪੰਮੀ ਅਜੇ ਕੁਮਾਰ ਪੀਨੂ ਅਮੀਰ ਚੰਦ ਅਤੇ ਸਫਾਈ ਸੇਵਕ ਐਂਡ ਅਦਰ ਵਰਕ ਯੂਨੀਅਨ ਦੇ ਸਾਰੇ ਮੈਂਬਰ ਅਤੇ ਅਹੁਦੇਦਾਰ ਸਾਹਿਬਾਨ ਹਾਜ਼ਰ ਰਹੇ।

# ਸਿਹਤ ਵਿਭਾਗ ਵੱਲੋਂ ਐਨ.ਆਰ.ਆਈਜ਼ ਦੇ ਸਹਿਯੋਗ ਨਾਲ ਅੱਖਾਂ ਅਤੇ ਹੋਰ ਬਿਮਾਰੀਆਂ ਦਾ ਚੈਕਅੱਪ ਕੈਂਪ ਲਗਾਇਆ




**ਜਲਾਲਾਬਾਦ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਫਾਜ਼ਿਲਕਾ ਦੇ ਸਿਵਲ ਸਰਜਨ ਡਾ: ਕਵਿਤਾ ਦੇ ਨਿਰਦੇਸ਼ਾਂ ਅਨੁਸਾਰ ਅਤੇ ਪੀ.ਐਚ.ਸੀ ਜੰਡਵਾਲਾ ਭੀਮੇਸ਼ਾਹ ਦੇ ਐਸ.ਐਮ.ਓ ਡਾ.ਐਰਿਕ ਐਡੀਸਿਨ, ਪ੍ਰਸ਼ਾਸਨ ਦੇ ਐਸ.ਐਮ.ਓ ਡਾ.ਗੁਰਮੇਜ ਸਿੰਘ ਦੀ ਯੋਗ ਅਗਵਾਈ ਹੇਠ ਪਿੰਡ ਦੇ ਸਿਹਤ ਤੇ ਤੰਦਰੁਸਤੀ ਕੇਂਦਰ/ਸਬ. ਸੈਂਟਰ ਪੱਕਾ ਕਾਲੇ ਵਾਲਾ, ਚੱਕ ਰੋਡਾ ਵਾਲਾ ਵਿਖੇ ਪਰਵਾਸੀ ਭਾਰਤੀਆਂ (ਐਨ.ਆਰ.ਆਈਜ਼) ਅਤੇ ਸਿਹਤ ਵਿਭਾਗ ਪੰਜਾਬ ਦੇ ਸਹਿਯੋਗ ਨਾਲ ਅਕਾਸ਼ ਬਾਘਲਾ ਦੀ ਯਾਦ ਵਿੱਚ ਅੱਖਾਂ ਅਤੇ ਹੋਰ ਬਿਮਾਰੀਆਂ ਦਾ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ। ਕੈਂਪ ਦੌਰਾਨ ਸਿਹਤ ਵਿਭਾਗ ਦੀ ਟੀਮ ਨੇ ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਅਤੇ ਮੁਫ਼ਤ ਐਨਕਾਂ ਅਤੇ ਦਵਾਈਆਂ ਵੰਡੀਆਂ।

ਇਸ ਮੌਕੇ ਮਾਹਿਰ ਡਾਕਟਰਾਂ ਵੱਲੋਂ ਬਲੱਡ ਪ੍ਰੈਸ਼ਰ, ਸ਼ੂਗਰ ਅਤੇ ਹੋਰ ਬਿਮਾਰੀਆਂ ਸਬੰਧੀ ਟੈਸਟ ਅਤੇ ਦਵਾਈਆਂ ਵੀ ਬਿਲਕੁਲ ਮੁਫ਼ਤ ਦਿੱਤੀਆਂ ਗਈਆਂ।

ਕੈਂਪ ਵਿੱਚ ਪਹੁੰਚੇ ਲੋਕਾਂ ਨੂੰ ਕੰਨਾਂ ਦੀਆਂ ਬਿਮਾਰੀਆਂ, ਸਵਾਈਨ ਫਲੂ, ਮੌਸਮੀ ਬਿਮਾਰੀਆਂ ਅਤੇ ਸਰਕਾਰ ਵੱਲੋਂ ਚਲਾਏ ਪ੍ਰੋਗਰਾਮਾਂ ਬਾਰੇ ਵੀ ਜਾਗਰੂਕ ਕੀਤਾ ਗਿਆ। ਇਸ ਮੌਕੇ ਸੇਵਾਮੁਕਤ ਇੰਸਪੈਕਟਰ ਬਲਵਿੰਦਰ ਸਿੰਘ ਭੱਠਲ, ਸੇਵਾਮੁਕਤ ਪ੍ਰੋਫੈਸਰ ਪਰਵਿੰਦਰ ਸਿੰਘ, ਡਾ: ਸੁਰਜੀਤ ਸਿੰਘ, ਸੁਮਨਿੰਦਰ ਕੌਰ ਸੀਨੀਅਰ ਫਾਰਮੇਸੀ ਅਫ਼ਸਰ, ਬਲਾਕ ਐਸਆਈ ਸੁਮਨ ਕੁਮਾਰ, ਸੀਐਚਓ ਪ੍ਰਿਅੰਕਾ ਰਾਣੀ, ਐਸਆਈ ਲਖਵਿੰਦਰ ਸਿੰਘ, ਓਮ ਪ੍ਰਕਾਸ਼, ਪਰਮਜੀਤ ਸਿੰਘ, ਜਸਪਾਲ ਸਿੰਘ ਸਿੱਧੂ, ਡਾ. ਜੋਤੀ ਰਾਣੀ.ਐਮ.ਪੀ.ਐਚ.ਡਬਲਿਊ., ਭਾਈ ਕੰਵਲਜੀਤ ਸਿੰਘ, ਵਿਜੇ ਕੁਮਾਰ ਬਾਘਲਾ, ਮਨਜਿੰਦਰ ਸਿੰਘ ਅਲਖਾ, ਸੁਖਜਿੰਦਰ ਸਿੰਘ ਅਲਖਾ, ਸੁਖਮੰਦਰ ਸਿੰਘ ਢਿੱਲੋਂ, ਨਛੱਤਰ ਸਿੰਘ ਬਰਾੜ, ਨਿਰਮਲ ਸਿੰਘ ਗਿੱਲ, ਡਾ: ਕ੍ਰਿਸ਼ਨ ਸਿੰਘ, ਬਲਵੀਰ ਸਿੰਘ ਬੁੱਟਰ, ਗੁਰਚਰਨ ਸਿੰਘ ਗਿੱਲ, ਸੁਖਦੇਵ ਸਿੰਘ ਹਾਂਸ, ਸ. ਹਰਪ੍ਰੀਤ ਸਿੰਘ ਬੁੱਟਰ, ਰੋਬਿਨਜੀਤ ਸਿੰਘ ਸਿੱਧੂ, ਪਿਰਤਪਾਲ ਸਿੰਘ ਹਾਂਸ, ਕਰਨਵੀਰ ਸਿੰਘ ਗਿੱਲ, ਸਮਾਜ ਸੇਵੀ, ਆਂਗਣਵਾੜੀ ਵਰਕਰ, ਆਸ਼ਾ ਵਰਕਰ, ਪਤਵੰਤੇ ਅਤੇ ਪਿੰਡ ਵਾਸੀ ਹਾਜ਼ਰ ਸਨ।

# ਚੋਰੀ ਅਤੇ ਲੁੱਟ ਖੋਹ ਦੀਆਂ ਵਾਰਦਾਤਾਂ ਵਿੱਚ ਹੋ ਰਿਹਾ ਹੈ ਭਾਰੀ ਵਾਧਾ

**ਬਠਿੰਡਾ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਗੋਨਿਆਣਾ ਮੰਡੀ ਦੇ ਨਜ਼ਦੀਕੀ ਏਰੀਏ ਵਿੱਚ ਦਿਨੋ ਦਿਨ ਵੱਧ ਰਹੀ ਚੋਰੀ ਅਤੇ ਲੁੱਟਾਂ ਖੋਹਾਂ ਕਾਰਨ ਲੋਕਾਂ ਵਿੱਚ ਸਹਿਮ ਦਾ ਮਾਹੌਲ ਪਾਇਆ ਜਾ ਰਿਹਾ ਹੈ ਪਰੰਤੂ ਪੁਲਿਸ ਪ੍ਰਸ਼ਾਸਨ ਇਸ ਤਰਫੋਂ ਬਿਲਕੁਲ ਹੀ ਸੁਸਤ ਜਾਪਦਾ ਹੈ। ਅਤੇ ਇਹ ਹੋ ਰਹੀਆਂ ਚੋਰੀਆਂ ਲੁੱਟਾਂ ਖੋਹਾਂ ਦਰਕਿਨਾਰ ਕਰਕੇ ਕਰਾਈਮ ਜੀਰੋ ਦਾ ਢੰਡੋਰਾ ਪਿੱਟ ਰਿਹਾ ਹੈ ਜਦਕਿ ਰਿਪੋਰਟ ਇਸਦੇ ਉਲਟ ਹੈ ਸਰਕਾਰ ਨੂੰ ਖੁਸ਼ ਕਰਨ ਲਈ ਇਸ ਤਰ੍ਹਾਂ ਦੇ ਰਿਪੋਰਟ ਕਾਰਡ ਪੇਸ਼ ਕੀਤੇ ਜਾਂਦੇ ਹਨ ਜਿਸ ਨਾਲ ਸਰਕਾਰ ਖੁਸ਼ ਰਹੇ ਮੁੱਕਦੀ ਗੱਲ ਥਾਣਾ ਨਹੀਆਂ ਵਾਲਾ ਦੇ ਅਧੀਨ ਆਉਂਦੇ ਪਿੰਡਾਂ ਵਿੱਚ ਪ੍ਰਸ਼ਾਸਨ ਨਾਂ ਦੀ ਕੋਈ ਚੀਜ਼ ਨਹੀਂ ਹੈ ਚੋਰੀਆਂ ਤੋਂ ਪੀੜਤ ਵਿਅਕਤੀ ਲਗਭਗ 15 ਦਿਨਾਂ ਤੋਂ ਥਾਣੇ ਦੇ ਚੱਕਰ ਮਾਰ ਰਹੇ ਹਨ ਪ੍ਰੰਤੂ ਸਬੰਧ ਥਾਣਾ ਮੁਖੀ ਨੂੰ ਹਲੇ ਤੱਕ ਮੌਕਾ ਵੇਖਣ ਦਾ ਵੀ ਸਮਾਂ ਨਹੀਂ ਮਿਲਿਆ

ਪ੍ਰਾਪਤ ਹੋਏ ਵੇਰਵਿਆਂ ਅਨੁਸਾਰ ਥਾਣਾ ਨਹੀਆ ਵਾਲਾ ਵਿੱਚ ਜਦੋਂ ਤੋਂ ਨਵੇਂ ਥਾਣਾ ਮੁਖੀ ਨੇ ਚਾਰਜ ਸੰਭਾਲਿਆ ਹੈ ਉਦੋਂ ਤੋਂ ਹੀ ਚੋਰਾਂ ਵੱਲੋਂ ਆਪਣੇ ਕੰਮ ਕਾਜ ਨੂੰ ਬੜੀ ਦਲੇਰੀ ਨਾਲ ਕਰਨਾ ਸ਼ੁਰੂ ਕਰ ਦਿੱਤਾ ਹੈ ਲਗਭਗ ਪਿਛਲੇ ਬੀਤੇ 10 ਦਿਨ ਪਹਿਲਾਂ ਇਥੋਂ ਨਜ਼ਦੀਕੀ ਜੀਦਾ ਤੋਂ ਜੰਡਾਵਾਲਾ ਲਿੰਕ ਸੜਕ ਉੱਪਰ ਸਥਿਤ ਮਾਡਰਨ ਰਾਈਸ ਮਿਲ ਨਾਮ ਦੇ ਸੈਲਰ ਵਿੱਚ ਉਥੋਂ ਦੀ ਰਹਿਣ ਵਾਲੀ ਲੇਬਰ ਵੱਲੋਂ ਹੀ ਲਗਭਗ ਇਕ ਲੱਖ ਰੁਪਏ ਦੇ ਸਮਾਨ ਦੀ ਚੋਰੀ ਕਰ ਲਈ ਗਈ। ਅਤੇ ਸੈਲਰ ਮਾਲਕ ਵੱਲੋਂ ਬਾਰ-ਬਾਰ ਥਾਣਾ ਨਹੀਆਂਵਾਲਾ ਵਿੱਚ ਜਾ ਕੇ ਬਕਾਇਦਾ ਨਾਮ ਸਮੇਤ ਚੋਰਾਂ ਦਾ ਨਾਮ ਦੱਸਿਆ ਗਿਆ।

ਪ੍ਰੰਤੂ ਹਲੇ ਤੱਕ ਦੱਸ ਦਿਨ ਬੀਤਣ ਉਪਰੰਤ ਕਿਸੇ ਉੱਪਰ ਵੀ ਹਲੇ ਤੱਕ ਪਰਚਾ ਦਰਜ ਨਹੀਂ ਹੋਇਆ ਸੈਲਰ ਮਾਲਕ ਨੇ ਦੱਸਿਆ ਕਿ ਉਹ ਪਿਛਲੇ 10 ਦਿਨਾਂ ਤੋਂ ਥਾਣੇ ਦੇ ਗੇੜੇ ਮਾਰ ਰਿਹਾ ਹੈ। ਅਤੇ ਡੀਐਸਪੀ ਪੱਧਰ ਦੇ ਅਫਸਰਾਂ ਨੂੰ ਵੀ ਮਿਲ ਚੁੱਕਿਆ ਹੈ। ਪ੍ਰੰਤੂ ਮੇਰੀ ਕੋਈ ਵੀ ਸੁਣਵਾਈ ਨਹੀਂ ਹੋ ਰਹੀ। ਅਤੇ ਚੋਰੀ ਹੋਣ ਦੇ ਨਾਲ ਨਾਲ ਨਿਤ ਦਿਨ ਗੇੜੇ ਮਾਰਨ ਨਾਲ ਪੈ ਰਹੇ ਘਾਟੇ ਨਾਲ ਵੀ ਰੋਜ਼ਾਨਾ ਹੋਰ ਨੁਕਸਾਨ ਹੋ ਰਿਹਾ ਹੈ। ਉਹਨਾਂ ਕਿਹਾ ਕਿ ਮੇਰੇ ਵੱਲੋਂ ਚੋਰਾਂ ਦੇ ਮੋਬਾਇਲ ਨੰਬਰ ਤੱਕ ਵੀ ਥਾਣੇ ਵਿੱਚ ਦੇ ਦਿੱਤੇ ਗਏ ਹਨ। ਪ੍ਰੰਤੂ ਪੁਲਿਸ ਨੇ ਕਾਰਵਾਈ ਕਰਨ ਦੀ ਥਾਂ ਤੇ ਹਲੇ ਤੱਕ ਉਹਨਾਂ ਦੇ ਖਿਲਾਫ ਕੋਈ ਰਿਪੋਰਟ ਲਿਖਣੀ ਵੀ ਮੁਨਾਸਬ ਨਹੀਂ ਸਮਝੀ ਇਸੇ ਤਰ੍ਹਾਂ ਹੀ ਇੱਥੋਂ ਦੇ ਨਜ਼ਦੀਕੀ ਗੋਨਿਆਣਾ ਮੰਡੀ ਤੋਂ ਮਹਿਮਾ ਸਰਜਾ ਰੋਡ ਉੱਪਰ ਬਣੇ ਇੱਕ ਸਕੂਲ ਵਿੱਚ ਵੀ ਪਿਛਲੇ ਦਿਨੀ ਵੱਡੇ ਪੱਧਰ ਦੀ ਚੋਰੀ ਹੋ ਚੁੱਕੀ ਹੈ।

ਚੋਰੀ ਕਰਨ ਵਾਲੇ ਚੋਰਾਂ ਦੀਆਂ ਸੀਸੀਟੀਵੀ ਕੈਮਰਿਆਂ ਵਿੱਚ ਬਿਲਕੁਲ ਸਾਫ ਤਸਵੀਰਾਂ ਵੀ ਨਜ਼ਰ ਆ ਰਹੀਆਂ ਹਨ ਅਤੇ ਮਾਲਕਾਂ ਵੱਲੋਂ ਸਬੰਧਿਤ ਸੀਸੀਟੀਵੀ ਫੁਟੇਜ ਪ੍ਰਸ਼ਾਸਨ ਨੂੰ ਦੇ ਵੀ ਦਿੱਤੀਆਂ ਹਨ ਪ੍ਰੰਤੂ ਇਸ ਚੋਰੀ ਦਾ ਵੀ ਥਾਣਾ ਨਹੀਆਂ ਵਾਲਾ ਵਿੱਚ ਕੋਈ ਰਿਕਾਰਡ ਨਹੀਂ ਅਤੇ ਨਾ ਹੀ ਕਿਸੇ ਦੇ ਖਿਲਾਫ ਕੋਈ ਪਰਚਾ ਦਰਜ ਹੋਇਆ ਹੈ ਬੱਚਿਆਂ ਦਾ ਭਵਿੱਖ ਸਵਾਰਨ ਵਾਲੇ ਸਕੂਲ ਮਾਲਕ ਆਪਣੇ ਭਵਿੱਖ ਦੀ ਚਿੰਤਾ ਕਰਦੇ ਹੋਏ ਥਾਣਾ ਨਹੀਆਂ ਵਾਲਾ ਦੇ ਗੇੜੇ ਮਾਰ ਮਾਰ ਕੇ ਥੱਕ ਚੁੱਕੇ ਹਨ ਹੁਣ ਇਥੋਂ ਇਹ ਸਾਬਤ ਹੁੰਦਾ ਹੈ ਕਿ ਸਰਕਾਰ ਵੱਲੋਂ ਕੀਤੀ ਜਾਂਦੀ ਸਖਤਾਈ ਨੂੰ ਦਰਕਿਨਾਰ ਕਰਕੇ ਹੇਠਲੇ ਪੱਧਰ ਦੇ ਅਫਸਰ ਆਪਣੇ ਏਰੀਏ ਵਿੱਚ ਹੋ ਰਹੇ ਕਰਾਈਮ ਨੂੰ ਰਿਕਾਰਡ ਵਿੱਚ ਹੀ ਨਹੀਂ ਲਿਆਉਂਦੇ ਤਾਂ ਜੋ ਜ਼ੀਰੋ ਕਰਾਈਮ ਦੀ ਰਿਪੋਰਟ ਦੇ ਕੇ ਉੱਪਰਲੇ ਅਫਸਰਾਂ ਨੂੰ ਖੁਸ਼ ਕੀਤਾ ਜਾ ਸਕੇ।

# ਜ਼ਿਲ੍ਹਾ ਪੱਧਰੀ ਕਿਸਾਨ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ




**ਗੁਰਦਾਸਪੁਰ, 17 ਮਾਰਚ**
**-ਜਸਪਾਲ ਚੰਦਨ-**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਸ਼੍ਰੀ ਹਰਗੋਬਿੰਦਪੁਰ ਸਾਹਿਬ ਵਿੱਚ ਗਰੀਨ ਟੀਵੀ ਦੇ ਮਾਧਿਅਮ ਨਾਲ ਖੇਤੀਬਾੜੀ ਵਿਭਾਗ ਵੱਲੋਂ ਜਿਲ੍ਹਾ ਪੱਧਰੀ ਕਿਸਾਨ ਜਾਗਰੂਕਤਾ ਸੈਮੀਨਾਰ ਦਾਣਾ ਮੰਡੀ ਸ੍ਰੀ ਹਰਗੋਬਿੰਦਪੁਰ ਸਾਹਿਬ ਵਿੱਚ ਕਰਵਾਇਆ ਗਿਆ ਜਿਸ ਵਿੱਚ ਮੁੱਖ ਮਹਿਮਾਨ ਵਜੋਂ ਹਲਕਾ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਅਤੇ ਉਹਨਾਂ ਦੀ ਪਤਨੀ ਡਾਕਟਰ ਸਮਿਤੀ ਥਾਪਾ ਸ਼ਾਮਿਲ ਹੋਏ ਇਸ ਸੈਮੀਨਾਰ ਵਿੱਚ ਖੇਤੀਬਾੜੀ ਯੂਨੀਵਰਸਿਟੀ ਅਤੇ ਜ਼ਿਲ੍ਹਾ ਖੇਤੀਬਾੜੀ ਵਿਭਾਗ ਦੇ ਮਾਹਿਰਾਂ ਵੱਲੋਂ ਸੈਮੀਨਾਰ ਵਿੱਚ ਪਹੁੰਚੇ ਵੱਡੀ ਗਿਣਤੀ ਵਿੱਚ ਕਿਸਾਨਾਂ ਨੂੰ ਗੰਨੇ ਦੀ ਫਸਲ ਬਾਰੇ ਜਾਗਰੂਕ ਕੀਤਾ ਅਤੇ ਉਹਨਾਂ ਦੀਆਂ ਬਿਮਾਰੀਆਂ ਦੀ ਰੋਕਥਾਮ ਲਈ ਵੱਖ ਵੱਖ ਦਵਾਈਆਂ ਦੀ ਸਿਫਾਰਿਸ਼ ਕੀਤੀ ਪਾਣੀ ਦੇ ਨੀਵੇਂ ਜਾਣ ਅਤੇ ਪਾਣੀ ਗੰਧਲਾ ਹੋਣ ਬਾਰੇ ਕਿਸਾਨਾਂ ਨੂੰ ਸਮਝਾਇਆ ਗਿਆ ਅਤੇ ਝੋਨੇ ਦੀ ਫਸਲ ਦੇ ਬਦਲ ਵਿੱਚ ਵੱਧ ਤੋਂ ਵੱਧ ਗੰਨੇ ਦੀ ਕਾਸਤ ਹੇਠ ਰਕਬਾ ਲਿਆਉਣ ਦੀ ਅਪੀਲ ਕੀਤੀ ਜਿਸ ਨਾਲ ਧਰਤੀ ਹੇਠਲਾ ਪਾਣੀ ਜੋ ਗਿਰਾਵਟ ਵਿੱਚ ਜਾ ਰਿਹਾ ਹੈ ਉਸਨੂੰ ਬਚਾਇਆ ਜਾ ਸਕੇ ਅਤੇ ਨਾਸਿਕ ਘੱਟ ਤੋਂ ਘੱਟ ਵਰਤਨ ਲਈ ਵੀ ਕਿਹਾ ਜਿਸ ਨਾਲ ਪੀਣ ਵਾਲਾ ਪਾਣੀ ਜੋ ਗੰਦਲਾ ਅਤੇ ਜਹਰੀਲਾ ਹੁੰਦਾ ਜਾ ਰਿਹਾ ਹੈ ਉਸ ਨੂੰ ਸੰਭਾਲਿਆ ਜਾ ਸਕੇ।

# ਭਾਜਪਾ ਦੇ ਐਨਜੀਓ ਸੈੱਲ ਦੀ ਮੀਟਿੰਗ ਵਿੱਚ ਲਿਆ ਗਿਆ ਲੋਕ ਸਭਾ ਚੋਣਾਂ ਜਿੱਤਣ ਦਾ ਸੰਕਲਪ

**ਜਲਾਲਾਬਾਦ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਜਨਤਾ ਪਾਰਟੀ ਦੇ ਐਨ.ਜੀ.ਓ ਸੈੱਲ ਦੀ ਮੀਟਿੰਗ ਬੀਤੇ ਦਿਨ ਭਾਜਪਾ ਦੇ ਚੰਡੀਗੜ੍ਹ ਮੁੱਖ ਦਫਤਰ ਵਿਖੇ ਸੂਬਾਈ ਪ੍ਰਧਾਨ ਮਨਜਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ।

ਜਿਸ ਵਿੱਚ ਜ਼ਿਲ੍ਹਾ ਫਾਜ਼ਿਲਕਾ ਤੋਂ ਭਾਜਪਾ ਐਨ.ਜੀ.ਓ ਸੈੱਲ ਦੇ ਵਰਕਰਾਂ ਦੀਪਕ ਸਹਿਗਲ, ਅੰਕਿਤ ਸ਼ਰਮਾ, ਐਡਵੋਕੇਟ ਸਵਾਤੀ ਅਰੋੜਾ, ਸਮਰਤਾ ਕੌਰ, ਰਾਜੀਵ ਖੰਨਾ, ਐਡਵੋਕੇਟ ਰਾਜੀਵ ਗੋਸਾਈ ਸ਼ਾਮਲ ਹੋਏ। ਜਾਣਕਾਰੀ ਦਿੰਦਿਆਂ ਦੀਪਕ ਸਹਿਗਲ ਨੇ ਦੱਸਿਆ ਕਿ ਮੀਟਿੰਗ ਵਿੱਚ ਅਗਲੇ ਮਹੀਨੇ ਹੋਣ ਵਾਲੀਆਂ ਲੋਕ ਸਭਾ ਚੋਣਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਪ੍ਰਧਾਨ ਮਨਜਿੰਦਰ ਸਿੰਘ ਨੇ ਸਮੂਹ ਐਨ.ਜੀ.ਓ ਸੈੱਲ ਦੇ ਅਹੁਦੇਦਾਰਾਂ ਅਤੇ ਵਰਕਰਾਂ ਨੂੰ ਚੋਣਾਂ ਵਿੱਚ ਜਿੱਤ ਹਾਸਲ ਕਰਨ ਲਈ ਤਨਦੇਹੀ ਨਾਲ ਕੰਮ ਕਰਨ ਦਾ ਸੱਦਾ ਦਿੱਤਾ। ਦੀਪਕ ਸਹਿਗਲ ਨੇ ਦੱਸਿਆ ਕਿ ਮੀਟਿੰਗ ਵਿੱਚ ਵਰਕਰਾਂ ਨੂੰ ਚੋਣਾਂ ਸਬੰਧੀ ਆਪਣਾ ਟੀਚਾ ਮਿੱਥ ਕੇ ਉਸ ਨੂੰ ਪੂਰਾ ਕਰਨ ਲਈ ਹਰ ਸੰਭਵ ਯਤਨ ਕਰਨ ਲਈ ਕਿਹਾ ਗਿਆ।

ਉਨ੍ਹਾਂ ਕਿਹਾ ਕਿ ਐਨ.ਜੀ.ਓ ਸੈੱਲ ਦਾ ਉਦੇਸ਼ ਇੱਕ ਦੂਜੇ ਦਾ ਸਾਥ ਦੇ ਕੇ ਪਾਰਟੀ ਨੂੰ ਮਜ਼ਬੂਤ ਕਰਨਾ ਹੈ। ਮੀਟਿੰਗ ਵਿੱਚ ਵਰਕਰਾਂ ਨੂੰ ਚੋਣਾਂ ਵਿੱਚ ਜਿੱਤ ਦਾ ਪ੍ਰਣ ਲੈ ਕੇ ਆਪਣੀ ਮੁਹਿੰਮ ਨੂੰ ਅੱਗੇ ਵਧਾਉਣ ਦੇ ਨਿਰਦੇਸ਼ ਦਿੱਤੇ ਗਏ।

# ਨੋ ਸਮੋਕਿੰਗ ਦਿਵਸ਼ ਮੌਕੇ ਸਾਕੇਤ ਹਸਪਤਾਲ ਵਿਖੇ ਜਾਗਰੂਕਤਾ ਪ੍ਰੋਗਰਾਮ ਕਰਵਾਏ



**ਪਟਿਆਲਾ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਗਿਆਨ ਜਯੋਤੀ ਐਜੂਕੇਸ਼ਨਲ ਸੁਸਾਇਟੀ ਪਟਿਆਲਾ ਵਲੋਂ ਨੋ ਸਮੋਕਿੰਗ ਦਿਵਸ਼ ਮੌਕੇ ਪੰਜਾਬ ਰੈੱਡ ਕਰਾਸ ਸਾਕੇਤ ਹਸਪਤਾਲ ਨਸ਼ਾ ਛੁਡਾਊ ਤੇ ਮੁੜ ਵਸੇਬਾ ਕੇਂਦਰ ਪਟਿਆਲਾ ਵਿਖੇ ਜਾਗਰੂਕਤਾ ਪ੍ਰੋਗਰਾਮ ਸ਼੍ਰੀ ਉਪਕਾਰ ਸਿੰਘ ਪ੍ਰਧਾਨ ਅਤੇ ਹਸਪਤਾਲ ਦੇ ਡਾਇਰੈਕਟਰ ਸ੍ਰੀਮਤੀ ਪਰਮਿੰਦਰ ਕੌਰ ਮਨਚੰਦਾ ਦੀ ਅਗਵਾਈ ਹੇਠ ਕਰਵਾਏ ਗਏ। ਇਸ ਮੌਕੇ ਸ੍ਰੀ ਉਪਕਾਰ ਸਿੰਘ, ਸ੍ਰੀਮਤੀ ਮਨਜੀਤ ਕੌਰ ਆਜ਼ਾਦ ਸਾਬਕਾ ਪ੍ਰਿੰਸੀਪਲ, ਸ਼੍ਰੀਮਤੀ ਰਾਵਿੰਦਰ ਕੋਰ ਸਿੱਧੂ ਸਕਾਊਟ ਗਾਈਡਜ਼ ਕਮਿਸ਼ਨਰ, ਸ਼੍ਰੀ ਕਾਕਾ ਰਾਮ ਵਰਮਾ ਸੇਵਾ ਮੁਕਤ ਜਿਲਾ ਟ੍ਰੇਨਿੰਗ ਅਫ਼ਸਰ ਰੈਡ ਕਰਾਸ, ਅਤੇ ਸ਼੍ਰੀ ਪਰਮਜੀਤ ਅਗਰਵਾਲ ਨੇ ਸਮੋਕਿੰਗ ਸਿਹਤ ਤਦੰਰੁਸਤੀ ਤਾਕ ?ਤ ਬਾਰੇ ਜਾਣਕਾਰੀ ਦਿੱਤੀ। ਵਾਤਾਵਰਨ ਅਤੇ ਆਪਣੇ ਸਰੀਰ ਦੇ ਅੰਦਰ ਵਿਸ਼ੇਸ਼ ਤੌਰ ਤੇ ਫੇਫੜਿਆਂ ਦਿਲ ਦਿਮਾਗ ਨੂੰ ਆਕਸੀਜਨ ਦੀ ਕਮੀਂ ਕਰਨ ਵਾਲੇ ਸਾਰੇ ਪ੍ਰਦਾਰਥ ਅਤੇ ਵਰਤੇ ਜਾਂਦੇ ਪ੍ਰਿਫਿਊਮ ਅਲਕੋਹਲ ਅਗਰਵੱਤੀਆ ਪ੍ਰਦੂਸ਼ਣ ਮਛੱਰ ਮਾਰਨ ਵਾਲੇ ਪਦਾਰਥ ਆਦਿ ਨੁਕਸਾਨਦਾਇਕ ਹਨ। ਕਿਉਂਕਿ ਇਨਸਾਨ ਪਸ਼ੂ ਪੰਛੀਆਂ ਨੂੰ ਜੀਉਂਦੇ ਅਤੇ ਸਿਹਤਮੰਦ ਤਦਰੁੰਸਤ ਤਾਕਤਵਰ ਰਹਿਣ ਲਈ ਆਕਸੀਜਨ ਗੁਲੂਕੋਜ਼ ਸ਼ੁੱਧ ਪਾਣੀ ਹਵਾਵਾਂ ਵਾਤਾਵਰਨ ਅਤੇ ਸ਼ਾਂਤ ਪ੍ਰੇਮ ਹਮਦਰਦੀ ਨਿਮਰਤਾ ਸ਼ਹਿਣਸ਼ੀਲਤਾ ਅਨੁਸ਼ਾਸਨ ਵਾਲੇ ਮਾਹੋਲ ਚਾਹੀਦੇ ਹਨ। ਸ਼੍ਰੀ ਕਾਕਾ ਰਾਮ ਵਰਮਾ ਨੇ ਦੱਸਿਆ ਕਿ ਆਕਸੀਜਨ ਦੀ ਕਮੀਂ ਕਰਕੇ ਦਮੇ ਅਤੇ ਦਿਲ ਦੇ ਦੌਰੇ ਅਤੇ ਦਿਮਾਗ ਨੂੰ ਆਕਸੀਜਨ ਗੁਲੂਕੋਜ਼ ਦੀ ਕਮੀਂ ਕਰਕੇ ਭਾਰੀ ਨੁਕਸਾਨ ਹੋ ਰਹੇ ਹਨ। ਉਨ੍ਹਾਂ ਨੇ ਸਰੀਰ ਅੰਦਰ ਆਕਸੀਜਨ ਵਧਾਉਣ ਅਤੇ ਦਿਲ ਦੇ ਦੌਰੇ ਅਨਜਾਇਨਾ ਸਮੇਂ ਫ਼ਸਟ ਏਡ ਸੀ ਪੀ ਆਰ ਬਾਰੇ ਜਾਣਕਾਰੀ ਦਿੱਤੀ। ਪਰਮਿੰਦਰ ਕੌਰ ਮਨਚੰਦਾ ਡਾਇਰੈਕਟਰ ਸਾਕੇਤ ਹਸਪਤਾਲ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਪਟਿਆਲਾ ਅਤੇ ਪੰਜਾਬ ਰੈੱਡ ਕਰਾਸ ਸੁਸਾਇਟੀ ਦੇ ਸਕੱਤਰ ਸ਼੍ਰੀ ਸ਼ਿਵ ਦੁਲਾਰ ਸਿੰਘ ਢਿੱਲੋਂ ਸੀਨੀਅਰ ਆਈ ਏ ਐਸ, ਸਿਵਲ ਸਰਜਨ ਦੀ ਅਗਵਾਈ ਹੇਠ ਨਸ਼ੇ ਕਰਦੇ ਨੌਜਵਾਨਾਂ ਨੂੰ ਇਨਡੋਰ ਆਉਟਡੋਰ ਕਾਉਂਸਲਿੰਗ ਇਲਾਜ ਅਤੇ ਸਿਹਤ ਸੰਭਾਲ ਗਤੀਵਿਧੀਆਂ ਖੇਡਾਂ ਅਤੇ ਵਿਦਵਾਨਾਂ ਦੇ ਲੈਕਚਰਾਂ ਰਾਹੀਂ ਜਾਗਰੂਕ ਕੀਤਾ ਜਾਂਦਾ ਹੈ। ਇਸ ਮੌਕੇ ਬਡੂੰਗਰ ਇਲਾਕੇ ਦੇ ਨੋਜਵਾਨਾਂ ਰਾਹੀਂ ਜਾਗਰੂਕਤਾ ਰੈਲੀ ਵੀ ਕੱਢੀ ਗਈ। ਇਸ ਮੌਕੇ ਪਰਵਿੰਦਰ ਕੌਰ ਵਰਮਾ, ਰਣਜੀਤ ਕੌਰ, ਅੰਮ੍ਰਿਤ ਪਾਲ, ਜਸਪ੍ਰੀਤ ਸਿੰਘ ਨੇ ਆਏ ਵਿਦਵਾਨਾਂ ਦਾ ਧੰਨਵਾਦ ਕੀਤਾ।

# ਭਾਜਪਾ ਵਿਚ ਸ਼ਾਮਲ ਹੋਈ ਬੀਬੀ ਪਰਨੀਤ ਕੌਰ



**ਪਟਿਆਲਾ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਲੋਕ ਸਭਾ ਹਲਕੇ ਤੋਂ ਕਾਂਗਰਸ ਦੀ ਸੰਸਦ ਮੈਂਬਰ ਅਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਪਰਨੀਤ ਕੌਰ ਭਾਜਪਾ ਵਿਚ ਸ਼ਾਮਲ ਹੋ ਗਏ ਹਨ ਹਨ। ਉਨ੍ਹਾਂ ਦੇ ਭਾਜਪਾ 'ਚ ਸ਼ਾਮਲ ਹੋਣ ਦੇ ਲੰਮੇ ਸਮੇਂ ਤੋਂ ਕਿਆਸ ਲੱਗ ਰਹੇ ਸਨ। ਕੈਪਟਨ ਅਮਰਿੰਦਰ ਸਿੰਘ ਆਪਣੇ ਪੁੱਤਰ ਰਣਇੰਦਰ ਸਿੰਘ ਅਤੇ ਧੀ ਜੈ ਇੰਦਰ ਕੌਰ ਦੇ ਨਾਲ ਸਤੰਬਰ 2022 ਵਿਚ ਭਾਜਪਾ ਵਿਚ ਸ਼ਾਮਲ ਹੋਏ ਸਨ ਜਦਕਿ ਪਰਨੀਤ ਕੌਰ ਜੋ 1999 (13ਵੀਂ ਲੋਕ ਸਭਾ ਚੋਣ) ਤੋਂ ਲੋਕ ਸਭਾ ਵਿਚ ਪਟਿਆਲਾ ਦੀ ਨੁਮਾਇੰਦਗੀ ਕਰ ਰਹੇ ਹਨ, ਨੂੰ ਭਾਜਪਾ ਵਲੋਂ ਦੁਬਾਰਾ ਇਸੇ ਸੀਟ ਤੋਂ ਮੈਦਾਨ ਵਿਚ ਉਤਾਰਿਆ ਜਾ ਸਕਦਾ ਹੈ।

# ਜੈ ਮਿਲਾਪ ਐਸੋਸੀਏਸ਼ਨ ਦਾ ਵਫਦ ਮੈਂਬਰ ਪਾਰਲੀਮੈਂਟ ਸੋਮ ਪ੍ਰਕਾਸ਼ ਨੂੰ ਮੰਗ ਪੱਤਰ ਸੌਂਪਿਆ

**ਕਪੂਰਥਲਾ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਜੈ ਮਿਲਾਪ ਐਸੋਸੀਏਸ਼ਨ ਦਾ ਵਫਦ ਅੱਜ ਪੰਜਾਬ ਬੀਜੇਪੀ ਮੈਨੀਫੈਸਟੋ ਕਮੇਟੀ ਦੇ ਚੇਅਰਮੈਨ ਅਤੇ ਮੈਂਬਰ ਪਾਰਲੀਮੈਂਟ ਸ੍ਰੀ ਸੋਮ ਪ੍ਰਕਾਸ਼ ਨੂੰ ਉਹਨਾਂ ਦੇ ਨਿਵਾਸ ਸਥਾਨ ਫਗਵਾੜਾ ਵਿਖੇ ਮਿਲਿਆ ਅਤੇ ਆਪਣੀਆਂ ਮੰਗਾਂ ਸਬੰਧੀ ਇੱਕ ਮੰਗ ਪੱਤਰ ਉਹਨਾਂ ਨੂੰ ਸੌਂਪਿਆ ਗਿਆ ਮੰਗ ਮੰਗ ਪੱਤਰ ਵਿੱਚ ਕਲੀਨੀਕਲ ਇਸਟੈਬਲਿਸ਼ਮੈਂਟ ਐਕਟ ਅਤੇ ਅਲਾਈਡ ਹੈਲਥ ਪ੍ਰੋਫੈਸ਼ਨਲ ਕੌਂਸਲ 18♦ ਵਿੱਚ ਅਮੈਂਡਮੈਂਟ ਕਰਨ ਸਬੰਧੀ ਜ਼ਿਕਰ ਕੀਤਾ ਗਿਆ। ਇਸ ਮੌਕੇ ਸਟੇਟ ਕੈਸ਼ੀਅਰ ਸਰਦਾਰ ਸੁਰਜੀਤ ਸਿੰਘ ਚੰਦੀ, ਜ਼ਿਲਾ ਕਪੂਰਥਲਾ ਦੇ ਜਿਲਾ ਪ੍ਰਧਾਨ ਅਮਨਜੋਤ ਸਿੰਘ ਵਾਲੀਆ, ਜਿਲਾ ਕਪੂਰਥਲਾ ਦੇ ਜਨਰਲ ਸੈਕਰੇਟਰੀ ਮਨੀਸ਼ ਕਾਲੀਆ ਅਤੇ ਜ਼ਿਲਾ ਜਲੰਧਰ ਦੇ ਪ੍ਰਧਾਨ ਸ਼੍ਰੀ ਸੋਨੂ ਰਤਨ ਜੀ ਮੌਜੂਦ ਸਨ

# ਸਰਕਾਰੀ ਆਈ.ਟੀ.ਆਈਜ਼ ਠੇਕਾ ਮੁਲਾਜਮ ਜੁਆਇੰਟ ਐਕਸ਼ਨ ਕਮੇਟੀ ਵੱਲੋਂ ਮੁੱਖ ਮੰਤਰੀ ਦੇ ਵਿਧਾਨ ਸਭਾ ਹਲਕੇ ਧੂਰੀ ਵਿੱਚ ਧਰਨਾ



**ਨਾਭਾ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੀਆਂ ਸਰਕਾਰੀ ਆਈ.ਟੀ.ਆਈਜ ਵਿੱਚ ਪਿਛਲੇ ਲੰਬੇ ਸਮੇਂ ਤੋਂ ਵੱਖ ਵੱਖ ਸਕੀਮਾਂ (ਪੀਪੀਪੀ ਸਕੀਮ, ਡੀ.ਐਸ.ਟੀ ਸਕੀਮ, ਵੈਲਫੇਅਰ ਸਕੀਮ, ਹਾਊਸਪਟੈਲਿਟੀ ਸਕੀਮ ਅਤੇ ਸੀ.ਟੀ.ਐਸੀ ਸਕੀਮ) ਅਧੀਨ ਸੇਵਾਵਾਂ ਨਿਭਾ ਰਹੇ ਕਰਾਫਟ ਇੰਸਟਕਰਟਰਜ ਨੇ ਇੱਕ ਮੰਚ ਹੇਠ ਇਕੱਠੇ ਹੋ ਕੇ ਮੁੱਖ ਮੰਤਰੀ ਦੇ ਵਿਧਾਨ ਸਭਾ ਹਲਕੇ ਧੂਰੀ ਵਿੱਚ 24 ਮਾਰਚ 2024 ਨੂੰ ਵੱਡੇ ਧਰਨੇ ਦਾ ਐਲਾਨ ਕਰ ਦਿੱਤਾ ਹੈ। ਇਹਨਾਂ ਸ਼ਬਦਾ ਦਾ ਪ੍ਰਗਟਾਵ ਕਮੇਟੀ ਮੈਂਬਰ ਅੰਮ੍ਰਿਤਪਾਲ ਸਿੰਘ, ਗੁਰਪ੍ਰੀਤ ਸਿੰਘ,ਅਮਰੀਕ ਸਿੰਘ ਨੇ ਕੀਤਾ।ਉਹਨਾਂ ਕਿਹਾ ਕਿ ਅਸੀਂ ਪੰਜਾਬ ਦੀਆਂ ਸਰਕਾਰੀ ਆਈ.ਟੀ.ਆਈਜ਼ ਵਿੱਚ ਤਕਰੀਬਨ ਲੰਮੇ ਸਮੇਂ ਤੋਂ ਠੇਕੇ ਉੱਪਰ ਨਿਗੂਣੀਆਂ ਤਨਖਾਹਾਂ ਉੱਪਰ ਸੇਵਾਵਾਂ ਨਿਭਾ ਰਹੇ ਹਾਂ।ਹਰ ਸਾਲ ਅਸੀਂ ਤਕਰੀਬਨ 25000 ਨੌਜੁਵਾਨਾਂ ਨੂੰ ਕਿੱਤਾ ਮੁੱਖੀ ਟ੍ਰੇਨਿੰਗ ਦੇ ਕੇ ਸਵੈ ਰੋਜਗਾਰ ਦੇ ਕਾਬਿਲ ਅਤੇ ਸਕਿੱਲਡ ਕਾਮਾ ਬਣਾਂ ਰਹੇ ਹਾਂ।ਸਾਡੇ ਇਸ ਯੋਗਦਾਨ ਨਾਲ ਪੰਜਾਬ ਦੀ ਨੌਜੁਆਨੀਂ ਨੂੰ ਨਸ਼ਿਆਂ ਤੋਂ ਦੂਰ ਕੀਤਾ ਜਾ ਰਿਹਾ ਹੈ ਅਤੇ ਬੇਰੁਜਗਾਰੀ ਨੂੰ ਦੂਰ ਕੀਤਾ ਜਾ ਰਿਹਾ ਹੈ ਪ੍ਰੰਤੂ ਸਾਡਾ ਆਪਣਾ ਭਵਿੱਖ ਅੱਜ ਵੀ ਧੁੰਦਲਾ ਹੈ।ਅਸੀਂ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਵਿੱਚ ਆਪਣਾ ਅਹਿਮ ਯੋਗਦਾਨ ਪਾਇਆ ਸੀ ਸਾਨੂੰ ਉਮੀਦ ਸੀ ਕਿ ਇਹ ਸਰਕਾਰ ਸਾਡੀਆਂ ਸੇਵਾਵਾਂ ਨੂੰ ਰੈਗੂਲਰ ਕਰੇਗੀ ਪ੍ਰੰਤੂ ਇਸ ਸਰਕਾਰ ਨੇ ਅੱਜ ਤੱਕ ਸਾਡੀ ਗੱਲ ਤੱਕ ਨਹੀਂ ਸੁਣੀ ਜੋ ਕਿ ਹੁਣ ਜਾਪਦਾ ਹੈ ਕਿ ਇਹ ਸਰਕਾਰ ਵੀ ਪਹਿਲੀਆਂ ਸਰਕਾਰਾਂ ਵਾਂਗ ਹੀ ਲਾਰੇਬਾਜੀ ਕਰਨ ਆਈ ਹੈ।ਅਸੀਂ ਪਿਛਲੇ 2 ਸਾਲਾਂ ਵਿੱਚ ਮੁੱਖ ਮੰਤਰੀ ਨਿਵਾਸ ਚੰਡੀਗੜ੍ਹ ਦੇ ਲੱਗਭੱਗ 50 ਚੱਕਰ ਮਾਰ ਚੁੱਕੇ ਹਾਂ ਪ੍ਰੰਤੂ ਆਮ ਲੋਕਾਂ ਦੇ ਮੁੱਖ ਮੰਤਰੀ ਸਾਹਿਬ ਸਾਨੂੰ ਇੱਕ ਦਿਨ ਵੀ ਨਹੀਂ ਮਿਲੇ ਇੱਥੋਂ ਤੱਕ ਸਾਡੇ ਵਿਭਾਗ ਦੇ ਮੰਤਰੀ ਸ੍ਰੀ ਹਰਜੋਤ ਸਿੰਘ ਬੈਂਸ ਵੱਲੋਂ ਵੀ ਹਮੇਸ਼ਾਂ ਸਾਡੀ ਗੱਲ ਨੂੰ ਨਿਕਾਰਿਆ ਗਿਆ ਹੈ ਕਦੇ ਵੀ ਸਾਡੀ ਗੱਲ ਉੱਪਰ ਗੌਰ ਨਹੀਂ ਕੀਤੀ ਗਈ। ਇੱਕ ਪਾਸੇ ਪੰਜਾਬ ਦੇ ਮੁੱਖ ਮੰਤਰੀ ਸਾਹਿਬ ਕਹਿ ਰਹੇ ਹਨ ਕਿ ਤਕਨੀਕੀ ਸਿੱਖਿਆ ਬੇਜੁਗਾਰੀ ਦੂਰ ਕਰਨ ਦਾ ਸਭ ਤੋਂ ਵੱਧੀਆਂ ਅਤੇ ਵੱਡਾ ਤਰੀਕਾਂ ਹੈ ਪ੍ਰੰਤੂ ਉਸੇ ਤਕਨੀਕੀ ਸਿੱਖਿਆ ਵਿੱਚ ਪਿਛਲੇ ਲੰਬੇ ਸਮੇਂ ਤੋਂ ਟ੍ਰੇਨਿੰਗ ਦੇ ਰਹੇ ਠੇਕਾ ਇੰਸਟਰਕਟਰਜ ਆਪਣੇ ਭਵਿੱਖ ਲਈ ਦਰ ਦਰ ਭਟਕਦੇ ਫਿਰ ਰਹੇ ਹਨ।ਜਿਸ ਕਾਰਨ ਸਾਡੇ ਮੁਲਾਜਮਾਂ ਵਿੱਚ ਭਾਰੀ ਨਿਰਾਸ਼ਤਾ ਹੈ ਜਿਸ ਕਾਰਨ ਪੰਜਾਬ ਦੀਆਂ ਆਈ.ਟੀ.ਆਈਜ਼ ਵਿੱਚ ਵੱਖ ਵੱਖ ਸਕੀਮਾਂ ਵਿੱਚ ਸੇਵਾਵਾਂ ਨਿਭਾ ਰਹੇ ਕਰਾਫਟ ਇੰਸਟਰਕਟਰਜ ਵੱਲੋਂ ਇੱਕ ਮੰਚ ਉੱਪਰ ਇਕੱਠੇ ਹੋ ਕੇ ਫੈਸਲਾ ਕੀਤਾ ਹੈ ਕਿ ਹੁਣ ਪੰਜਾਬ ਸਰਕਾਰ ਨਾਲ ਆਰ ਪਾਰ ਦੀ ਲੜ੍ਹਾਈ ਲੜਨਗੇ ਅਤੇ ਇਸਦੀ ਸ਼ੁਰੂਆਤ ਮੁੱਖ ਮੰਤਰੀ ਪੰਜਾਬ ਦੇ ਵਿਧਾਨ ਸਭਾ ਹਲਕੇ ਧੂਰੀ ਤੋਂ ਮਿਤੀ 24 ਮਾਰਚ ਨੂੰ ਧਰਨਾ ਦੇ ਕੇ ਸ਼ੁਰੂਆਤ ਕਰਨਗੇ ਅਤੇ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਨੂੰ ਹੋਰ ਤਿੱਖਾ ਕਰਦੇ ਹੋਏ ਮੰਤਰੀ ਤਕਨੀਕੀ ਸਿੱਖਿਆ, ਸਮੂਹ ਕੈਬਨਿਟ ਮੰਤਰੀ ਪੰਜਾਬ ਦੇ ਹਲਕਿਆਂ ਵਿੱਚ ਧਰਨੇ ਦਿੱਤੇ ਜਾਣਕੇ ਅਤੇ ਪੰਜਾਬ ਸਰਕਾਰ ਦੀਆਂ ਮੁਲਾਜਮ ਮਾਰੂ ਨੀਤੀਆਂ ਦਾ ਘਰ ਘਰ ਜਾ ਕੇ ਲੋਕਾਂ ਨੂੰ ਚਾਨਣਾਂ ਪਾਇਆ ਜਾਵੇਗਾ।ਇਸ ਧਰਨੇ ਵਿੱਚ ਹੋਣ ਵਾਲੇ ਜਾਲੀ ਮਾਲੀ ਨੁਕਸਾਨ ਦੀ ਜਿਮੇਵਾਰ ਪੰਜਾਬ ਸਰਕਾਰ ਹੋਵੇਗੀ।

ਅੰਤ ਵਿੱਚ ਉਹਨਾਂ ਪੰਜਾਬ ਸਰਕਾਰ ਨੂੰ ਬੇਨਤੀ ਕੀਤੀ ਕਿ ਉਹਨਾਂ ਦੀਆਂ ਮੰਗਾਂ (ਰੈਗੂਲਰ/ਸੇਵਾ ਸੁਰੱਖਿਆ ਦੇਣੀ, ਬੇਸਿਕ ਤਨਖਾਹ ਲਾਗੂ ਕਰਨੀ, ਛੁੱਟੀਆਂ ਦਾ ਅਧਿਕਾਰ ਦੇਣਾ ਅਤੇ ਬਦਲੀ ਦਾ ਆਪਸ਼ਨ ਦੇਣਾ) ਨੂੰ ਤੁਰੰਤ ਮੰਨਿਆ ਜਾਵੇ ਅਤੇ ਜੱਥੇਬੰਦੀ ਦੇ ਡੈਲੀਗੇਟ ਨੂੰ ਗੱਲਬਾਤ ਲਈ ਸੱਦਾ ਦਿੱਤਾ ਜਾਵੇ।

# ਸੁੱਖੀ ਜਿੰਮ 6 ਮਹੀਨੇ ਬਾਅਦ ਜੇਲ੍ਹ ਤੋਂ ਰਿਹਾਅ, ਪਰਚਾ ਹੋਇਆ ਰੱਦ



**ਸੁਨਾਮ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਵਾਰਡ ਨੰਬਰ 14 ਦੇ ਕੌਂਸਲਰ ਸੁੱਖੀ ਜਿੰਮ ਅੱਜ ਸੰਗਰੂਰ ਜੇਲ੍ਹ ਤੋਂ ਰਿਹਾਅ ਹੋ ਕੇ ਆਪਣੇ ਘਰ ਪਹੁੰਚੇ। ਇਸ ਮੌਕੇ ਵਾਰਡ ਨਿਵਾਸੀਆਂ ਵੱਲੋਂ ਸੁੱਖੀ ਦਾ ਹਾਰ ਤੇ ਫੁੱਲਾਂ ਦੀ ਵਰਖਾ ਕਰਕੇ ਜੋਰਦਾਰ ਸਵਾਗਤ ਕੀਤਾ ਗਿਆ। ਸੁੱਖੀ ਨੂੰ ਮਿਲਣ ਸਮੇਂ ਬਹੁਤ ਸਾਰੀਆਂ ਔਰਤਾਂ ਭਾਵਕ ਹੁੰਦੀਆਂ ਦੇਖੀਆਂ ਗਈਆਂ। ਵਾਰਡ ਨਿਵਾਸੀਆਂ ਦਾ ਕਹਿਣਾ ਸੀ ਕਿ ਸੁੱਖੀ ਨੂੰ ਝੂਠਾ ਪਰਚਾ ਦਰਜ ਕਰਕੇ ਫਸਾਇਆ ਗਿਆ ਜੋ ਵਾਰਡ ਨਿਵਾਸੀਆਂ ਦੀ ਤਨੋ ਮਨੋ ਧਨੋ ਸੇਵਾ ਕਰਦਾ ਸੀ ਸਾਡੇ ਦੁੱਖ ਸੁੱਖ ਵਿੱਚ ਹਰ ਤਰ੍ਹਾਂ ਦੀ ਮੱਦਦ ਕਰਦਾ ਸੀ ਕਿਸੇ ਧੀ ਭੈਣ ਵੱਲ ਕਦੇ ਵੀ ਅੱਖ ਚੁੱਕ ਕੇ ਨਹੀਂ ਦੇਖੀ ਵਾਰਡ ਨਿਵਾਸੀਆਂ ਨੇ ਕਿਹਾ ਕਿ ਦਿਨ ਰਾਤ ਵਾਰਡ ਨਿਵਾਸੀਆਂ ਦੀ ਸੇਵਾ ਲਈ ਹਾਜ਼ਰ ਰਹਿੰਦਾ ਸੀ, ਝੂਠਾ ਇਲਜ਼ਾਮ ਲਾ ਕੇ ਸੁੱਖੀ ਦੀ ਕਿਰਦਾਰ ਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਗਈ । ਹਾਈਕੋਰਟ ਵੱਲੋਂ ਪਰਚਾ ਰੱਦ ਕਰਕੇ ਸੁੱਖੀ ਨੂੰ ਰਿਹਾ ਕੀਤਾ ਗਿਆ ਅਤੇ ਸੱਚਾਈ ਦੀ ਜਿੱਤ ਹੋਈ ਹੈ। ਇਸ ਮੌਕੇ ਸੁੱਖੀ ਨੇ ਗੱਲਬਾਤ ਕਰਦਿਆਂ ਕਿਹਾ ਕਿ ਮੈਂ ਆਪਣੇ ਵਾਰਡ ਅਤੇ ਸ਼ਹਿਰ ਦੇ ਮਸਲੇ ਚੁੱਕਦਾ ਸੀ ਜਿਸ ਕਰਕੇ ਮੇਰੇ ਤੇ ਨਜਾਇਜ਼ ਪਰਚਾ ਪਾਇਆ ਗਿਆ ਸੀ ਮੇਰੇ ਵਾਰਡ ਵਿੱਚੋਂ ਮੇਰੇ ਕਿਰਦਾਰ ਬਾਰੇ ਪੁੱਛਿਆ ਜਾ ਸਕਦਾ ਹੈ। ਸੁੱਖੀ ਨੇ ਕਿਹਾ ਕਿ ਸਰਕਾਰਾਂ ਧੱਕਾ ਕਰਦੀਆਂ ਹੁੰਦੀਆਂ ਹਨ ਪਰ ਮੇਰੇ ਤੇ ਕੋਈ ਹੋਰ ਪਰਚਾ ਪਾ ਦਿੰਦੇ ਪਰ ਮੇਰੀ ਕਿਰਦਾਰ ਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਗਈ ਮੈਨੂੰ ਪਰਮਾਤਮਾ ਅਤੇ ਕਾਨੂੰਨ ਤੇ ਪੂਰਾ ਭਰੋਸਾ ਸੀ ਕਿ ਮੈਨੂੰ ਇਨਸਾਫ ਜਰੂਰ ਮਿਲੇਗਾ ।ਸੋ ਅੱਜ ਪਰਮਾਤਮਾ ਅਤੇ ਕਾਨੂੰਨ ਦੇ ਇਨਸਾਫ ਨੇ ਮੈਨੂੰ ਆਪਣੇ ਪਰਿਵਾਰ ਨਾਲ ਮਿਲਾਇਆ ਹੈ। ਸੁੱਖੀ ਨੇ ਸਾਰੇ ਦੋਸਤਾਂ ਮਿੱਤਰਾਂ ਅਤੇ ਵਾਰਡ ਨਿਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਜਿਨਾਂ ਦੀਆਂ ਦੁਆਵਾਂ ਸਦਕਾ ਮੇਰੇ ਤੇ ਲੱਗਿਆ ਇਲਜਾਮ ਅਤੇ ਪਰਚਾ ਰੱਦ ਹੋਇਆ ਹੈ ਇਸ ਮੌਕੇ ਵੱਡੀ ਗਿਣਤੀ ਵਿੱਚ ਵਾਰਡ ਨਿਵਾਸੀ ਔਰਤਾਂ ਅਤੇ ਮਰਦ ਹਾਜ਼ਰ ਸਨ।

ਨਵੇਂ ਲੇਖਕਾਂ ਨੂੰ ਨਜ਼ਰ ਵਿਚ ਰੱਖਦੇ ਹੋਏ ਅਸੀਂ ਇਹ ਕਾਲਮ 'ਸੋਨ ਸੁਨਹਿਰੀ ਕਲਮਾਂ' ਸ਼ੁਰੂ ਕੀਤਾ ਹੈ। ਇਸ ਵਿਚ ਲੇਖਕ ਦੇ ਜੀਵਨ ਦੀ ਸੰਖੇਪ ਜਾਣਕਾਰੀ ਦੇ ਨਾਲ ਉਸ ਦੀਆਂ ਰਚਨਾਵਾਂ ਵੀ ਪਾਠਕਾਂ ਦੇ ਰੂਬਰੂ ਕੀਤੀਆਂ ਜਾਂਦੀਆਂ ਹਨ।

## ਸੋਨ ਸੁਨਹਿਰੀ ਕਲਮਾਂ

# ਰਿਸ਼ਤਿਆਂ ਦੀ ਬਾਤ ਪਾਉਂਦੀ ਸ਼ਾਇਰਾ


ਅਰਵਿੰਦਰ ਸੰਧੂ

ਅਰਵਿੰਦਰ ਸੰਧੂ ਪੰਜਾਬੀ ਦੀ ਉਭਰਦੀ ਸ਼ਾਇਰਾ ਹੈ। ਉਹ ਬਹੁਤ ਹੀ ਸਾਦਗੀ ਪਸੰਦ ਅਤੇ ਮਿਲਾਪੜੇ ਸੁਭਾਅ ਦੀ ਮਾਲਿਕ ਹੈ। ਉਸ ਦਾ ਜਨਮ ਜ਼ਿਲ੍ਹਾ ਗੰਗਾਨਗਰ, ਮਾਤਾ ਕੁਲਵੰਤ ਕੌਰ ਤੇ ਪਿਤਾ ਸਰਦਾਰ ਗੁਰਨਾਮ ਸਿੰਘ ਦੇ ਘਰ 1 ਨਵੰਬਰ ਨੂੰ ਹੋਇਆ। ਅੱਜ-ਕੱਲ੍ਹ ਅਰਵਿੰਦਰ ਭਾਵੇਂ ਜ਼ਿਲ੍ਹਾ ਸਿਰਸਾ ਹਰਿਆਣਾ ਵਿਖੇ ਰਹਿ ਰਹੀ ਹੈ ਪਰ ਪੰਜਾਬੀ ਮਾਂ ਬੋਲੀ ਨਾਲ ਉਸ ਨੂੰ ਅਥਾਹ ਪਿਆਰ ਹੈ। ਘਰ ਵਿਚ ਸਾਹਿਤਕ ਮਾਹੌਲ ਹੋਣ ਕਾਰਨ ਕਿਤਾਬਾਂ ਪੜ੍ਹਨ ਦੀ ਚੇਟਕ ਉਸ ਨੂੰ ਬਚਪਨ ਤੋਂ ਹੀ ਲੱਗ ਗਈ। ਅਰਵਿੰਦਰ ਨੇ ਕਾਲਜ ਦੀ ਪੜ੍ਹਾਈ ਦੇ ਨਾਲ-ਨਾਲ ਰੇਡੀਉ ਜੋਕੀ ਦਾ ਕੋਰਸ ਵੀ ਕੀਤਾ ਹੈ। ਅਰਵਿੰਦਰ ਜੂਡੋ ਦੀ ਨੈਸ਼ਨਲ ਲੈਵਲ ਦੀ ਖਿਡਾਰੀ ਵੀ ਰਹੀ। ਅੱਜ-ਕੱਲ੍ਹ ਉਹ ਅਦਾਰਾ ਪੰਜਾਬੀ ਇਨ ਹਾਲੈਂਡ ਅਤੇ ਰੇਡੀਉ ਸੱਚ ਦੀ ਗੂੰਜ ਵਿਚ ਕੰਮ ਕਰ ਰਹੀ ਹੈ।

ਅਰਵਿੰਦਰ ਨੇ ਲਿਖਣ ਦੀ ਸ਼ੁਰੂਆਤ 2015 ਵਿਚ ਕੀਤੀ। ਸ਼ੁਰੂਆਤ ਵਿਚ ਉਸ ਨੇ ਬਹੁਤ ਸਾਰੀਆਂ ਕਿਤਾਬਾਂ ਦੇ ਰੀਵਿਊ ਲਿਖੇ। ਉਸ ਤੋਂ ਬਾਅਦ ਮਿੰਨੀ ਕਹਾਣੀਆਂ ਅਤੇ ਕਵਿਤਾਵਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ। ਅਰਵਿੰਦਰ ਦੀਆਂ ਰਚਨਾਵਾਂ ਅਕਸਰ ਵੱਖ-ਵੱਖ ਅਖ਼ਬਾਰਾਂ ਅਤੇ ਮੈਗਜ਼ੀਨਾਂ ਦਾ ਸ਼ਿੰਗਾਰ ਬਣਦੀਆਂ ਰਹਿੰਦੀਆਂ ਹਨ। ਉਸ ਦੀਆਂ ਰਚਨਾਵਾਂ ਵਿਚ ਔਰਤ ਦੇ ਦਰਦ ਦੀ ਚੀਸ ਵੀ ਹੈ ਤੇ ਮਾਂ-ਧੀ ਦੇ ਰਿਸ਼ਤੇ ਵਿਚਲਾ ਨਿੱਘ ਵੀ ਹੈ। ਉਹ ਆਪਣੀਆਂ ਰਚਨਾਵਾਂ ਰਾਹੀਂ ਸਮਾਜਿਕ ਬੁਰਾਈਆਂ ਖਿਲਾਫ਼ ਵੀ ਆਵਾਜ਼ ਬੁਲੰਦ ਕਰਦੀ ਹੈ। ਪਰਮਾਤਮਾ ਅੱਗੇ ਇਹੀ ਦੁਆ ਹੈ ਕਿ ਅਰਵਿੰਦਰ ਦੀ ਕਲਮ ਇਸੇ ਤਰ੍ਹਾਂ ਪੰਜਾਬੀ ਮਾਂ-ਬੋਲੀ ਦੀ ਸੇਵਾ ਕਰਦੀ ਰਹੇ। ਆਉ ਅਰਵਿੰਦਰ ਸੰਧੂ ਦੀਆਂ ਰਚਨਾਵਾਂ ਦਾ ਅਨੰਦ ਮਾਣਦੇ ਹਾਂ ।

• ਜਸਪ੍ਰੀਤ ਕੌਰ ਸੰਘਾ
97818-92295

### ਕਵਿਤਾਵਾਂ



## ਪਰਦੇਸ

ਮੈਂ ਵਿਚ ਪਰਦੇਸ ਤੁਰ ਜਾਣਾ ਨੀ ਮਾਏ
ਮੈਨੂੰ ਚੇਤੇ ਆਉਣਾ ਬਾਬਲ ਦਾ ਵਿਹੜਾ ਨੀ ਮਾਏ
ਮੈਂ ਕਿਵੇਂ ਖਿੜ੍ਹ-ਖਿੜ੍ਹ ਹੱਸ ਦੀ ਸੀ ਨੀ ਮਾਏ
ਮੈਂ ਵਿਚ ਪਰਦੇਸ ਤੁਰ ਜਾਣਾ ਨੀ ਮਾਏ।

ਸਖੀਆਂ ਸਹੇਲੀਆਂ ਚੇਤੇ ਆਉਣ ਗਈਆਂ ਨੀ ਮਾਏ
ਜਿੰਨੇ ਤੂੰ ਲਾਡ ਲਾਡਏ ਚੇਤੇ ਆਉਣਗੇ ਨੀ ਮਾਏ
ਮੈਂ ਵਿਚ ਪਰਦੇਸ ਤੁਰ ਜਾਣਾ ਨੀ ਮਾਏ।

ਅੱਜ ਆ ਗਈ ਸਾਹੇ ਚਿੱਠੀ ਮੇਰੀ ਨੀ ਮਾਏ
ਦਿਨ ਸ਼ਗਨਾਂ ਦੇ ਨੇੜੇ ਆ ਗਏ ਨੀ ਮਾਏ
ਮੈਂ ਵਿਚ ਪਰਦੇਸ ਤੁਰ ਜਾਣਾ ਨੀ ਮਾਏ।

ਬਾਬਲ ਰੋਵੇਗਾ ਚੋਰੀ ਚੋਰੀ ਨੀ ਮਾਏ
ਵੀਰੇ ਵੀ ਹੋਣਗੇ ਉਦਾਸ ਨੀ ਮਾਏ
ਮੈਂ ਵਿਚ ਪਰਦੇਸ ਤੁਰ ਜਾਣਾ ਨੀ ਮਾਏ।

## ਚਿਹਰੇ ਦੀ ਰੌਣਕ

ਮੇਰੇ ਚਿਹਰੇ ਦੀ ਰੌਣਕ ਪੜ੍ਹ ਲੈਂਦੀ ਹੈ ਮਾਂ
ਏਸੇ ਲਈ ਝੂਠ ਨਹੀਂ ਬੋਲਿਆ ਜਾਂਦਾ
ਮੇਰੇ ਹਾਸਿਆਂ 'ਚ ਹੱਸਦੀ ਹੈ ਮਾਂ।
ਝੂਠ ਨਹੀਂ ਬੋਲਿਆ ਜਾਂਦਾ ਉਸ ਮੂਹਰੇ
ਮੇਰੇ ਸਾਹਾਂ 'ਚ ਸਾਹ ਲੈਂਦੀ ਹੈ ਮਾਂ
ਮੇਰੇ ਦਿਲ ਦੀਆਂ ਜਾਣਦੀ ਹੈ ਮਾਂ
ਝੂਠ ਨਹੀਂ ਬੋਲਿਆ ਜਾਂਦਾ ਉਸ ਮੂਹਰੇ।

ਸਾਡਾ ਪਤਾ ਹੈ-
ਸੰਪਾਦਕ, ਪੰਜਾਬੀ ਜਾਗਰਣ, ਸੀ-120, ਫੋਕਲ ਪੁਆਇੰਟ ਐਕਸਟੈਸ਼ਨ, ਇੰਡਸਟਰੀਅਲ ਏਰੀਆ, ਜਲੰਧਰ।
editormail@punjabi.jagran.com




# ਯਾਦਾਂ 'ਚੋਂ ਉਭਰਦੇ ਚਿਹਰੇ

ਹਰਜੀਤ ਸਿੰਘ ਸਿੱਧੂ

ਮੈਨੂੰ ਸ਼ਹਿਰ ਆ ਕੇ ਰਹਿੰਦੇ ਨੂੰ ਪੰਜ ਦਹਾਕੇ ਤੋਂ ਵੱਧ ਸਮਾਂ ਹੋ ਗਿਆ ਹੈ। ਹੁਣ ਜਦੋਂ ਕਦੇ ਵੀ ਆਪਣੇ ਪਿੰਡ, ਉੱਥੇ ਦੀ ਆਪਸੀ ਸਾਂਝ ਅਤੇ ਆਪਣੀ ਬੀਹੀ ਦੇ ਲੋਕਾਂ ਨਾਲ ਆਪਣੇਪਣ ਦਾ ਅਹਿਸਾਸ ਚੇਤੇ ਆਉਂਦਾ ਹੈ ਤਾਂ ਮੇਰਾ ਮਨ ਬਵੰਜਾ ਸਾਲ ਪਿੱਛੇ ਜਾ ਪਹੁੰਚਦਾ ਹੈ। ਸਾਡੀ ਬੀਹੀ ਵਿਚ ਪੰਜ ਘਰ ਸਾਡੇ ਆਪਸੀ ਰਿਸ਼ਤੇਦਾਰਾਂ ਦੇ ਸਨ। ਸਾਰੇ ਘਰਾਂ ਦੀਆਂ ਛੱਤਾਂ ਇਕ ਦੂਜੀ ਨਾਲ ਇਸ ਤਰ੍ਹਾਂ ਜੁੜੀਆਂ ਹੋਈਆਂ ਸਨ ਕਿ ਇਕ ਛੱਤ ਤੋਂ ਕਿਸੇ ਵੀ ਘਰ ਦੀ ਛੱਤ 'ਤੇ ਆਸਾਨੀ ਨਾਲ ਪਹੁੰਚਿਆ ਜਾ ਸਕਦਾ ਸੀ। ਸਾਡੇ ਘਰ ਦੇ ਬਿਲਕੁਲ ਸਾਹਮਣੇ ਵਾਲਾ ਘਰ ਨਿੱਕੀ ਬੇਬੇ ਦਾ ਸੀ। ਇਸ ਘਰ ਦੇ ਦਰਵਾਜ਼ੇ ਉੱਪਰ ਲੱਕੜੀ ਦੇ ਬਾਲਿਆਂ ਦੇ ਬਣੇ ਛੱਤੜੇ ਰਾਹੀਂ ਸਾਡੀ ਛੱਤ 'ਤੇ ਦਾਖ਼ਲ ਹੋ ਕੇ ਬਾਕੀ ਘਰਾਂ ਤਕ ਅਤੇ ਉੱਥੋਂ ਵਾਪਸ ਨਿੱਕੀ ਬੇਬੇ ਦੇ ਘਰ ਤਕ ਆਸਾਨੀ ਨਾਲ ਆਇਆ ਜਾਇਆ ਜਾ ਸਕਦਾ ਸੀ। ਕਿਸੇ ਕਿਸਮ ਦੀ ਕੋਈ ਰੋਕ-ਟੋਕ ਨਹੀਂ ਸੀ। ਪਿੰਡ ਵਿਚਲੀ ਮੇਰੀ ਬਾਰਾਂ- ਤੇਰਾਂ ਸਾਲਾਂ ਦੀ ਜ਼ਿੰਦਗੀ ਨਾਲ ਸਬੰਧਤ, ਯਾਦਾਂ ਦੀ ਫਿਰਕੀ ਜਦੋਂ ਪਿੱਛੇ ਵੱਲ ਘੁੰਮਦੀ ਹੈ ਤਾਂ ਹੋਰਾਂ ਦੇ ਨਾਲ- ਨਾਲ ਨਿੱਕੀ ਬੇਬੇ ਵੀ ਪਰਛਾਵੇਂ ਵਾਂਗ ਆ ਖੜ੍ਹਦੀ ਹੈ।

ਮੇਰੇ ਮਾਂ ਬਾਪ, ਦਾਦਾ-ਦਾਦੀ, ਤਾਏ-ਚਾਚੇ, ਤਾਈਆਂ ਚਾਚੀਆਂ, ਆਂਢੀ-ਗੁਆਂਢੀ ਅਤੇ ਅਸੀਂ ਸਾਰੇ ਵੱਡੇ ਛੋਟੇ ਉਸ ਨੂੰ ਨਿੱਕੀ ਬੇਬੇ ਕਹਿਕੇ ਬੁਲਾਉਂਦੇ ਸੀ ਅਤੇ ਉਹ ਬਿਨਾਂ ਦੰਦਾਂ ਵਾਲੇ ਆਪਣੇ ਮੂੰਹ 'ਤੇ ਸਦੀਵੀ ਮੁਸਕਾਨ ਲਈ ਸਾਰਿਆਂ ਨਾਲ ਖਿੜੇ ਮੱਥੇ ਬੋਲਦੀ ਸੀ। ਨਿੱਕੀ ਬੇਬੇ ਦੀ ਵੱਡੀ ਕੁੜੀ ਵਿਆਹੀ ਹੋਈ ਸੀ ਅਤੇ ਆਪਣੀ ਛੋਟੀ ਕੁੜੀ ਨਾਲ ਬੇਬੇ ਆਪਣੇ ਪੰਜ ਕੁ ਖਾਣੇ ਦੇ, ਜਿਸ ਕੱਚੇ ਘਰ ਵਿਚ ਰਹਿੰਦੀ ਸੀ ਉਸ ਉੱਪਰ ਦੋ ਖਾਣੇ ਦਾ ਚੁਬਾਰਾ ਵੀ ਬਣਿਆ ਹੋਇਆ ਸੀ। ਉਸ ਦੇ ਪਤੀ ਦੀ ਕਾਫ਼ੀ ਸਮਾਂ ਪਹਿਲਾਂ ਮੌਤ ਹੋ ਚੁੱਕੀ ਸੀ। ਕਿਸੇ ਹੋਰ ਪਿੰਡ ਵਿਚਲੀ ਜ਼ਮੀਨ ਤੋਂ ਮਾਮਲੇ ਦਾ ਜੋ ਥੋੜ੍ਹਾ-ਬਹੁਤਾ ਪੈਸਾ ਉਸ ਨੂੰ ਆਉਂਦਾ ਸੀ, ਉਸ ਨਾਲ ਉਹ ਆਪਣੀਆਂ ਲੋੜਾਂ ਪੂਰੀਆਂ ਕਰ ਲੈਂਦੀ। ਉਹ ਆਪਣੀ ਬੇਟੀ ਨਾਲ ਮਿਲ ਕੇ ਲੋਕਾਂ ਦਾ ਸੂਤ ਕੱਤਦੀ ਅਤੇ ਪਿੰਡ ਦੀਆਂ ਦੂਜੀਆਂ ਕੁੜੀਆਂ ਦੇ ਦਾਜ ਲਈ ਚਾਦਰਾਂ ਦੀ ਕਢਾਈ ਅਤੇ ਦਰੀਆਂ ਖੇਸ ਬੁਣਨ ਦੇ ਕੰਮ ਵਿਚ ਆਪਣੀ ਕੁੜੀ ਦੀ ਮਦਦ ਕਰਾਉਂਦੀ। ਇਸ ਬਦਲੇ ਮਿਲਦੇ ਪੈਸਿਆਂ ਨਾਲ ਉਹ ਘਰ ਅਤੇ ਰਸੋਈ ਦਾ ਖ਼ਰਚਾ ਪੂਰਾ ਕਰਦੀ ਸੀ।

ਦੁੱਧ ਦੀ ਲੋੜ ਪੂਰੀ ਕਰਨ ਲਈ ਉਸ ਨੇ ਆਪਣੇ ਘਰ ਵਿਚ ਇਕ ਬੱਕਰੀ ਰੱਖੀ ਹੋਈ ਸੀ। ਮੇਰੀ ਨਜ਼ਰ ਵਿਚ ਇਕ ਬੱਕਰੀ ਹੀ ਉਸ ਦੀ ਇੱਕੋ ਇਕ ਜਾਇਦਾਦ ਸੀ। ਉਸ ਸਮੇਂ ਅਸੀਂ ਟੀਵੀ ਦਾ ਨਾਂ ਵੀ ਨਹੀਂ ਸੀ ਸੁਣਿਆ ਅਤੇ ਨਾ ਹੀ ਰੇਡੀਓ ਕਦੇ ਦੇਖਿਆ ਸੀ। ਸਾਡਾ ਮਨੋਰੰਜਨ ਦਾ ਇੱਕੋ-ਇਕ ਸਾਧਨ ਨਿੱਕੀ ਬੇਬੇ ਹੀ ਸੀ। ਹਮੇਸ਼ਾ ਹਾਸੇ ਵੰਡਣ ਵਾਲੀ ਇਸ ਹਸਤੀ ਦਾ ਕਾਗ਼ਜ਼ੀ ਨਾਂ ਬਸੰਤ ਕੌਰ ਸੀ। ਅਸੀਂ ਪੁੱਛਣਾ 'ਨਿੱਕੀ ਬੇਬੇ, ਤੈਨੂੰ ਸਾਰੇ ਨਿੱਕੀ ਕਿਉਂ ਕਹਿੰਦੇ ਹਨ' ਤਾਂ ਉਸ ਨੇ ਕਹਿਣਾ ਕਿ ਉਸ ਦੇ ਛੋਟੇ ਕੱਦ ਕਰਕੇ ਉਸ ਦਾ ਇਹ ਨਾਂ ਪਿਆ ਹੈ। ਕਦੇ ਕਹਿਣਾ, 'ਮੇਰੇ ਕਾਲੇ ਵਾਲਾਂ ਕਰਕੇ ਸਾਰੇ ਮੈਨੂੰ ਆਪਣੇ ਤੋਂ ਛੋਟੀ ਜਾਂ ਨਿੱਕੀ ਸਮਝਦੇ ਹਨ। ਨਿੱਕੀ ਬੇਬੇ ਨੇ ਸਾਡੀ ਬੀਹੀ ਦੇ ਸਾਰੇ ਮੁੰਡਿਆਂ ਦੇ ਆਪਣੇ ਹੀ ਨਾਂ ਰੱਖੇ ਹੋਏ ਸਨ। ਮੇਰੇ ਵੱਡੇ ਭਰਾ ਨੂੰ ਉਹ ਠਾਣੇਦਾਰ ਅਤੇ ਮੈਨੂੰ ਸੂਬੇਦਾਰ ਕਹਿਕੇ ਬੁਲਾਉਂਦੀ ਸੀ। ਇਸੇ ਤਰ੍ਹਾਂ ਬਾਕੀ ਮੁੰਡਿਆਂ ਦੇ ਨਾਂ ਵਕੀਲ, ਜੱਜ ਅਤੇ ਮੁਨਸ਼ੀ ਆਦਿ ਰੱਖੇ ਹੋਏ ਸਨ। ਬੱਕਰੀ ਦਾ ਦੁੱਧ ਚੋਣ ਸਮੇਂ ਉਸ ਦੀਆਂ ਲੱਤਾਂ ਫੜਨ ਲਈ, ਚਰਖਾ ਕੱਤਨਾ ਸ਼ੁਰੂ ਕਰਨ ਸਮੇਂ, ਘਰ ਵਿਚ ਦਰੀਆਂ ਖੇਸ ਬੁਣਨ ਦਾ ਕੰਮ ਕਰਨ ਮੌਕੇ ਪੌਖਾ ਦੇਣ ਲਈ, ਸਾਹਮਣੇ ਘਰ ਹੋਣ ਕਰਕੇ ਉਹ ਅਕਸਰ 'ਸੂਬੇਦਾਰਾ ਆਈਂ ਉਰੇ' ਕਹਿਕੇ ਮੈਨੂੰ ਹੀ ਬੁਲਾਉਂਦੀ। ਘਰ ਦੀਆਂ ਦੇਹਲੀਆਂ 'ਤੇ ਬੈਠੀ ਜਦੋਂ ਉਹ ਗੁਣਗੁਣਾਉਂਦੀ 'ਪੱਦ, ਛਿੱਕ ਤੇ ਡਕਾਰ, ਤਿੰਨੇ ਦੇਹ ਦਾ ਸ਼ਿੰਗਾਰ' ਤਾਂ ਅਸੀਂ ਸਮਝ ਜਾਂਦੇ ਕਿ ਹੁਣ ਉਹ ਛਿੱਕ ਮਾਰੇਗੀ ਜਾਂ ਜ਼ੋਰ ਦੀ ਆਵਾਜ਼ ਨਾਲ ਆਪਣੇ ਢਿੱਡ ਵਿਚਲੀ ਗੈਸ ਬਾਹਰ ਕਢੇਗੀ। ਕਈ ਵਾਰ ਸਮਾਂ ਪਾਸ ਕਰਨ ਹਿੱਤ ਉਹ ਆਪਣੇ ਨੱਕ ਵਿਚ ਡੱਕਾ ਪਾ ਕੇ ਕਿੰਨਾ-ਕਿੰਨਾ ਚਿਰ ਛਿੱਕਾਂ ਮਾਰੀ ਜਾਂਦੀ।

> ਗਰਮੀ ਦੇ ਮੌਸਮ ਵਿਚ ਸਾਰੇ ਘਰਾਂ ਦੇ ਮੈਂਬਰ ਛੱਤਾਂ ਉੱਪਰ ਹੀ ਸੌਂਦੇ ਸਨ। ਸ਼ੋਰ ਪ੍ਰਦੂਸ਼ਣ ਨਾਂਹ ਦੇ ਬਰਾਬਰ ਹੁੰਦਾ ਸੀ। ਸਿੱਟੇ ਵੱਜੋਂ ਵੱਖ-ਵੱਖ ਛੱਤਾਂ 'ਤੇ ਪਏ ਵੀ ਅਸੀਂ ਆਪਸੀ ਵਾਰਤਾਲਾਪ ਵਿਚ ਭਾਗ ਲੈਂਦਿਆਂ ਆਪਣਾ ਮਨੋਰੰਜਨ ਕਰ ਲੈਂਦੇ ਸਾਂ। ਨਿੱਕੀ ਬੇਬੇ ਦਾ ਹਾਸਿਆਂ ਭਰਿਆ ਪ੍ਰੋਗਰਾਮ ਅਕਸਰ ਰਾਤ ਨੂੰ ਹੀ ਸ਼ੁਰੂ ਹੁੰਦਾ ਸੀ।

ਇਕ ਵਾਰ ਸ਼ਾਮ ਵੇਲੇ ਮੈਂ ਆਪਣੇ ਸਕੂਲ ਦਾ ਕੰਮ ਕਰ ਰਿਹਾ ਸੀ ਕਿ ਨਿੱਕੀ ਬੇਬੇ ਦੇ ਉੱਚੀ-ਉੱਚੀ ਰੋਣ ਦੀ ਆਵਾਜ਼ ਆਈ ਤਾਂ ਮੈਂ ਭੱਜਕੇ ਬੇਬੇ ਦੇ ਘਰ ਗਿਆ। ਉਸ ਕੋਲ ਬੈਠੀਆਂ ਪਿੰਡ ਦੀਆਂ ਤਿੰਨ ਚਾਰ ਔਰਤਾਂ ਉਸ ਨੂੰ ਕੀਰਨੇ ਪਾਉਣ ਤੋਂ ਰੋਕਦੀਆਂ ਹੋਈਆਂ ਕਹਿ ਰਹੀਆਂ ਸਨ, 'ਬੱਸ ਕਰ ਬੇਬੇ, ਕਿਉਂ ਸਾਰਾ ਪਿੰਡ 'ਕੱਠਾ ਕਰਨ ਤੇ ਆਈ ਹੈਂ।' ਮੇਰੇ ਪਿੱਛੇ ਮੇਰੇ ਦਾਦੀ ਜੀ ਵੀ ਆ ਗਏ ਤਾਂ ਪਤਾ ਲਗਾ ਕਿ ਆਈਆਂ ਔਰਤਾਂ ਵਿੱਚੋਂ ਇਕ ਦੇ ਜਵਾਈ ਦਾ ਦਾਦਾ ਮਰ ਗਿਆ ਹੈ ਅਤੇ ਉਹ ਕੱਲ੍ਹ ਨੂੰ ਮਕਾਣ ਜਾਣ ਲਈ ਨਿੱਕੀ ਬੇਬੇ ਨੂੰ ਕਹਿਣ ਆਈਆਂ ਸਨ ਅਤੇ ਨਿੱਕੀ ਬੇਬੇ ਉਨ੍ਹਾਂ ਨੂੰ ਉੱਥੇ ਪਾਏ ਜਾਣ ਵਾਲੇ ਕੀਰਨਿਆਂ ਦਾ ਨਮੂਨਾ ਪੇਸ਼ ਕਰ ਕੇ ਦਿਖਾ ਰਹੀ ਸੀ।

ਗਰਮੀ ਦੇ ਮੌਸਮ ਵਿਚ ਸਾਰੇ ਘਰਾਂ ਦੇ ਮੈਂਬਰ ਛੱਤਾਂ ਉੱਪਰ ਹੀ ਸੌਂਦੇ ਸਨ। ਸ਼ੋਰ ਪ੍ਰਦੂਸ਼ਣ ਨਾਂਹ ਦੇ ਬਰਾਬਰ ਹੁੰਦਾ ਸੀ। ਸਿੱਟੇ ਵੱਜੋਂ ਵੱਖ-ਵੱਖ ਛੱਤਾਂ 'ਤੇ ਪਏ ਵੀ ਅਸੀਂ ਆਪਸੀ ਵਾਰਤਾਲਾਪ ਵਿਚ ਭਾਗ ਲੈਂਦਿਆਂ ਆਪਣਾ ਮਨੋਰੰਜਨ ਕਰ ਲੈਂਦੇ ਸਾਂ।

ਨਿੱਕੀ ਬੇਬੇ ਦਾ ਹਾਸਿਆਂ ਭਰਿਆ ਪ੍ਰੋਗਰਾਮ ਅਕਸਰ ਰਾਤ ਨੂੰ ਹੀ ਸ਼ੁਰੂ ਹੁੰਦਾ ਸੀ। ਪਿੰਡ ਦੇ ਦੋ ਪਾਠੀ ਦਿਆਲ ਸਿੰਘ ਅਤੇ ਸ਼ੇਰ ਸਿੰਘ ਗੁਰੂਦੁਆਰਾ ਸਾਹਿਬ ਵਿਖੇ ਸੰਗਤ ਨੂੰ ਦੇਗ ਵਰਤਾਉਣ ਦੀ ਡਿਊਟੀ ਨਿਭਾਉਂਦੇ ਸਨ। ਸਾਰਿਆਂ ਵਿਚ ਇਹ ਪ੍ਰਭਾਵ ਬਣਿਆ ਹੋਇਆ ਸੀ ਕਿ ਉਨ੍ਹਾਂ ਵਿੱਚੋਂ ਇਕ ਖੁੱਲ੍ਹੇ ਹੱਥ ਨਾਲ ਅਤੇ ਦੂਜਾ ਜ਼ਰਾ ਘੁਟਵੇਂ ਹੱਥ ਨਾਲ ਦੇਗ ਵਰਤਾਉਂਦਾ ਹੈ। ਮਈ ਜੂਨ ਦੇ ਮਹੀਨਿਆਂ ਵਿਚ ਜੇ ਕਿਤੇ ਰਾਤ ਨੂੰ ਹਵਾ ਚਲਣੀ ਬੰਦ ਹੋ ਜਾਂਦੀ ਤਾਂ ਬੇਬੇ ਨੇ ਮੇਰੀ ਦਾਦੀ ਨੂੰ ਕਹਿਣਾ 'ਨੀ ਸ਼ਾਮੋ, ਅੱਜ ਤਾਂ ਕੋਈ ਚੰਦਰਾ, ਦਿਆਲੇ ਵਰਗਾ ਡਿਊਟੀ 'ਤੇ ਬੈਠਾ, ਭੋਰਾ ਵੀ ਪੱਤਾ ਨਹੀਂ ਹਿੱਲਣ ਦਿੰਦਾ।' ਇਸ ਦੇ ਉਲਟ ਜੇ ਕਦੇ ਠੰਡੀ ਹਵਾ ਦਾ ਤੇਜ਼ ਬੁੱਲਾ ਆ ਜਾਣਾ ਤਾਂ ਬੇਬੇ ਦੇ ਬੋਲ ਹੁੰਦੇ 'ਅੱਜ ਤਾਂ ਸ਼ੇਰ ਸਿੰਘ ਹਵਾ ਦੇ ਗੱਫੇ ਵੰਡੀ ਜਾਂਦਾ, ਉੱਪਰ ਵਾਲਾ ਇਸ ਨੂੰ ਲੰਮੀ ਉਮਰ ਦੇਵੇ।'



ਮੇਰੇ ਹਮਉਮਰ ਸਾਥੀ ਜਦੋਂ ਨਿੱਕੀ ਬੇਬੇ ਦੇ ਦਿਹਾਤੀ ਪ੍ਰੋਗਰਾਮ ਦਾ ਅਨੰਦ ਮਾਣ ਰਹੇ ਹੁੰਦੇ ਤਾਂ ਐਨ ਉਸ ਵੇਲੇ ਮੈਂ ਆਪਣੇ ਦਾਦਾ ਜੀ ਕੋਲ ਬੈਠਾ, ਉਨ੍ਹਾਂ ਨੂੰ 'ਵੀਹੋ-ਵੀਹਾ ਚਾਰ ਸੌ' ਤਕ ਦੇ ਪਹਾੜੇ ਸੁਣਾ ਰਿਹਾ ਹੁੰਦਾ। ਪਹਾੜਿਆਂ ਵਿਚ ਕਿਤੇ ਵੀ ਕੋਈ ਭੁੱਲ ਹੋਣ 'ਤੇ ਉਨ੍ਹਾਂ ਦਾ ਇਕ ਥੱਪੜ ਮੇਰੇ ਮੂੰਹ 'ਤੇ ਪੈਂਦਾ ਤਾਂ ਬੇਬੇ ਦੀ ਟੋਲੀ ਵਿਚ ਬੈਠੇ ਕਿਸੇ ਨੇ ਕਹਿਣਾ, 'ਲਉ, ਇਕ ਹੋਰ ਬੰਬ ਚਲ ਗਿਆ। ਮੇਰੇ ਰੋਣ ਦੀ ਆਵਾਜ਼ ਸੁਣ ਕੇ ਨਿੱਕੀ ਬੇਬੇ ਨੇ ਮੇਰੇ ਦਾਦੇ ਨੂੰ ਉੱਚੀ ਦੇ ਕੇ ਕਹਿਣਾ, 'ਭਗਵਾਨ ਸਿੰਹਾਂ, ਕਿਉਂ ਭੋਰਾ ਭਰ ਨੂੰ ਕੁੱਟੀ ਜਾਨਾ, ਕੁੱਟ ਕੇ ਤੂੰ ਇਸ ਨੂੰ ਡੀਸੀ ਬਨਾਉਣਾ? ਮੈਂ ਤਾਂ ਕਦੋਂ ਦੀ ਇਸ ਨੂੰ ਸੂਬੇਦਾਰ ਬਣਾਈ ਫਿਰਦੀ ਹਾਂ।' ਪਤਾ ਨਹੀਂ, ਹੱਸਦਿਆਂ ਖੇਲ੍ਹਦਿਆਂ ਦੀ ਰਾਤ ਕਦੋਂ ਬੀਤ ਜਾਂਦੀ। ਸਵੇਰਾ ਹੋਣ 'ਤੇ ਅਸੀਂ ਸਾਰੇ ਸਕੂਲ ਜਾਣ ਨੂੰ ਤਿਆਰ ਹੋਣ ਲੱਗ ਪੈਂਦੇ ਅਤੇ ਨਿੱਕੀ ਬੇਬੇ ਆਪਣੀ ਬੱਕਰੀ ਲਈ ਘਾਹ ਦਾ ਅਤੇ ਚੁੱਲ੍ਹੇ ਚੌਂਕੇ ਲਈ ਬਾਲਣ ਦਾ ਪ੍ਰਬੰਧ ਕਰਨ ਦੀ ਆਪਣੀ ਡਿਊਟੀ ਤੇ ਚਲੀ ਜਾਂਦੀ। ਵਾਪਸ ਆ ਕੇ ਰੋਜ਼ ਵਾਂਗ ਉਹ ਆਪਣੀ ਬੇਟੀ ਦੇ ਕੰਮ ਵਿਚ ਹੱਥ ਵਟਾਉਂਦੀ ਜਾਂ ਫਿਰ ਚਰਖਾ ਕੱਤਣ ਲੱਗ ਪੈਂਦੀ। ਮੈਟ੍ਰਿਕ ਦੀ ਪ੍ਰੀਖਿਆ ਪਾਸ ਕਰ ਕੇ ਮੈਂ ਕਾਲਜ ਦੀ ਪੜ੍ਹਾਈ ਲਈ ਸ਼ਹਿਰ ਆ ਗਿਆ। ਕੁਝ ਸਾਲਾਂ ਬਾਅਦ ਪਤਾ ਲੱਗਾ ਕਿ ਨਿੱਕੀ ਬੇਬੇ ਇਸ ਸੰਸਾਰ ਨੂੰ ਹਮੇਸ਼ਾ ਲਈ ਛੱਡ ਗਈ ਹੈ। ਗ਼ਰੀਬੀ ਅਤੇ ਤੰਗੀ ਤੁਰਸ਼ੀ ਦੇ ਹੁੰਦਿਆਂ ਹੋਇਆਂ ਵੀ ਖ਼ੁਸ਼ ਰਹਿਣ ਦਾ ਢੰਗ ਨਿੱਕੀ ਬੇਬੇ ਸਾਨੂੰ ਸਭ ਨੂੰ ਦੱਸ ਗਈ ਹੈ। ਉਸ 'ਤੇ ਅਮਲ ਕਰਨਾ ਜਾਂ ਨਾ ਕਰਨਾ ਸਾਡੀ ਆਪੋ ਆਪਣੀ ਪਹੁੰਚ ਹੈ।

ਸਾਡੇ ਸਾਰੇ ਘਰਾਂ ਦੇ ਪਰਿਵਾਰ ਸ਼ਹਿਰਾਂ ਵਿਚ ਸੈੱਟ ਹੋ ਗਏ ਹਨ ਅਤੇ ਸਾਰੇ ਘਰ ਪਿੰਡ ਦੇ ਹੋਰ ਲੋੜਬੰਦਾਂ ਨੇ ਖ਼ਰੀਦ ਲਏ। ਕਦੇ ਕਦਾਈਂ ਪਿੰਡ ਜਾਣ 'ਤੇ ਦਿਲ ਨੂੰ ਹੌਲ੍ਹ ਜਿਹਾ ਪੈਂਦਾ ਹੈ ਜਦੋਂ ਮੈਂ ਦੇਖ ਦਾ ਹਾਂ ਕਿ ਸਾਡੇ ਰਹਿਣ ਵਾਲੇ ਘਰ ਵਿਚ ਨਵੇਂ ਖ਼ਰੀਦਦਾਰ ਨੇ ਪਸ਼ੂ ਬੰਨ੍ਹੇ ਹੋਏ ਹਨ। ਕਿਸੇ ਹੋਰ ਰਿਹਾਇਸ਼ੀ ਘਰ ਵਿਚ ਤੂੜੀ ਭਰੀ ਪਈ ਹੈ। ਨਿੱਕੀ ਬੇਬੇ ਦੇ ਘਰ ਨੂੰ ਨਾਲ ਦੇ ਘਰ ਵਾਲੇ ਨੇ ਲੈ ਕੇ ਆਪਣਾ ਘਰ ਖੁੱਲ੍ਹਾ ਕਰ ਲਿਆ ਹੈ। ਦੂਜਿਆਂ ਦੇ ਦੁੱਖ-ਸੁੱਖ ਦੇ ਸੱਚੇ ਸਾਥੀ, ਕਿਸੇ ਵੀ ਲੋਭ ਲਾਲਚ ਤੋਂ ਸੱਖਣੇ ਅਤੇ ਲੋੜ ਮੌਕੇ ਕੰਮ ਆਉਣ ਵਾਲੇ, ਪਹਿਲੇ ਵੇਲਿਆਂ ਦੇ ਲੋਕ, ਪਤਾ ਨਹੀਂ ਇਸ ਮੌਕੇ ਕਿੱਥੇ ਹੋਣਗੇ ਪਰ ਹੁਣ ਵੀ ਆਪਣੇ ਘਰ ਮੂਹਰੇ ਖੜ੍ਹ ਕੇ, ਮੈਂ ਆਪਣੇ ਖਿਆਲਾਂ ਵਿਚ ਹੀ ਉਨ੍ਹਾਂ ਨਾਲ ਵਾਰਤਾਲਾਪ ਰਚਾ ਆਉਂਦਾ ਹਾਂ।

99155-41219

## ਪੱਤਰ ਹਰੇ ਕਚੂਰ

# ਆਪਣੇ ਹਿੱਸੇ ਦਾ ਅੰਬਰ ਭਾਲਦਾ ਸ਼ਾਇਰ


ਹਰਦਮ ਸਿੰਘ ਮਾਨ
00160430866623

ਹਰਦਮ ਸਿੰਘ ਮਾਨ ਭਾਵੇਂ ਕਵਿਤਾ ਤੇ ਮਿੰਨੀ ਕਹਾਣੀ ਲਿਖਦਾ ਹੈ ਪਰ ਮੁੱਖ ਤੌਰ 'ਤੇ ਉਹ ਗ਼ਜ਼ਲ ਦਾ ਸ਼ਾਇਰ ਹੈ। ਜੈਤੋ ਨੇੜੇ ਪਿੰਡ ਡੇਲਿਆਂਵਾਲੀ ਵਿਖੇ ਜਨਮਿਆਂ ਇਹ ਸ਼ਾਇਰ ਚੜ੍ਹਦੀ ਉਮਰੇ ਹੀ ਤੁਕਬੰਦੀ ਕਰਨ ਲੱਗ ਪਿਆ ਸੀ ਤੇ ਮਗਰੋਂ ਉਸਤਾਦ ਸ਼ਾਇਰ ਦੀਪਕ ਜੈਤੋਈ ਤੋਂ ਉਸ ਨੇ ਗ਼ਜ਼ਲ ਦੀਆਂ ਬਾਰੀਕੀਆਂ ਦੀ ਸਮਝ ਹਾਸਲ ਕੀਤੀ। ਸਮਾਜ ਵਿਚ ਘਟਦੀਆਂ ਨੂੰ ਉਹ ਬੜੀ ਬਰੀਕੀ ਨਾਲ ਵੇਖਦਾ, ਸਮਝਦਾ ਤੇ ਆਪਣੀਆ ਲਿਖਤਾਂ ਵਿਚ ਪੇਸ਼ ਕਰਦਾ ਹੈ। ਜੈਤੋ ਰਹਿੰਦਿਆਂ ਉਸ ਨੇ ਬੈਂਕ ਦੀ ਇਕ ਛੋਟੀ ਨੌਕਰੀ ਤੋਂ ਆਪਣਾ ਸਫ਼ਰ ਸ਼ੁਰੂ ਕੀਤਾ ਤੇ ਅਫ਼ਸਰੀ ਤਕ ਜਾ ਪੈਰ ਧਰਿਆ। ਸ਼ਾਇਰ ਸੁਰਿੰਦਰਪ੍ਰੀਤ ਘਣੀਆਂ, ਕਹਾਣੀਕਾਰ ਹਰਜਿੰਦਰ ਸੂਰੇਵਾਲੀਆ ਤੇ ਅਮਰਜੀਤ ਢਿੱਲੋਂ ਵਰਗੇ ਮਿੱਤਰਾਂ ਨਾਲ ਸਾਹਿਤਕ ਸਰਗਰਮੀਆਂ ਪੰਜਾਬੀ ਸਾਹਿਤ ਸਭਾ ਦੇ ਬੈਨਰ ਥੱਲੇ ਕਰਦਾ ਰਿਹਾ। ਇਕ ਸਾਂਝੀ ਕਿਤਾਬ 'ਕਤਰਾ ਕਤਰਾ ਜ਼ਿੰਦਗੀ' ਤੋਂ ਬਾਅਦ ਉਸ ਦਾ ਗ਼ਜ਼ਲ ਸੰਗ੍ਰਹਿ ਅੰਬਰਾਂ ਦੀ ਭਾਲ ਵਿਚ ਛਪਿਆ। ਪੰਜ ਕੁ ਸਾਲ ਪਹਿਲਾਂ ਉਹ ਕੈਨੇਡਾ ਦੇ ਸਰੀ ਵਿਚ ਜਾ ਵੱਸਿਆ। ਬੇਗ਼ਾਨੇ ਮੁਲਕ ਵਿਚ ਸਥਾਪਤ ਹੋਣ ਦੀ ਘਾਲਣਾ ਦੇ ਨਾਲ-ਨਾਲ ਉੱਥੇ ਵੀ ਉਸ ਨੇ ਅਦਬੀ ਹਲਿਕਆਂ ਵਿਚ ਆਪਣੇ ਆਪ ਨੂੰ ਰਚਾ-ਮਿਚਾਅ ਲਿਆ ਤੇ ਗ਼ਜ਼ਲ ਮੰਚ ਨਾਂ ਦੀ ਸੰਸਥਾ ਨਾਲ ਆਪਣੇ ਅਦਬੀ ਸਫ਼ਰ ਨੂੰ ਨਿਰੰਤਰਤਾ ਪ੍ਰਦਾਨ ਕੀਤੀ ਹੋਈ ਹੈ। ਪੇਸ਼ ਹਨ ਉਸ ਦੀਆਂ ਦੋ ਗ਼ਜ਼ਲਾਂ।

• ਹਰਮੇਲ ਪਰੀਤ
94173 33316

### ਗ਼ਜ਼ਲਾਂ

ਪੈਰ ਜਿਸ ਦਾ ਧਰਤ 'ਤੇ ਟਿਕਿਆ ਰਹੇਗਾ ਹਰ ਸਮੇਂ।
ਅੰਬਰਾਂ ਦੀ ਭਾਲ ਉਹ ਕਰਦਾ ਰਹੇਗਾ ਹਰ ਸਮੇਂ।

ਦੀਵਿਆਂ ਨੇ ਤੋੜ ਦੇਣੈ ਭਰਮ ਇਕ ਦਿਨ ਨ੍ਹੇਰ ਦਾ,
ਇਹ ਨਾ ਸਮਝੋ ਰਾਤ ਦਾ ਪਹਿਰਾ ਰਹੇਗਾ ਹਰ ਸਮੇਂ।

ਜ਼ਿੰਦਗੀ ਨੇ ਸੀਨਿਆਂ ਵਿਚ ਧੜਕਣੈ ਏਸੇ ਤਰ੍ਹਾਂ,
ਵਕਤ ਭਾਵੇਂ ਸਾਜ਼ਿਸ਼ਾਂ ਘੜਦਾ ਰਹੇਗਾ ਹਰ ਸਮੇਂ।

ਇਸ ਤਰ੍ਹਾਂ ਵਿਸ਼ਵਾਸ ਮੇਰਾ ਉਨ੍ਹਾਂ ਕੀਤਾ ਚੂਰ-ਚੂਰ,
ਮੇਰੇ ਸੀਨੇ ਇਕ ਸਿਵਾ ਧੁਖਦਾ ਰਹੇਗਾ ਰਹ ਸਮੇਂ।

ਮੈਂ ਤਾਂ ਕੋਨੇ ਵਿਚ ਸਜਾ ਕੇ ਰੱਖਿਆ ਪੱਥਰ ਸੀ 'ਮਾਨ',
ਕੀ ਪਤਾ ਸੀ ਕਿ ਖ਼ੁਦਾ ਬਣਿਆ ਰਹੇਗਾ ਹਰ ਸਮੇਂ।

# ਬੇਗਾਨਾ ਨਹੀਂ ਅਣਮੁੱਲਾ ਧਨ ਨੇ ਧੀਆਂ

ਕੋਈ ਵੇਲਾ ਹੁੰਦਾ ਸੀ ਜਦ ਸਰਮਾਏਦਾਰ ਲੋਕ ਪੁੰਨ ਦਾ ਕੰਮ ਸਮਝ ਕੇ ਤੀਰਥ ਅਸਥਾਨਾਂ 'ਤੇ ਧਰਮਸ਼ਾਲਾ ਬਣਾਉਂਦੇ ਸਨ ਤਾਂ ਜੋ ਰਾਹੀ ਪਾਂਧੀ ਬਿਸਰਾਮ ਕਰ ਸਕਣ ਰਾਤਾਂ ਕੱਟ ਸਕਣ ਪਰ ਅੱਜ ਕੱਲ੍ਹ ਵੱਡੇ-ਵੱਡੇ ਸ਼ਹਿਰਾਂ ਡੇਰਿਆਂ 'ਚ ਬਿਰਧ ਆਸ਼ਰਮ ਬਣਾਉਣਾ ਵੱਡੇ ਪੁੰਨ ਦਾ ਕਾਰਜ ਸਮਝਿਆ ਜਾਣ ਲੱਗਾ ਹੈ ਤਾਂ ਜੋ ਘਰਾਂ 'ਚੋਂ ਕੱਢੇ, ਦੁਰਕਾਰੇ ਬੇਸਹਾਰੇ ਬਜ਼ੁਰਗਾਂ ਨੂੰ ਰਹਿਣ ਲਈ ਛੱਤ ਮਿਲ ਸਕੇ। ਦੁਨਿਆਵੀ ਵਰਤਾਰੇ ਨੂੰ ਵੇਖਦਿਆਂ ਇਸ ਤਰ੍ਹਾਂ ਲੱਗਦਾ ਇਨ੍ਹਾਂ ਦੀ ਲੋੜ ਦਿਨੋ-ਦਿਨ ਹੋਰ ਵਧ ਜਾਣੀ ਹੈ। ਬਿਰਧ ਆਸ਼ਰਮਾਂ ਜਿਨ੍ਹਾਂ ਨੂੰ ਆਪਾਂ ਓਲਡ ਏਜ਼ ਹੋਮ ਵੀ ਕਹਿੰਦੇ ਹਾਂ ਉੱਥੇ ਜਾ ਕੇ ਵੇਖੀਦਾ ਤਾਂ ਪਤਾ ਲੱਗਦਾ ਉੱਥੇ ਆਪਣੇ ਜੱਦੀ ਘਰਾਂ ਨੂੰ ਛੱਡ ਕੇ ਆਏ ਬਹੁਤੇ ਬਜ਼ੁਰਗ ਉਹ ਹੁੰਦੇ ਜੋ ਪੁੱਤਰਾਂ ਵਾਲੇ ਹੁੰਦੇ ਜਿਨ੍ਹਾਂ ਨੂੰ ਔਲਾਦ ਨੇ ਸਿਆਣਿਆਂ ਨਹੀਂ ਹੁੰਦਾ ਜਿਨ੍ਹਾਂ ਨੂੰ ਉਨ੍ਹਾਂ ਦੇ ਪੁੱਤ ਸਾਂਭ ਨਹੀਂ ਸਕੇ ਹੁੰਦੇ ਪਰ ਉੱਥੇ ਕੋਈ ਵੀ ਅਜਿਹਾ ਬਜ਼ੁਰਗ ਨਹੀਂ ਸੀ ਦਿਸਿਆ ਜੋ ਧੀ ਵਾਲਾ ਹੋਵੇ ਜਿਸ ਨੂੰ ਉਸ ਦੀ ਧੀ ਸਾਂਭਣ ਤੋਂ ਨਾਬਰ ਜਾਂ ਮੁਨਕਰ ਹੋ ਗਈ ਹੋਵੇ।

ਸਮਾਜ 'ਚ ਮੁੱਢ ਕਦੀਮ ਤੋਂ ਮੁੰਡੇ ਜਾਂ ਪੁੱਤਰ ਦਾ ਸਥਾਨ ਬਹੁਤ ਉੱਚਾ ਰਿਹਾ। ਕੋਈ ਵੇਲਾ ਸੀ ਜਿਸ ਦੇ ਕੁੜੀ ਜੰਮ ਪੈਂਦੀ ਉਹ-ਬਈ ਰੱਬ ਦਾ ਜੀਅ ਆ- ਕਹਿ ਕੇ ਉਤਲੇ ਮੂੰਹੋਂ ਤਾਂ ਦਿਲ ਧਰ ਲੈਂਦੇ ਪਰ ਘਰ 'ਚ ਉਨ੍ਹਾਂ ਦੇ ਸੋਗ ਪੈ ਗਿਆ ਹੁੰਦਾ। ਕਈ ਤਾਂ-ਫੇਰ ਪੱਥਰ ਆ ਗਿਆ-ਵੀ ਆਖ ਦਿੰਦੇ। ਇਕ ਤਾਂ ਸਾਡੇ ਤੂੰਬੇ ਵਜਾਉਣ ਵਾਲਿਆਂ ਤੇ ਚਾਦਰੇ ਬੰਨ੍ਹ ਕੇ ਗਾਉਣ ਵਾਲਿਆਂ ਨੇ ਸਮਾਜ ਦੇ ਮਨਾਂ ਵਿਚ ਪੱਕੀ ਤਰ੍ਹਾਂ ਵਸਾ ਦਿੱਤਾ ਕਿ ਪੁੱਤਰ ਮਿਠੜੇ ਮੇਵੇ ਅੱਲ੍ਹਾ ਸਭ ਨੂੰ ਦੇਵੇ। ਪੁੱਤਰ ਬਿਨ ਵੰਸ਼ ਨਾ ਚੱਲੇ : ਪੁਤਰ ਜੜ੍ਹ ਘਰ ਦੀ ਉਏ ਅਤੇ ਧੀਆਂ ਧਨ ਬੇਗਾਨਾ, ਗੱਡੀ ਨੂੰ ਧੱਕਾ ਮਾਰ ਬਾਬਲਾ, ਚਿੜੀਆਂ ਦੇ ਚੰਬੇ ਨੇ ਇਕ ਦਿਨ ਉਡ ਜਾਣਾ। ਇਉਂ ਗਾ ਗਾ ਕੇ ਕੁੜੀ ਦੇ ਨੰਬਰ ਹੀ ਘਟਾ ਦਿੱਤੇ । ਸਮੇਂ ਦੇ ਰੰਗ ਵੇਖੋ ਅੱਜ ਇਨ੍ਹਾਂ ਗੱਲਾਂ 'ਚ ਕੋਈ ਵਜ਼ਨ ਹੀ ਨਹੀਂ ਦਿਸ ਰਿਹਾ। ਅੱਜ ਜੋ ਕੁੜੀ ਦੇ ਰੁਤਬੇ ਨੂੰ ਨੀਵਾਂ ਕਹਿਦਾ, ਘਟਾਕੇ, ਛੋਟਾ ਕਰਕੇ ਵੇਖਦਾ ਹੈ ਉਸ ਬੰਦੇ 'ਚ ਦਿਮਾਗ਼ੀ ਨੁਕਸ ਜਿਹਾ ਲੱਗਦਾ।



ਦਿਨ- ਤਿਉਹਾਰ ਮੌਕੇ ਬਾਬਲ ਦੇ ਵਿਹੜੇ ਵਿਚ ਦਾਖ਼ਲ ਹੁੰਦੀਆਂ ਹਨ ਤਾਂ ਇਨ੍ਹਾਂ ਧੀਆਂ-ਭੈਣਾਂ ਦੇ ਪੈਰਾਂ ਦੀ ਆਹਟ ਘਰ ਨੂੰ ਭਰਿਆ-ਭਰਿਆ ਬਣਾ ਦਿੰਦੀ ਹੈ। ਘਰ ਦੀਆਂ ਕੰਧਾਂ-ਕੌਲ਼ੇ ਮੋਹ-ਖੋਰੇ ਲੱਗਣ ਲੱਗ ਪੈਂਦੇ ਹਨ...

ਹੁਣ ਜੋੜੀ ਵਾਲੀ ਗੱਲ ਤਾਂ ਮੂਲੋਂ ਮੱਠੀ ਪੈ ਗਈ ਹੈ। ਲੋਕ ਤਾਂ ਹੁਣ ਇਹ ਸੋਚਣ ਲੱਗ ਪਏ ਹਨ ਕਿ ਘਰ ਵਿਚ ਧੀ ਹੋਣੀ ਬਹੁਤ ਜ਼ਰੂਰੀ ਹੈ। ਵੇਖਣ 'ਚ ਆਉਂਦਾ ਜਿਹੜੇ ਜੋੜੀਆਂ ਜਾਂ ਤਿਕੜੀਆਂ ਵਾਲੇ ਹਨ ਉਨ੍ਹਾਂ ਦੇ ਘਰੀਂ ਜਾਇਦਾਦਾਂ ਦੀਆਂ ਵੰਡ-ਵੰਡਾਈਆਂ ਪਿੱਛੇ ਬਾਪੂਆਂ ਬਜ਼ੁਰਗਾਂ ਦੀ ਬੜੀ ਧੂਹ-ਘੜੀ ਹੁੰਦੀ ਹੈ। ਦੁਨੀਆ ਲੱਖ ਗਿਣਤੀਆ ਮਿਣਤੀਆਂ ਲਾ ਕੇ ਵਾਰਸਾਂ ਦੀ ਗੱਲ ਕਰੀ ਜਾਵੇ ਪਰ ਜਿਸ ਘਰ ਵਿਚ ਲੜਕੀ ਨਹੀਂ ਉਸ ਘਰ ਨੂੰ ਜ਼ਿੰਦਗੀ ਦੇ ਅਸਲੀ ਅਰਥਾਂ ਦਾ ਪਤਾ ਹੀ ਨਹੀਂ ਲੱਗਦਾ। ਲੜਕੀ ਦੇ ਚਰਨ ਤਾਂ ਘਰ ਨੂੰ ਨੂਰ-ਨੂਰ ਕਰ ਦਿੰਦੇ ਆ ਤੇ ਉਹ ਘਰ ਦੀ ਰੂਹ ਹੁੰਦੀ ਹੈ। ਘਰਾਂ ਨੂੰ ਚਾਰ ਚੰਨ ਧੀਆਂ ਦੀ ਹੋਂਦ ਨਾਲ ਹੀ ਲੱਗਦੇ ਹਨ। ਕਹਿੰਦੇ ਨੇ ਧੀ ਦੀਆਂ ਦੋ ਨਹੀਂ ਤਿੰਨ ਅੱਖਾਂ ਹੁੰਦੀਆਂ, ਉਸ ਦੀ ਇਕ ਅੱਖ ਹਮੇਸ਼ਾ ਮਾਂ ਬਾਪ ਦੇ ਬਸੇਰੇ ਵੱਲ ਪਿੱਛੇ ਹੀ ਵੇਖਦੀ ਰਹਿੰਦੀ ਤੇ ਉਮਰ ਭਰ ਅੰਮੀ ਦੇ ਘਰ ਦੀਆਂ ਹੀ ਖ਼ੈਰਾਂ ਲੋਚਦੀ ਰਹਿੰਦੀ ਹੈ। ਜਿਸ ਘਰ ਵਿਚ ਧੀ, ਭੈਣ ਨਹੀਂ ਹੁੰਦੀ ਉਹ ਘਰ ਖੁੱਸੇ-ਖੁੱਸੇ, ਰੁੱਖੇ ਜਿਹੇ ਹੁੰਦੇ ਹਨ। ਇਨ੍ਹਾਂ ਕੁੜੀਆਂ ਚਿੜੀਆਂ ਦੀ ਨਿਵੇਕਲੀ ਬੋਲੀ, ਇਨਾਂ ਦੀ ਚੁੱਲ੍ਹਿਆਂ ਚੌਕਿਆਂ 'ਚ ਹਾਜ਼ਰੀ ਘਰਾਂ ਨੂੰ ਮਹਿਕਦਾ-ਟਹਿਕਦਾ ਹੀ ਨਹੀਂ ਰੱਖਦੀ ਸਗੋਂ ਇਨ੍ਹਾਂ ਦੀ ਅਜੀਬ ਜਿਹੀ ਸਾਂਝ, ਆਪਣੇਪਨ ਦਾ ਅਹਿਸਾਸ ਕਰਵਾਉਂਦੀ ਹੈ। ਜਿਨ੍ਹਾਂ ਘਰਾਂ ਵਿਚ ਧੀ-ਧਿਆਣੀ ਨਹੀਂ ਹੁੰਦੀ, ਉਹ ਘਰ ਰਿਸ਼ਤਿਆਂ ਦੇ ਕੋਮਲ ਅਹਿਸਾਸਾਂ ਤੋਂ ਵਿਰਵੇ ਰਹਿ ਜਾਂਦੇ ਹਨ। ਉਨ੍ਹਾਂ ਘਰਾਂ 'ਚੋਂ ਮੋਹ-ਪਿਆਰ ਦੀ ਵਾਸ਼ਨਾ ਹੀ ਨਹੀਂ ਆਉਂਦੀ। ਕਿਤੇ-ਕਿਤੇ ਤਾਂ ਐਂ ਲੱਗਦਾ ਬਈ ਜਿਨ੍ਹਾਂ ਭਰਾਵਾਂ ਦੀ ਕੋਈ ਭੈਣ ਨਹੀਂ ਹੁੰਦੀ ਉਨਾਂ ਨੂੰ ਪਿਆਰ ਦੇ ਅਰਥਾਂ ਦਾ ਹੀ ਨਹੀਂ ਸਗੋਂ ਰੋਣ ਦੇ ਅਰਥਾਂ ਦਾ ਵੀ ਪਤਾ ਨਹੀਂ ਲੱਗਦਾ।

• ਸੁਖਮਿੰਦਰ ਗੱਜਣਵਾਲਾ



# ਓਪਰਾ ਹੁੰਦਾ ਜਾ ਰਿਹਾ ਖ਼ੁਸ਼ੀ ਗ਼ਮੀ ਦਾ ਅਹਿਸਾਸ

ਪੜ੍ਹਿਆਂ ਲਿਖਿਆਂ 'ਚ ਸੁਨੇਹੇ ਲਿਖਤੀ ਤੌਰ 'ਤੇ ਗਰੀਟਿੰਗ ਕਾਰਡਾਂ ਰਾਹੀਂ ਦਿੱਤੇ ਜਾਂਦੇ ਰਹੇ ਹਨ। ਬਹੁਤ ਹੀ ਜ਼ਿਆਦਾ ਸਨੇਹ ਰੱਖਣ ਵਾਲੇ ਆਪਣੇ ਹੱਥ ਨਾਲ ਗਰੀਟਿੰਗ ਕਾਰਡ ਬਣਾ ਕੇ ਸੁਨੇਹੇ ਦਿਆ ਕਰਦੇ ਸਨ। ਅੱਜ ਕੱਲ੍ਹ ਈਮੇਲ, ਫੇਸਬੁੱਕ, ਟਵਿੱਟਰ, ਮੋਬਾਈਲ ਫੋਨ ਅਤੇ ਵ੍ਹਟਸਐਪ ਰਾਹੀਂ ਇਹ ਕਾਰਜ ਕੀਤਾ ਜਾਂਦਾ ਹੈ...

ਗੁਰਦੀਪ ਸਿੰਘ ਢੁੱਡੀ

ਵਿਸ਼ੇਸ਼ ਸਮਿਆਂ 'ਤੇ ਸ਼ੁੱਭ ਇਛਾਵਾਂ ਦੇਣੀਆਂ ਮਨੁੱਖੀ ਸੁਭਾਅ ਦਾ ਉੱਤਮ ਗੁਣ ਹੈ। ਭਾਰਤੀ ਸੰਸਕ੍ਰਿਤੀ ਵਿਚ ਸੰਗਰਾਂਦ ਦੇ ਦਿਨ ਵਿਸ਼ੇਸ਼ ਪ੍ਰੋਗਰਾਮ ਕਰ ਕੇ ਆਉਣ ਵਾਲੇ ਮਹੀਨੇ ਲਈ ਸਾਰਿਆਂ ਵਾਸਤੇ ਚੰਗੇ ਸਮੇਂ ਦੀ ਕਾਮਨਾ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਪੁੰਨਿਆ ਅਤੇ ਮੱਸਿਆ 'ਤੇ ਵੀ ਹੁੰਦਾ ਹੈ। ਸਿੱਖ ਧਰਮ ਵਿਚ ਧਾਰਮਿਕ ਸਮੇਂ 'ਤੇ ਕੀਤੀ ਜਾਂਦੀ ਅਰਦਾਸ ਵਿਚ ਕਿਸੇ ਵਿਅਕਤੀ ਦੇ ਨਿੱਜੀ ਸੁੱਖ-ਸਾਂਦ ਦੇ ਇਲਾਵਾ ਸਰਬੱਤ ਦੇ ਭਲੇ ਦੀ ਅਰਦਾਸ ਵੀ ਕੀਤੀ ਜਾਂਦੀ ਹੈ। ਹਰੇਕ ਸੰਸਕ੍ਰਿਤੀ ਵਿਚ ਸਵੇਰ ਵੇਲੇ ਇਕ ਦੂਸਰੇ ਨੂੰ ਮਿਲਣ ਸਮੇਂ ਕੀਤੀ ਜਾਂਦੀ ਦੁਆ ਸਲਾਮ ਵਿਸ਼ੇਸ਼ ਅਰਥ ਰੱਖਦੀ ਹੈ ਅਤੇ ਇਹ ਉੱਥੋਂ ਦੇ ਲੋਕਾਂ ਦੀ ਜੀਵਨ ਜਾਚ ਦੀ ਝਲਕ ਦੇ ਜਾਂਦੀ ਹੈ। ਭਾਰਤ ਵਿਚ ਇਹ ਧਰਮ ਅਧਾਰਤ ਰਹੀ ਹੈ। ਸਵੇਰ ਨੂੰ ਮਿਲਣ ਵੇਲੇ 'ਰਾਮ ਰਾਮ', 'ਜੈ ਰਾਮ ਜੀ ਕੀ' 'ਸਤਿ ਸ੍ਰੀ ਅਕਾਲ' ਸਾਂਝੇ ਸ਼ਬਦ ਹੋਇਆ ਕਰਦੇ ਸਨ।

ਹੁਣ ਧਰਮਾਂ ਦੇ ਵਿਚ 'ਸਬ ਧਰਮਾਂ' ਦੇ ਪ੍ਰਚੱਲਤ ਹੋਣ ਨਾਲ 'ਹਰੇਕ ਪੰਥ' ਨੇ ਆਪਣੀ ਸ਼ਬਦਾਵਲੀ ਈਜ਼ਾਦ ਕੀਤੀ ਹੋਈ ਹੈ। ਸਿੱਖ ਧਰਮ ਵਿਚ ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ ਵੀ ਪ੍ਰਚੱਲਤ ਹੈ। ਅੰਗਰੇਜ਼ਾਂ ਦੇ ਪ੍ਰਭਾਵ ਨਾਲ 'ਗੁੱਡ ਮੌਰਨਿੰਗ, ਗੁੱਡ ਆਫ਼ਟਰ ਨੂਨ, ਗੁੱਡ ਈਵਨਿੰਗ ਅਤੇ ਗੁੱਡ ਨਾਈਟ' ਦਾ ਰਿਵਾਜ ਹੁਣ ਭਾਰਤ ਭਰ ਵਿਚ ਪ੍ਰਚੱਲਤ ਹੋ ਗਿਆ। ਇਸ 'ਗੁੱਡ' ਦਾ ਭਾਰਤੀਕਰਨ ਵੀ ਹੋਇਆ ਹੈ ਅਤੇ 'ਮੰਗਲਮਈ', 'ਸ਼ੁੱਭ' ਸ਼ਬਦਾਂ ਨਾਲ ਵੀ ਆਖਿਆ ਸੁਣਿਆ ਜਾਂਦਾ ਹੈ। ਇਸ ਦੇ ਇਲਾਵਾ ਵਿਸ਼ੇਸ਼ ਦਿਨ ਤਿਉਹਾਰ 'ਤੇ ਇਕ ਦੂਸਰੇ ਨੂੰ ਜਿੱਥੇ ਮੇਲੇ ਤਿਉਹਾਰ ਦੀ ਵਧਾਈ ਦਿੱਤੀ ਜਾਂਦੀ ਹੈ ਉੱਥੇ ਉਸ ਲਈ ਚੰਗੇਰੇ ਸਮੇਂ ਦੀ ਕਾਮਨਾ ਵੀ ਕੀਤੀ ਜਾਂਦੀ ਹੈ। ਪੜ੍ਹਿਆਂ ਲਿਖਿਆਂ ਵਿਚ ਇਹ ਸੁਨੇਹੇ ਲਿਖਤੀ ਤੌਰ 'ਤੇ ਗਰੀਟਿੰਗ ਕਾਰਡਾਂ ਰਾਹੀਂ ਦਿੱਤੀ ਜਾਂਦੇ ਰਹੇ ਹਨ। ਬਹੁਤ ਹੀ ਜ਼ਿਆਦਾ ਸਨੇਹ ਰੱਖਣ ਵਾਲੇ ਆਪਣੇ ਹੱਥ ਨਾਲ ਗਰੀਟਿੰਗ ਕਾਰਡ ਬਣਾ ਕੇ ਸੁਨੇਹੇ ਵੀ ਦਿਆ ਕਰਦੇ ਸਨ। ਅੱਜ ਕੱਲ੍ਹ ਈਮੇਲ, ਫੇਸਬੁੱਕ, ਟਵਿੱਟਰ, ਮੋਬਾਈਲ ਫੋਨ ਅਤੇ ਵ੍ਹਟਸਐਪ ਰਾਹੀਂ ਇਹ ਕਾਰਜ ਕੀਤਾ ਜਾਂਦਾ ਹੈ। ਨਵੀਂ ਪੀੜ੍ਹੀ ਇਸ ਵਿਚ ਬਹੁਤ ਹੀ ਅੱਗੇ ਵਧ ਗਈ ਹੈ। ਇਸ ਵਿਚ ਸ਼ਬਦਾਂ ਦੀ ਵਰਤੋਂ ਦਾ ਫ਼ਰਕ ਆ ਗਿਆ ਹੈ। ਜਨਮ ਤੋਂ ਲੈ ਕੇ ਮਰਨ ਤਕ ਅਤੇ ਖ਼ੁਸ਼ੀ ਤੋਂ ਲੈ ਕੇ ਅੰਤਾਂ ਦੇ ਮਾੜੇ ਸਮੇਂ ਲਈ ਸਮਾਂ ਵੰਡਾਉਣ ਲਈ ਅੰਗਰੇਜ਼ੀ ਸ਼ਬਦਾਂ ਈਜ਼ਾਦ ਕਰ ਲਏ ਗਏ ਹਨ। ਖ਼ੁਸ਼ੀ ਵਾਲੇ ਸਮੇਂ ਅੱਗੇ ਹੈਪੀ ਸ਼ਬਦ ਅਤੇ ਗ਼ਮੀ ਵਾਲੇ ਸਮੇਂ ਅੱਗੇ ਸੋ ਸੈਡ ਸ਼ਬਦਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਵਟਸਐਪ ਵਗ਼ੈਰਾ ਮੁਫ਼ਤ ਵਿਚ ਹੋਣ ਕਰਕੇ ਜਾਣਕਾਰਾਂ ਤੋਂ ਬਿਨਾਂ ਦੂਸਰਿਆਂ ਨੂੰ ਵੀ ਹੈਪੀ ਜਾਂ ਫਿਰ ਸੈਡ ਦੇ ਸੁਨੇਹੇ ਭੇਜੇ ਜਾਂਦੇ ਹਨ। ਇਕ ਦੂਸਰੇ ਕੋਲ ਜਾ ਕੇ ਖ਼ੁਸ਼ੀ ਜਾਂ ਫਿਰ ਗ਼ਮ ਸਾਂਝਾ ਕਰਨ ਦੀ ਥਾਂ ਵਟਸਐਪ ਰਾਹੀਂ ਵੀ ਬੁੱਤਾ ਸਾਰ ਲਿਆ ਜਾਂਦਾ ਹੈ।

ਕਦੇ ਸਮਾਂ ਸੀ ਜਦੋਂ ਮਾਂ ਪਿਓ ਨੂੰ ਬੱਚੇ ਦੇ ਜੰਮਣ ਜਾਂ ਵਿਅਕਤੀ ਦੇ ਮਰਨ ਦਾ ਦਿਨ ਵਾਰ, ਤਰੀਕ ਸਹੀ ਸਹੀ ਯਾਦ ਨਹੀਂ ਹੋਇਆ ਕਰਦਾ ਸੀ। ਇਨ੍ਹਾਂ ਨੂੰ ਕਿਸੇ ਵਿਸ਼ੇਸ਼ ਸਮੇਂ ਨਾਲ ਜੋੜਦਿਆਂ ਅੰਦਾਜ਼ੇ ਨਾਲ ਦੱਸਿਆ ਜਾਂਦਾ ਸੀ। ਸਮਾਜ ਵਿਚ ਵਿਸ਼ੇਸ਼ ਦਰਜਾ ਰੱਖਣ ਵਾਲੇ ਵਿਅਕਤੀਆਂ ਦੇ ਜਨਮ ਦਿਨ ਜਾਂ ਫਿਰ ਅਕਾਲ ਚਲਾਣੇ ਦੇ ਦਿਨ ਇਸੇ ਤਰ੍ਹਾਂ ਹੀ ਰੱਖੇ ਹੋਏ ਹਨ।



ਸਾਡੀਆਂ ਬਹੁਤੀਆਂ ਜਨਮ ਤਰੀਕਾਂ ਸਕੂਲ ਦੇ ਅਧਿਆਪਕਾਂ ਦੀ ਹੀ ਦੇਣ ਹਨ। ਸਕੂਲ ਵਿਚ ਪਹਿਲੀ ਜਮਾਤ ਵਿਚ ਦਾਖ਼ਲ ਕਰਾਉਣ ਗਈ ਮਾਂ ਜਾਂ ਪਿਓ ਨੂੰ ਸਕੂਲ ਦੇ ਅਧਿਆਪਕ ਵੱਲੋਂ ਜਦੋਂ ਬੱਚੇ ਦੀ ਉਮਰ ਪੁੱਛੀ ਜਾਂਦੀ ਸੀ ਤਾਂ ਇਹ ਅੰਦਾਜ਼ੇ ਨਾਲ ਦੱਸਦਿਆਂ ਹੋਇਆਂ ਚੜ੍ਹੇ ਹਾੜ੍ਹ ਜਾਂ ਭਾਦੋਂ ਦੇ ਪਿਛਲੇ ਪੱਖ, ਪੰਜ ਛੇ ਸਾਲ ਹੋ-ਗੇ ਜਦੋਂ ਪਾਣੀ ਆਇਆ ਸੀ, ਫ਼ਸਲਾਂ ਦੇ ਖ਼ਰਾਬੇ ਵੇਲੇ ਆਦਿ ਵਿਚ ਜੰਮੇ ਹੋਣ ਬਾਰੇ ਦੱਸ ਦਿੱਤਾ ਜਾਂਦਾ ਸੀ ਅਤੇ ਅੱਗੇ ਅਧਿਆਪਕ ਆਪਣੇ ਅੰਦਾਜ਼ੇ ਨਾਲ ਜਨਮ ਦੀ ਤਾਰੀਖ਼, ਮਹੀਨਾ ਅਤੇ ਸਾਲ ਲਿਖ ਲਿਆ ਕਰਦੇ ਸਨ। ਪਰੰਤੂ ਹੁਣ ਹਰ ਕਿਸੇ ਦਾ ਜਨਮ ਅਤੇ ਮਰਨ ਦਾ ਸਮਾਂ ਪੂਰਾ ਪੂਰਾ ਲਿਖਿਆ ਜਾਂਦਾ ਹੈ। ਹੁਣ ਹੈਪੀ ਬਰਥ ਡੇ ਅਤੇ ਆਰਆਈਪੀ (ਰੈਸਟ ਇਨ ਪੀਸ) ਜਾਂ ਸੋ ਸੈਡ ਸ਼ਬਦਾਂ ਦਾ ਪ੍ਰਯੋਗ ਸਹੀ ਸਹੀ ਹੋਣ ਲੱਗ ਪਿਆ ਹੈ। ਇਸ ਤੋਂ ਅੱਗੇ ਵਧੀਏ ਤਾਂ ਹੈਪੀ ਸ਼ਬਦ ਦੀ ਵਰਤੋਂ ਕੁਝ ਜ਼ਿਆਦਾ ਹੀ ਹੋਣ ਲੱਗ ਪਈ ਹੈ।

ਖ਼ੁਸ਼ੀ ਵਾਲੇ ਸਮੇਂ ਵਿਚ ਹੈਪੀ ਸ਼ਬਦ ਦਾ ਪ੍ਰਯੋਗ ਕੀਤਾ ਜਾਣਾ ਸਮਝ ਵਿਚ ਆਉਣ ਵਾਲੀ ਗੱਲ ਹੈ। ਕਿਸੇ ਦੇ ਜਨਮ ਦਿਨ ਤੇ ਹੈਪੀ ਬਰਥ ਡੇ ਕਹਿਣਾ ਸਾਰਿਆਂ ਨੂੰ ਚੰਗਾ ਲੱਗਦਾ ਹੈ। ਹੈਪੀ ਦੀਵਾਲੀ ਵੀ ਠੀਕ ਹੈ, ਹੈਪੀ ਲੋਹੜੀ ਵੀ ਠੀਕ ਹੈ, ਹੈਪੀ ਵਿਸਾਖੀ ਵੀ ਠੀਕ ਹੈ।

ਹੁਣ ਸਰਕਾਰ ਵੱਲੋਂ ਕੁਝ ਉਨ੍ਹਾਂ ਦਿਨਾਂ ਨੂੰ ਵੀ ਮਨਾਇਆ ਜਾਂਦਾ ਹੈ ਜਿਹੜੇ ਦਿਨ ਕਿਸੇ ਬੁਰਾਈ ਵੱਜੋਂ ਵੇਖੇ ਜਾਂਦੇ ਹਨ ਅਤੇ ਇਸ ਬੁਰਾਈ ਦੇ ਖ਼ਾਤਮੇ ਲਈ ਵਿਸ਼ੇਸ਼ ਤਰ੍ਹਾਂ ਦੇ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਦੇ ਦਿਨ ਮਨਾਉਂਦਿਆਂ ਇਸ ਦੇ ਕਾਰਨਾਂ, ਬਚਾਓ ਦੇ ਤਰੀਕਿਆਂ ਨੂੰ ਦਰਸਾਉਂਦਾ ਪ੍ਰੋਗਰਾਮ ਆਯੋਜਤ ਕੀਤਾ ਜਾਂਦਾ ਹੈ। ਹੱਦ ਉਦੋਂ ਹੋ ਜਾਂਦੀ ਹੈ ਜਦੋਂ ਇਕ ਦੂਸਰੇ ਨੂੰ ਹੈਪੀ ਇਨ੍ਹਾਂ ਦਿਨ੍ਹਾਂ ਦੇ ਅੱਗੇ ਵੀ ਹੈਪੀ ਜੋੜ ਕੇ ਇਕ ਦੂਸਰੇ ਨੂੰ ਵਧਾਈ ਦੇ ਦਿੱਤੀ ਜਾਂਦੀ ਹੈ। ਜਦੋਂ ਮੈਨੂੰ ਹੈਪੀ ਏਡਜ਼ ਡੇ ਸੁਣਨ ਨੂੰ ਮਿਲਿਆ ਸੀ ਤਾਂ ਮੈਂ ਦੰਗ ਹੀ ਰਹਿ ਗਿਆ ਸਾਂ। ਇਸੇ ਤਰ੍ਹਾਂ ਫੇਸ ਬੁੱਕ ਤੇ ਕਿਸੇ ਵੀ ਤਰ੍ਹਾਂ ਦੀ ਦਿੱਤੀ ਸੂਚਨਾ ਨੂੰ ਲਾਈਕ ਕਰਨਾ ਵੀ ਸਾਡੀ ਅਕਲ ਦਾ ਦੀਵਾਲ਼ਾ ਕੱਢਦਾ ਹੈ।

95010-20731

## ਸੰਪਾਦਕੀ

# ਆਲਮੀ ਪੱਧਰ ਦੇ ਸੰਕਟ

ਆਲਮੀ ਪੱਧਰ ’ਤੇ ਅਸੀਂ ਇਕੋ ਸਮੇਂ ਕਈ ਸੰਕਟਾਂ ਦਾ ਸਾਹਮਣਾ ਕਰ ਰਹੇ ਹਾਂ। ਕਈ ਚੀਜ਼ਾਂ ’ਤੇ ਉਹ ਅਸਹਿਮਤ ਹਨ। ਅਗਲੇ ਸਾਲ ਜੀਡੀਪੀ (ਕੁੱਲ ਘਰੇਲੂ ਪੈਦਾਵਾਰ) ਕਿਸ ਦਰ ’ਤੇ ਵਧੇਗੀ ਤੇ ਪਿਛਲੇ ਸਾਲ ਇਹ ਕਿੰਨੀ ਵਧੀ ਸੀ ? ਗ਼ਰੀਬੀ ਕਿੰਨੀ ਕੁ ਘਟ ਗਈ ਹੈ ਤੇ ਆਖਿ ?ਰ ਗ਼ਰੀਬੀ ਹੈ ਕੀ ? ਕੀ ਤਰੱਕੀ ਦੇ ਨਾਲ ਨਾਲ ਹੇਠਲੇ 90 ਪ੍ਰਤੀਸ਼ਤ ਵਰਗ ਦੀ ਆਮਦਨੀ ਅਤੇ ਰੁਜ਼ਗਾਰ ਵਿਚ ਵੀ ਲੋੜੀਂਦਾ ਵਾਧਾ ਹੋਇਆ ਹੈ ਜਾਂ ਇਹ ਦੋਵੇਂ ਸਿਰਫ਼ ਉੱਪਰਲੇ 10 ਪ੍ਰਤੀਸ਼ਤ ਲੋਕਾਂ ਦੇ ਹੀ ਵਧੇ ਹਨ ? ਜਦੋਂ ਅਰਥ ਸ਼ਾਸਤਰੀ ਇਹ ਚਰਚਾ ਕਰ ਰਹੇ ਹਨ ਕਿ ਲੋੜੀਂਦਾ ਰੁਜ਼ਗਾਰ ਪੈਦਾ ਕਰਨ ਲਈ ਕਿੰਨੀ ਜੀਡੀਪੀ ਚਾਹੀਦੀ ਹੈ, ਉਦੋਂ ਅਸੀਂ ਉਹ ਆਧਾਰ ਹੀ ਗੁਆ ਰਹੇ ਹਾਂ ਜੋ ਸਾਡੀ ਆਰਥਿਕ ਤਰੱਕੀ ਤੇ ਜਿ ?ਦਗੀਆਂ ਲਈ ਜ਼ਰੂਰੀ ਹੈ। ਭਾਰਤ ’ਚ ਦੁਨੀਆ ਦੀ 17 ਪ੍ਰਤੀਸ਼ਤ ਆਬਾਦੀ ਸੰਸਾਰ ’ਚ ਉਪਲਬਧ ਕੁੱਲ ਜ਼ਮੀਨ ਦੇ 2.4 ਪ੍ਰਤੀਸ਼ਤ ਹਿੱਸੇ ਉੱਤੇ ਰਹਿ ਰਹੀ ਹੈ। 2014 ਵਿਚ ਆਲਮੀ ਵਾਤਾਵਰਨ ਕਾਰਗੁਜ਼ਾਰੀ ਦੀ ਸੂਚੀ ’ਚ 178 ਮੁਲਕਾਂ ਵਿੱਚੋਂ ਭਾਰਤ 155 ਨੰਬਰ ਉੱਤੇ ਸੀ। 2022 ਵਿਚ ਭਾਰਤ 180 ਮੁਲਕਾਂ ਵਿੱਚੋਂ ਖਿਸਕ ਕੇ 180ਵੇਂ ਨੰਬਰ ’ਤੇ ਪਹੁੰਚ ਗਿਆ ਹੈ। ਭਾਰਤ ’ਚ ਵਿਕਾਸ ਦੇ ਢੰਗ-ਤਰੀਕੇ ਟਿਕਾਊ ਨਹੀਂ ਹਨ। ਅਸੀਂ ਹੁਣ ਉਨ੍ਹਾਂ ਅਰਥ ਸ਼ਾਸਤਰੀਆਂ ’ਤੇ ਜਿ ?ਆਦਾ ਸਮਾਂ ਨਿਰਭਰ ਨਹੀਂ ਹੋ ਸਕਦੇ ਜੋ ਇਹ ਵਿਚਾਰ-ਚਰਚਾ ਕਰ ਰਹੇ ਹਨ ਕਿ ਕੀ ਇਸ ਹੌਲੀ-ਹੌਲੀ ਡੁੱਬ ਰਹੇ ਜਹਾਜ਼ ਲਈ ਵਰਤਮਾਨ ਸਰਕਾਰ ਜਿ ?ਮੇਵਾਰ ਹੈ ਜਾਂ ਪਹਿਲਾਂ ਰਹਿ ਚੁੱਕੀ ? ਮਹਿਫ਼ੂਜ਼ ਭਵਿੱਖ ਵੱਲ ਜਾਣ ਲਈ ਸਾਨੂੰ ਨਵਾਂ ਜਹਾਜ਼ ਚਾਹੀਦਾ ਹੈ ਜੋ ਟਿਕਾਊ ਤੇ ਵਿਆਪਕ ਵਿਕਾਸ ਦੀ ਮਿਸਾਲ ਹੋਵੇ ਪਰ ਅਸੀਂ ਜਹਾਜ਼ ਦਾ ਡਿਜ਼ਾਈਨ ਉਦੋਂ ਕਿਵੇਂ ਬਦਲਾਂਗੇ ਜਦੋਂ ਅਸੀਂ ਸਾਰੇ ਹੀ ਇਸ ’ਚ ਸਵਾਰ ਹੋ ਕੇ ਅੱਗੇ ਵਧ ਰਹੇ ਹਾਂ ? ਸਾਡੀ ਹੋਂਦ ਇਨ੍ਹਾਂ ਬੁਨਿਆਦੀ ਸਵਾਲਾਂ ਦੇ ਜਵਾਬਾਂ ਉੱਤੇ ਨਿਰਭਰ ਕਰਦੀ ਹੈ।

ਸਤਾਰਵੀਂ ਸਦੀ ਦੇ ਯੂਰੋਪ ’ਚ ਫਰਾਂਸਿਸ ਬੇਕਨ ਤੇ ਰੀਨੇ ਡੈੱਸਕਾਰਟੇਸ ਦੀ ਅਗਵਾਈ ਹੇਠ ਵਿਗਿਆਨਕ ਕ੍ਰਾਂਤੀ ਸ਼ੁਰੂ ਹੋਈ। ਡੈੱਸਕਾਰਟੇਸ ਨੇ ਤਰਕਸ਼ੀਲ ਬੰਦੇ ਦੇ ਵਿਚਾਰ ਨੂੰ ਹੁਲਾਰਾ ਦਿੱਤਾ। ਬੇਕਨ ਨੇ ਕਿਹਾ ਕਿ ਵਿਗਿਆਨ ਆਦਮੀ ਨੂੰ ਬੇਲਗਾਮ ਕੁਦਰਤ ਨੂੰ ਕਾਬੂ ਕਰਨ ਦੀ ਤਾਕਤ ਦਿੰਦਾ ਹੈ। ਹਰ ਘਟਨਾ ਨੂੰ ਨਿਰਪੱਖਤਾ ਨਾਲ ਦੇਖਣ ਦਾ ਆਧੁਨਿਕ ਵਿਗਿਆਨਕ ਤਰੀਕਾ ਜੋ ਰਹੱਸਮਈ ਤਾਕਤਾਂ ਦੇ ਪ੍ਰਸੰਗ ’ਚ ਭਾਵਨਾਵਾਂ ਤੇ ਨਿਸ਼ਚੇ ਨੂੰ ਪਾਸੇ ਰੱਖਣ ਅਤੇ ਹਕੀਕਤ ਨੂੰ ਤਰਜੀਹ ਦੇਣ ਦੀ ਗੱਲ ਕਰਦਾ ਹੈ, ਸਭ ਤੋਂ ਪਹਿਲਾਂ ਕੁਦਰਤੀ ਵਿਗਿਆਨ ਲਈ ਵਰਤਿਆ ਗਿਆ ਤੇ ਬਾਅਦ ਵਿਚ ਸਮਾਜ ਵਿਗਿਆਨ ਲਈ। ਅਰਥ ਸ਼ਾਸਤਰ ਸਮਾਜ ਵਿਗਿਆਨ ਦੀ ਅਜਿਹੀ ਵੰਨਗੀ ਜਿਸ ਦਾ ਸਭ ਤੋਂ ਵੱਧ ਗਣਿਤੀਕਰਨ ਕੀਤਾ ਗਿਆ ਹੈ, 20ਵੀਂ ਸਦੀ ਵਿਚ ਵੱਖ-ਵੱਖ ਸਮਾਜ ਵਿਗਿਆਨਾਂ ਦੇ ਮੋਹਰੀ ਵਜੋਂ ਉੱਭਰ ਕੇ ਸਾਹਮਣੇ ਆਇਆ। ਇਹ ਇਕੋ-ਇਕ ਸਮਾਜ ਵਿਗਿਆਨ ਹੈ ਜਿਸ ਵਿਚ ਨੋਬੇਲ ਪੁਰਸਕਾਰ ਦਿੱਤਾ ਜਾਂਦਾ ਹੈ, ਇਸ ਖੇਤਰ ’ਚ ਪਹਿਲਾ ਨੋਬੇਲ ਸਨਮਾਨ 1969 ਵਿਚ ਦਿੱਤਾ ਗਿਆ। ਇਸ ਤੋਂ ਪਹਿਲਾਂ ਭੌਤਿਕ ਤੇ ਰਸਾਇਣ ਵਿਗਿਆਨ, ਮੈਡੀਸਨ, ਸਾਹਿਤ ਤੇ ਅਮਨ ਦੇ ਖੇਤਰਾਂ ਵਿਚ ਇਹ ਪੁਰਸਕਾਰ 1895 ਤੋਂ ਦਿੱਤੇ ਜਾ ਰਹੇ ਹਨ।

ਵਿਗਿਆਨ ਨੇ ਵੱਖ-ਵੱਖ ਵਿਸ਼ੇਸ਼ ਕਿਸਮਾਂ ਵਿਚ ਟੁੱਟ ਕੇ ਤਰੱਕੀ ਕੀਤੀ ਹੈ। ਜਿਵੇਂ-ਜਿਵੇਂ ਵਿਗਿਆਨ ਅੱਗੇ ਵਧਿਆ, ਬਾਰੀਕ ਤੋਂ ਬਾਰੀਕ ਚੀਜ਼ਾਂ ਬਾਰੇ ਮਾਹਿਰਾਂ ਦੇ ਗਿਆਨ ਵਿਚ ਵਾਧਾ ਹੁੰਦਾ ਗਿਆ। ਇਕੱਲੇ ਦਵਾਈਆਂ ਦੇ ਖੇਤਰ ਦੀਆਂ ਹੀ ਕਈ ਕਿਸਮਾਂ ਹਨ। ਡਾਕਟਰਾਂ ਦੀ ਘਟਦੀ ਗਿਣਤੀ ਦਾ ਅਸਰ ਸਿਹਤ ਖੇਤਰ ਉੱਤੇ ਦੇਖਿਆ ਜਾ ਸਕਦਾ ਹੈ। ਸਿਹਤ ਸੰਭਾਲ ਮਹਿੰਗੀ ਹੋ ਰਹੀ ਹੈ ਤੇ ਸਮੁੱਚੀ ਤੰਦਰੁਸਤੀ ਘੱਟ ਰਹੀ ਹੈ। ਆਧੁਨਿਕ ਵਿਗਿਆਨਕ ਤਰੀਕਿਆਂ ਨਾਲ ਭਾਵੇਂ ਸਰੀਰਾਂ ਨੂੰ ਵੱਧ ਸਮਾਂ ਜਿਊਂਦਾ ਰੱਖਿਆ ਜਾ ਸਕਦਾ ਹੈ ਪਰ ਮਾੜੀ ਸਿਹਤ ਕਾਰਨ ਬੇਚੈਨੀ ਤੇ ਮਾਨਸਿਕ ਤਣਾਅ ਜਿਹੀਆਂ ਅਲਾਮਤਾਂ ਉਨ੍ਹਾਂ ਦੇਸ਼ਾਂ ਵਿਚ ਵੀ ਰਫ਼ਤਾਰ ਨਾਲ ਵਧ ਰਹੀਆਂ ਹਨ ਜਿਨ੍ਹਾਂ ਕੋਲ ਸਭ ਤੋਂ ਬਿਹਤਰ ਮੈਡੀਕਲ ਢਾਂਚਾ ਹੈ। ਇੱਕੀਵੀਂ ਸਦੀ ਦੇ ਨੌਜਵਾਨਾਂ ਵਿਚ ਹੋਂਦ ਨਾਲ ਜੁੜੀ ਬੇਚੈਨੀ ਵਧ ਰਹੀ ਹੈ। ਉਹ ਧਰਤੀ ਦੀ ਮਾੜੀ ਹਾਲਤ ਅਤੇ ਅਰਥਚਾਰਿਆਂ ਦੀ ਹਾਲਤ ਨੂੰ ਲੈ ਕੇ ਪ੍ਰੇਸ਼ਾਨ ਹਨ ਜੋ ਉਨ੍ਹਾਂ ਲਈ ਚੰਗੀ ਕਮਾਈ ਤੇ ਇੱਜ਼ਤ ਨਾਲ ਕੰਮ ਕਰਨ ਦੇ ਲੋੜੀਂਦੇ ਮੌਕੇ ਪੈਦਾ ਨਹੀਂ ਕਰ ਰਹੇ। ਨੌਜਵਾਨਾਂ ਵਿਚ ਡਿਪ੍ਰੈਸ਼ਨ ਵਧ ਰਿਹਾ ਹੈ, ਹਤਾਸ਼ ਤੇ ਨਿਰਾਸ਼ ਹੋਏ ਉਹ ਨਸ਼ੇ ਲੈ ਰਹੇ ਹਨ ਤੇ ਕਈ ਵਾਰ ਹਿੰਸਕ ਵੀ ਹੋ ਜਾਂਦੇ ਹਨ। ਜੀਡੀਪੀ ’ਚ ਵਾਧਾ ਇਨ੍ਹਾਂ ਸਮੱਸਿਆਵਾਂ ਦਾ ਹੱਲ ਨਹੀਂ ਕਰੇਗਾ। ਜਿਵੇਂ ਕਿਸੇ ਬੰਦੇ ਦੇ ਸਰੀਰ ਦੇ ਆਕਾਰ ਤੋਂ ਉਸ ਦੀ ਸਿਹਤ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ, ਸਿਰਫ਼ ਢਿੱਡ ਨੂੰ ਮਜ਼ਬੂਤ ਬਣਾ ਕੇ ਸਿਹਤ ਬਿਹਤਰ ਨਹੀਂ ਬਣਾਈ ਜਾ ਸਕਦੀ, ਉਂਞ ਹੀ ਅਰਥਚਾਰੇ ਦਾ ਕੱਦ ਵੱਡਾ ਕਰ ਕੇ ਜਾਂ ਜੀਡੀਪੀ ਵਿਚ ਵਾਧਾ ਕਰ ਕੇ ਮਾਨਵੀ ਸਮਾਜ ਜਾਂ ਇਸ ਦੇ ਕੁਦਰਤੀ ਵਾਤਾਵਰਨ ਨੂੰ ਬਿਹਤਰ ਨਹੀਂ ਕੀਤਾ ਜਾ ਸਕਦਾ।

ਸਾਰਿਆਂ ਦੀ ਸਰੀਰਕ-ਮਾਨਸਿਕ ਤੰਦਰੁਸਤੀ ਬਿਹਤਰ ਕਰਨ ਲਈ ਸਮਾਜਿਕ, ਆਰਥਿਕ, ਸਿਆਸੀ ਅਤੇ ਵਾਤਾਵਰਨ ਨਾਲ ਸਬੰਧਿਤ ਪ੍ਰਬੰਧਾਂ ਨੂੰ ਮਿਲ ਕੇ ਕੰਮ ਕਰਨਾ ਪਏਗਾ। ਵੱਖੋ-ਵੱਖਰੇ ਵਿਗਿਆਨਾਂ ਦੇ ਮਾਹਿਰਾਂ ਨੂੰ ਸਮੁੱਚ ਨੂੰ ਸਮਝਣ ਲਈ ਵਿਵਸਥਾਵਾਂ ਦੇ ਨਵੇਂ ਵਿਗਿਆਨ ਦੀ ਲੋੜ ਹੈ ਕਿਉਂਕਿ ਅਸਲ ਵਿਚ ਇਹ ਵੱਖ-ਵੱਖ ਵਿਗਿਆਨ ਸੰਪੂਰਨ ਪ੍ਰਬੰਧ ਦਾ ਹੀ ਹਿੱਸਾ ਹਨ। ਵਿਸ਼ਾ ਮਾਹਿਰਾਂ ਨੂੰ ਚਾਹੀਦਾ ਹੈ ਕਿ ਉਹ ਇਕ-ਦੂਜੇ ਨੂੰ ਸੁਣਨ ਤੇ ਮਿਲ ਕੇ ਸਿੱਖਣ।

ਵੱਖ-ਵੱਖ ਵਿਚਾਰਧਾਰਾਵਾਂ, ਕਈ ਤਰ੍ਹਾਂ ਦੇ ਤਜਰਬਿਆਂ ਵਾਲੇ ਅਤੇ ਅਲੱਗ-ਅਲੱਗ ਵਿਸ਼ਿਆਂ ’ਚ ਸਿੱਖਿਅਤ ਲੋਕਾਂ ਨੂੰ ਕੰਧਾਂ ਖੜ੍ਹੀਆਂ ਕਰ ਕੇ, ਇਸ ਸੰਸਾਰ ਨੂੰ ਟੁਕਡਿ ?ਆਂ ’ਚ ਵੰਡ ਦਿੱਤਾ ਗਿਆ ਹੈ। ਅਮੀਰ ਲੋਕ, ਗ਼ਰੀਬਾਂ ਤੋਂ ਵੱਖ ਚਾਰਦੀਵਾਰੀ ਨਾਲ ਘਿਰੀਆਂ ਇਮਾਰਤਾਂ ਵਿਚ ਰਹਿ ਰਹੇ ਹਨ। ਉਹ ਦੁਨੀਆ ਘੁੰਮਦੇ ਹਨ ਤੇ ਆਪਣੇ ਵਰਗੇ ਹੋਰਾਂ ਲੋਕਾਂ ਨੂੰ ਮਿਲਦੇ ਹਨ। ਉਹ ‘ਆਲਮੀ ਨਾਗਰਿਕ’ ਹਨ ਜਿਨ੍ਹਾਂ ਦਾ ਕੋਈ ਪੱਕਾ ਟਿਕਾਣਾ ਨਹੀਂ। ਸੋਸ਼ਲ ਮੀਡੀਆ ਨੇ ਉਨ੍ਹਾਂ ਲੋਕਾਂ ਦਰਮਿਆਨ ਵੀ ਉੱਚੀਆਂ ਕੰਧਾਂ ਉਸਾਰ ਦਿੱਤੀਆਂ ਹਨ ਜਿਨ੍ਹਾਂ ਨੂੰ ਅਸੀਂ ਚਾਹੁੰਦੇ ਹਾਂ ਤੇ ਜਿਨ੍ਹਾਂ ਨੂੰ ਨਹੀਂ। ਇੱਥੇ ਲੋਕ ਇਕ-ਦੂਜੇ ਨੂੰ ਗਾਲਾਂ ਕੱਢਦੇ ਹਨ। ਉਹ ਦੂਜੀ ਧਿਰ ਨੂੰ ਸੁਣਨਾ ਨਹੀਂ ਚਾਹੁੰਦੇ ਤੇ ਨਾ ਹੀ ਇਹ ਸਮਝਣਾ ਚਾਹੁੰਦੇ ਹਨ ਕਿ ਦੂਜਾ ਇਸ ਤਰ੍ਹਾਂ ਦੀ ਸੋਚ ਕਿਉਂ ਰੱਖਦਾ ਹੈ। ਮਾਹਿਰਾਂ ਮੁਤਾਬਕ ਭਾਰਤ ਕੋਲ ਹੱਲ ਕਰਨ ਵਾਲੀਆਂ ਕਈ ਮੁਸ਼ਕਲਾਂ ਹਨ। ਇਹ ਵਾਤਾਵਰਨ, ਸਮਾਜ, ਰੁਜ਼ਗਾਰ, ਨਾ-ਬਰਾਬਰੀ, ਖੇਤੀਬਾੜੀ, ਉਦਯੋਗ, ਸੁਰੱਖਿਆ ਆਦਿ ਨਾਲ ਸਬੰਧਿਤ ਹਨ। ਵੱਖੋ-ਵੱਖਰੇ ਵਿਸ਼ਿਆਂ ਦੇ ਮਾਹਿਰਾਂ ਕੋਲ ਹਰ ਮੁਸ਼ਕਲ ਦਾ ਸੀਮਤ ਜਿਹਾ ਹੱਲ ਹੈ; ਜ਼ਮੀਨੀ ਪੱਧਰ ਉੱਤੇ ਲੋਕ ਕਈ ਸਮੱਸਿਆਵਾਂ ਦੇ ਮਿਸ਼ਰਨ ਨਾਲ ਦੋ-ਚਾਰ ਹੋ ਰਹੇ ਹਨ। ਮਾਹਿਰਾਂ ਨੂੰ ਆਪਣੇ ਆਸਨ ਤੋਂ ਉੱਠ ਅਸਲੀਅਤ ਨੂੰ ਸਮਝਣ ਲਈ ਲੋਕਾਂ ਨੂੰ ਨਿਮਰਤਾ ਨਾਲ ਸੁਣਨਾ ਚਾਹੀਦਾ ਹੈ।

ਸਾਰੇ ਇਕੋ ਧਰਤੀ ’ਤੇ ਰਹਿੰਦੇ ਹਨ ਤੇ ਪੰਛੀਆਂ, ਜਾਨਵਰਾਂ ਅਤੇ ਦਰੱਖਤਾਂ ਵਾਂਗ ਆਪਣੀਆਂ ਜਿ ?ਦਗੀਆਂ ਲਈ ਉਸ ’ਤੇ ਨਿਰਭਰ ਵੀ ਹਨ। ਉਹ ਜਾਣਦੇ ਹਨ ਕਿ ਉਨ੍ਹਾਂ ਦੇ ਆਲੇ-ਦੁਆਲੇ ਦਾ ਢਾਂਚਾ ਕਿਵੇਂ ਕੰਮ ਕਰਦਾ ਹੈ। ਢਾਂਚਾਗਤ ਆਲਮੀ ਮੁਸ਼ਕਲਾਂ ਦਾ ਹੱਲ ਸਥਾਨਕ ਪੱਧਰ ’ਤੇ ਹੀ ਹੋਣਾ ਚਾਹੀਦਾ ਹੈ ਤਾਂ ਜੋ ਇਹ ਯਕੀਨੀ ਬਣ ਸਕੇ ਕਿ ਕੱਢਿਆ ਗਿਆ ਹੱਲ ਢੁੱਕਵਾਂ ਹੈ।

ਯੋਗ ਸਾਨੂੰ ਸਿਖਾਉਂਦਾ ਹੈ ਕਿ ਗਹਿਰਾ ਸਾਹ ਭਰਨ ਦਾ ਅਭਿਆਸ ਮਨੁੱਖੀ ਮਨ ਅਤੇ ਸਰੀਰ ਨੂੰ ਤੰਦਰੁਸਤੀ ਰੱਖਦਾ ਹੈ ਜੋ ਗੁੰਝਲਦਾਰ ਪ੍ਰਣਾਲੀ ਹੈ। ਇਸੇ ਤਰ੍ਹਾਂ ਦੂਜਿਆਂ ਨੂੰ ਗਹਿਰਾਈ ਨਾਲ ਸੁਣਨ ਦਾ ਅਭਿਆਸ, ਖਾਸ ਤੌਰ ’ਤੇ ਉਨ੍ਹਾਂ ਨੂੰ ਜਿਨ੍ਹਾਂ ਨੂੰ ਅਸੀਂ ‘ਆਪਣੇ ਵਰਗਾ ਨਹੀਂ ਮੰਨਦੇ’, ਸਾਂਝੇ ਸਮਾਜ ਤੇ ਧਰਤੀ ਦੀ ਸਿਹਤਯਾਬੀ ਲਈ ਬੇਹੱਦ ਅਹਿਮ ਹੈ। ਕਿਸੇ ਨੂੰ ਸੁਣਨ ਦੀ ‘ਤਕਨੀਕ’, ‘ਜੀਨੋਮ ਐਡੀਟਿੰਗ’ ਦੇ ਗੂੜ੍ਹ ਗਿਆਨ ਨਾਲੋਂ ਕਿਤੇ ਸਾਧਾਰਨ ਹੈ। ਸਕੂਲਾਂ ਵਿਚ ਬੱਚਿਆਂ ਨੂੰ ਸੁਣਨਾ ਨਹੀਂ ਸਿਖਾਇਆ ਜਾਂਦਾ; ਉਨ੍ਹਾਂ ਨੂੰ ਸਪੱਸ਼ਟ ਬੋਲਣਾ, ਲਿਖਣਾ ਤੇ ਬਹਿਸ ਕਰਨਾ ਸਿਖਾਇਆ ਜਾਂਦਾ ਹੈ। ਉਹ ਮੁਕਾਬਲਾ ਕਰਨਾ ਸਿੱਖਦੇ ਹਨ, ਇਹ ਨਹੀਂ ਕਿ ਕਿਸੇ ਦੇ ਭਾਈਵਾਲ ਕਿਵੇਂ ਬਣੀਏ। ਹਰ ਕੋਈ ਚਾਹੁੰਦਾ ਹੈ ਕਿ ਉਸ ਨੂੰ ਸੋਸ਼ਲ ਮੀਡੀਆ ’ਤੇ ਸੁਣਿਆ ਤੇ ਦੇਖਿਆ ਜਾਵੇ। ਸਿਰਫ਼ ਗਿਣਤੀ ਦੇ ਲੋਕ ਹੀ ਸਾਡੀ ਇਸ ਦੁਨੀਆ ਨੂੰ ਦੂਜਿਆਂ ਦੇ ਦ੍ਰਿਸ਼ਟੀਕੋਣ ਤੋਂ ਜਾਣਨ ਦੇ ਇਛੁੱਕ ਹੁੰਦੇ ਹਨ।

ਨੌਜਵਾਨ ‘ਸਟੈਮ’ (ਵਿਗਿਆਨ, ਤਕਨੀਕ, ਇੰਜਨੀਅਰਿੰਗ ਤੇ ਗਣਿਤ ਜਾਂ ਅਰਥ ਸ਼ਾਸਤਰ ਅਤੇ ਮੈਨੇਜਮੈਂਟ) ਵਿਚ ਰੁਚੀ ਲੈ ਰਹੇ ਹਨ। ਉਹ ਮਨੁੱਖ ਹੋਣ ਦਾ ਮਤਲਬ ਨਹੀਂ ਸਿੱਖ ਸਕਦੇ। ਸੰਵਾਦ ਦੀ ਸਾਇੰਸ ਨਾਲੋਂ ਜਿ ?ਆਦਾ ‘ਡੇਟਾ ਸਾਇੰਸਿਜ਼’ ਦੇ ਮਗਰ ਲੱਗ ਕੇ ਸੰਸਾਰ ਹੋਰ ਹਨੇਰੇ ਵਿਚ ਡੁੱਬ ਰਿਹਾ ਹੈ; ਤੇ ਆਪਣੇ ਲਈ ਹੋਰ ਚੀਜ਼ਾਂ ਇਕੱਠੀਆਂ ਕਰਨ ਦੇ ਇਸ ਪਾਗਲਪਨ ਵਿੱਚ ਅਸੀਂ ਸਾਂਝੀ ਜ਼ਮੀਨ ਤੇ ਖ਼ੁਦ ਨੂੰ ਖ਼ਤਮ ਕਰ ਰਹੇ ਹਾਂ। ਸਾਨੂੰ ਲਾਜ਼ਮੀ ਤੌਰ ’ਤੇ ਉਨ੍ਹਾਂ ਲੋਕਾਂ ਨੂੰ ਡੂੰਘਾਈ ਨਾਲ ਸੁਣਨਾ ਸਿੱਖਣਾ ਚਾਹੀਦਾ ਹੈ ਜੋ ਸਾਡੇ ਵਰਗੇ ਨਹੀਂ ਹਨ ਤਾਂ ਕਿ ਅਸੀਂ ਉਸ ਦੁਨੀਆ ਨੂੰ ਸਮਝ ਸਕੀਏ ਜਿਸ ਦੇ ਅਸੀਂ ਛੋਟੇ-ਛੋਟੇ ਹਿੱਸੇ ਹਾਂ ਅਤੇ ਰਲ-ਮਿਲ ਕੇ ਅਜਿਹਾ ਭਵਿੱਖ ਸਿਰਜ ਸਕੀਏ ਜੋ ਸਭ ਲਈ ਚੰਗਾ ਹੋਵੇ।

# ਖੇਲੋ ਇੰਡੀਆ ਰਾਈਜ਼ਿੰਗ ਟੇਲੈਂਟ ਆਈਡੈਂਟੀਫਿਕੇਸ਼ਨ ਪ੍ਰੋਗਰਾਮ ਭਾਰਤ ਨੂੰ 2036 ਵਿੱਚ ਚੋਟੀ ਦੇ 10 ਖੇਡ ਰਾਸ਼ਟਰਾਂ ਅਤੇ 2047 ਵਿੱਚ ਚੋਟੀ ਦੇ 5 ਖੇਡ ਦੇਸ਼ਾਂ ਵਿੱਚ ਸ਼ਾਮਲ ਹੋਣ ਲਈ ਇੱਕ ਵੱਡਾ ਕਦਮ ਸਾਬਤ ਹੋਵੇਗਾ: ਅਨੁਰਾਗ ਸਿੰਘ ਠਾਕੁਰ

## 9 ਤੋਂ 18 ਸਾਲ ਦੀ ਉਮਰ ਦੇ ਸਕੂਲ ਜਾਣ ਵਾਲੇ ਬੱਚਿਆਂ ਵਿੱਚ ਪ੍ਰਤਿਭਾ ਨੂੰ ਖੋਜਣ ਦੇ ਉਦੇਸ਼ ਨਾਲ, ਕੇਂਦਰੀ ਯੁਵਾ ਮਾਮਲੇ ਅਤੇ ਖੇਡ ਮੰਤਰੀ ਨੇ ਚੰਡੀਗੜ੍ਹ ਵਿੱਚ ਕੀਰਤੀ (KIRTI) ਦਾ ਕੀਤਾ ਉਦਘਾਟਨ

**ਚੰਡੀਗੜ੍ਹ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਯੁਵਾ ਮਾਮਲੇ ਅਤੇ ਖੇਡਾਂ ਬਾਰੇ ਮੰਤਰੀ, ਸ਼੍ਰੀ ਅਨੁਰਾਗ ਸਿੰਘ ਠਾਕੁਰ ਨੇ ਚੰਡੀਗੜ੍ਹ ਦੇ ਸੈਕਟਰ 7 ਸਪੋਰਟਸ ਕੰਪਲੈਕਸ ਵਿਖੇ ਬਹੁਤ ਉਤਸ਼ਾਹ ਦੇ ਵਿਚਕਾਰ ਵਿਲੱਖਣ ਖੇਲੋ ਇੰਡੀਆ ਰਾਈਜ਼ਿੰਗ ਟੇਲੈਂਟ ਆਈਡੈਂਟੀਫਿਕੇਸ਼ਨ (ਕੀਰਤੀ) ਪ੍ਰੋਗਰਾਮ ਦਾ ਉਦਘਾਟਨ ਕੀਤਾ। ਨੌਂ ਤੋਂ 18 ਸਾਲ ਉਮਰ ਤੱਕ ਦੇ ਸਕੂਲੀ ਬੱਚਿਆਂ ਲਈ ਟੀਚਾ, ਰਾਸ਼ਟਰ ਵਿਆਪੀ ਯੋਜਨਾ ਦੇ ਦੋ ਮੁੱਖ ਉਦੇਸ਼ ਹੋਣਗੇ: ਦੇਸ਼ ਦੇ ਹਰ ਕੋਨੇ ਤੋਂ ਪ੍ਰਤਿਭਾ ਦੀ ਭਾਲ ਕਰਨਾ ਅਤੇ ਨਸ਼ਿਆਂ ਅਤੇ ਹੋਰ ਗੈਜੇਟਰੀ ਭਟਕਾਅ ਨੂੰ ਰੋਕਣ ਲਈ ਖੇਡਾਂ ਨੂੰ ਇੱਕ ਸਾਧਨ ਵਜੋਂ ਵਰਤਣਾ।

ਇੱਕ ਚਮਕਦਾਰ ਅਤੇ ਧੁੱਪ ਵਾਲੇ ਦਿਨ, ਸ਼੍ਰੀ ਠਾਕੁਰ ਨੇ ਇਸ ਗੱਲ ’ਤੇ ਜ਼ੋਰ ਦਿੱਤਾ ਕਿ ਕੀਰਤੀ (KIRTI) ਮਾਣਯੋਗ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦਾ ਇੱਕ ਸੁਪਨਾ ਸੀ ਕਿ ਖੇਡਾਂ ਦਾ ਸੱਭਿਆਚਾਰ ਉਸਾਰਿਆ ਜਾਵੇ ਅਤੇ ਪ੍ਰਤਿਭਾ ਦਾ ਇੱਕ ਅਜਿਹਾ ਪੂਲ ਬਣਾਇਆ ਜਾਵੇ ਜੋ ਓਲੰਪਿਕ ਅਤੇ ਏਸ਼ੀਆਈ ਖੇਡਾਂ ਜਿਹੇ ਗਲੋਬਲ ਪੱਧਰ ਦੇ ਮੁਕਾਬਲਿਆਂ ਵਿੱਚ ਭਾਰਤ ਨੂੰ ਮੈਡਲ ਜਿੱਤਾ ਸਕੇ।

ਕੀਰਤੀ (KIRTI) ਨੇ ਭਾਰਤ ਵਿੱਚ 50 ਕੇਂਦਰਾਂ ਵਿੱਚ ਇੱਕ ਠੋਸ ਸ਼ੁਰੂਆਤ ਕੀਤੀ। ਅਥਲੈਟਿਕਸ, ਮੁੱਕੇਬਾਜ਼ੀ, ਕੁਸ਼ਤੀ, ਹਾਕੀ, ਫੁੱਟਬਾਲ ਅਤੇ ਕੁਸ਼ਤੀ ਸਮੇਤ 10 ਖੇਡਾਂ ਵਿੱਚ ਪਹਿਲੇ ਫੇਜ਼ ਵਿੱਚ 50 ਹਜ਼ਾਰ ਬਿਨੈਕਾਰਾਂ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ। ਕੀਰਤੀ (KIRTI) ਦਾ ਲਕਸ਼ ਨੋਟੀਫਾਈਡ ਟੇਲੈਂਟ ਅਸੈਸਮੈਂਟ ਸੈਂਟਰਾਂ ਦੁਆਰਾ ਦੇਸ਼ ਭਰ ਵਿੱਚ ਪ੍ਰਤਿਭਾ ਦੀ ਪਛਾਣ ਕਰਨ ਲਈ ਸਾਲ ਭਰ ਵਿੱਚ 20 ਲੱਖ ਮੁਲਾਂਕਣ ਕਰਨ ਦਾ ਹੈ।

ਸ਼੍ਰੀ ਠਾਕੁਰ ਨੇ ਕਿਹਾ ਕਿ ਇਸ ਸਕੇਲ ਦਾ ਇੱਕ ਸਕਾਊਟਿੰਗ ਅਤੇ ਟ੍ਰੇਨਿੰਗ ਪ੍ਰੋਗਰਾਮ ਭਾਰਤ ਵਿੱਚ ਪਹਿਲਾ ਹੈ ਅਤੇ ਇੱਕ ਅਜਿਹੇ ਸਮੇਂ ਵਿੱਚ ਆਇਆ ਹੈ ਜਦੋਂ ਰਾਸ਼ਟਰ 2036 ਤੱਕ ਦੁਨੀਆ ਦੇ ਚੋਟੀ ਦੇ 10 ਖੇਡ ਰਾਸ਼ਟਰਾਂ ਵਿੱਚ ਅਤੇ 2047 ਤੱਕ ਚੋਟੀ ਦੇ ਪੰਜ ਵਿੱਚ ਸ਼ਾਮਲ ਹੋਣ ਦੀ ਇੱਛਾ ਰੱਖਦਾ ਹੈ।

ਸ਼੍ਰੀ ਠਾਕੁਰ ਨੇ ਜ਼ੋਰ ਦੇ ਕੇ ਕਿਹਾ ਕਿ ਨੌਜਵਾਨ ਰਾਸ਼ਟਰ ਦਾ ‘ਬਿਲਡਿੰਗ ਬਲਾਕ’ ਹਨ ਅਤੇ ਖੇਡਾਂ ਵਿੱਚ ਨਤੀਜੇ ਪ੍ਰਾਪਤ ਕਰਨ ਲਈ, ਵਿਅਕਤੀ ਨੂੰ ਜਲਦੀ ਸ਼ੁਰੂਆਤ ਕਰਨੀ ਚਾਹੀਦੀ ਹੈ। ਇਹ ਦੱਸਦੇ ਹੋਏ ਕਿ ਇੱਕ ਐਥਲੀਟ ਨੂੰ ਓਲੰਪਿਕ ਤਮਗਾ ਜਿੱਤਣ ਲਈ ਘੱਟੋ-ਘੱਟ 10 ਸਾਲ ਦੀ ਤਿਆਰੀ ਦੀ ਲੋੜ ਹੁੰਦੀ ਹੈ, ਮੰਤਰੀ ਨੇ ਕਿਹਾ, ਕੀਰਤੀ ਦੇਸ਼ ਦੇ ਹਰ ਬਲਾਕ ਤੱਕ ਪਹੁੰਚਣਾ ਚਾਹੁੰਦੀ ਹੈ ਅਤੇ ਉਨ੍ਹਾਂ ਬੱਚਿਆਂ ਨਾਲ ਜੁੜਨਾ ਚਾਹੁੰਦੀ ਹੈ ਜੋ ਕੋਈ ਖੇਡ ਖੇਡਣਾ



ਚਾਹੁੰਦੇ ਹਨ ਪਰ ਨਹੀਂ ਜਾਣਦੇ ਕਿ ਕਿਵੇਂ। ਅਸੀਂ ਜਾਣਦੇ ਹਾਂ ਕਿ ਖੇਡਾਂ ਖੇਡਣ ਵਾਲਾ ਹਰ ਬੱਚਾ ਤਮਗਾ ਨਹੀਂ ਜਿੱਤ ਸਕੇਗਾ, ਪਰ ਘੱਟੋ-ਘੱਟ ਅਸੀਂ ਨੌਜਵਾਨਾਂ ਨੂੰ ਨਸ਼ਿਆਂ ਅਤੇ ਹੋਰ ਨਸ਼ਿਆਂ ਤੋਂ ਦੂਰ ਰੱਖਣ ਲਈ ਖੇਡਾਂ ਦੀ ਵਰਤੋਂ ਕਰਨਾ ਚਾਹੁੰਦੇ ਹਾਂ। ਮੈਂ ਹਰ ਬੱਚੇ ਨੂੰ ਮਾਈਭਾਰਤ (MyBharat) ਪੋਰਟਲ ਜ਼ਰੀਏ ਰਜਿਸਟਰ ਕਰਨ ਦੀ ਤਾਕੀਦ ਕਰਦਾ ਹਾਂ ਅਤੇ ਉਨ੍ਹਾਂ ਕੋਲ ਜਾਣ ਅਤੇ ਕੀਰਤੀ ਦੁਆਰਾ ਮੌਕਾ ਪ੍ਰਦਾਨ ਕਰਨ ਦੀ ਜ਼ਿੰਮੇਵਾਰੀ ਸਾਡੀ ਹੋਵੇਗੀ।

ਕੀਰਤੀ ਦਾ ਐਥਲੀਟ-ਕੇਂਦ੍ਰਿਤ ਪ੍ਰੋਗਰਾਮ ਸੂਚਨਾ ਟੈਕਨੋਲੋਜੀ ’ਤੇ ਅਧਾਰਿਤ ਆਪਣੀ ਪਾਰਦਰਸ਼ੀ ਚੋਣ ਵਿਧੀ ਦੁਆਰਾ ਵੱਖਰਾ ਹੈ। ਆਰਟੀਫੀਸ਼ੀਅਲ ਇੰਟੈਲੀਜੈਂਸ ’ਤੇ ਅਧਾਰਿਤ ਡੇਟਾ ਵਿਸ਼ਲੇਸ਼ਣ ਦੀ ਵਰਤੋਂ ਕਿਸੇ ਖ਼ਾਹਿਸ਼ੀ ਅਥਲੀਟ ਵਿੱਚ ਖੇਡ ਕੁਸ਼ਲਤਾ ਦੀ ਭਵਿੱਖਬਾਣੀ ਕਰਨ ਲਈ ਕੀਤੀ ਜਾ ਰਹੀ ਹੈ। ਸ਼੍ਰੀ ਠਾਕੁਰ ਨੇ ਅੱਗੇ ਕਿਹਾ ਕਿ ਇਸ ਵਿਸ਼ਾਲਤਾ ਦੀ ਇੱਕ ਪ੍ਰਤਿਭਾ ਸਕਾਊਟਿੰਗ ਪ੍ਰਣਾਲੀ ਲਈ ਰਾਸ਼ਟਰੀ ਖੇਡ ਫੈਡਰੇਸ਼ਨਾਂ ਅਤੇ ਰਾਜ ਸਰਕਾਰਾਂ ਨਾਲ ਰਣਨੀਤਕ ਸਹਿਯੋਗ ਦੀ ਲੋੜ ਹੋਵੇਗੀ। ਉਨ੍ਹਾਂ ਅੱਗੇ ਕਿਹਾ ਕਿ ਸਰਕਾਰ ਪਹਿਲਾਂ ਹੀ ਇੰਫ੍ਰਾਸਟ੍ਰਕਚਰ ’ਤੇ 3000 ਕਰੋੜ ਰੁਪਏ ਖਰਚ ਕਰ ਚੁੱਕੀ ਹੈ ਅਤੇ ਦੇਸ਼ ਭਰ ਵਿੱਚ 1000 ਤੋਂ ਵੱਧ ਖੇਲੋ ਇੰਡੀਆ ਸੈਂਟਰ ਮੌਜੂਦ ਹਨ।

ਇਸ ਮੌਕੇ ਹੋਰਨਾਂ ਤੋਂ ਇਲਾਵਾ, ਚੰਡੀਗੜ੍ਹ ਤੋਂ ਸੰਸਦ ਮੈਂਬਰ ਸ਼੍ਰੀਮਤੀ ਕਿਰਨ ਖੇਰ, ਚੰਡੀਗੜ੍ਹ ਪ੍ਰਸ਼ਾਸਨ ਦੇ ਸਲਾਹਕਾਰ ਸ਼੍ਰੀ ਰਾਜੀਵ ਵਰਮਾ ਅਤੇ ਹਾਂਗਝੂ ਏਸ਼ੀਅਨ ਗੇਮਜ਼ ਦੇ ਸਿਲਵਰ ਮੈਡਲ ਜੇਤੂ ਅਤੇ ਉਭਰਦੇ ਜੈਵਲਿਨ ਸਟਾਰ ਅਤੇ ਪੈਰਿਸ ਓਲੰਪਿਕਸ ਦੇ ਤਗਮੇ ਦੇ ਦਾਅਵੇਦਾਰ ਕਿਸ਼ੋਰ ਕੁਮਾਰ ਜੇਨਾ ਹਾਜ਼ਰ ਸਨ।

ਸ਼੍ਰੀਮਤੀ ਖੇਰ ਨੇ ਕੀਰਤੀ ਪ੍ਰੋਗਰਾਮ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਚੰਡੀਗੜ੍ਹ ਨੇ ਕਪਿਲ ਦੇਵ, ਯੁਵਰਾਜ ਸਿੰਘ ਅਤੇ ਅਭਿਨਵ ਬਿੰਦਰਾ ਜਿਹੇ ਮਕਬੂਲ ਖਿਡਾਰੀ ਦਿੱਤੇ ਹਨ ਅਤੇ ਇਹ ਸਕੀਮ ਖੇਡ ਖੇਡਣ ਵਾਲਿਆਂ ਲਈ ਇੱਕ ਵੱਡੀ ਪ੍ਰੇਰਣਾ ਵਜੋਂ ਆਈ ਹੈ।

ਸ਼੍ਰੀਮਤੀ ਖੇਰ ਨੇ ਕਿਹਾ ਹਰ ਮਾਤਾ-ਪਿਤਾ ਚਾਹੁੰਦੇ ਹਨ ਕਿ ਉਨ੍ਹਾਂ ਦਾ ਬੱਚਾ ਜ਼ਿੰਦਗੀ ਵਿਚ ਕੁਝ ਹਾਸਲ ਕਰੇ। ਪਰ ਕਈ ਵਾਰ ਸੁਪਨੇ ਅਤੇ ਹਕੀਕਤ ਨਹੀਂ ਮਿਲਦੇ। ਘੱਟੋ-ਘੱਟ ਖੇਡਾਂ ਵਿੱਚ, ਕੀਰਤੀ ਇਸ ਪਾੜੇ ਨੂੰ ਪੂਰਾ ਕਰਨ ਵਿੱਚ ਮਦਦ ਕਰੇਗੀ। ਹੁਣ ਹਰ ਬੱਚਾ ਜੋ ਖੇਡਣਾ ਅਤੇ ਖੇਡ ਵਿੱਚ ਉੱਤਮ ਹੋਣਾ ਚਾਹੁੰਦਾ ਹੈ, ਉਸ ਕੋਲ ਇੱਕ ਰਸਤਾ ਹੋਵੇਗਾ।

ਚੰਡੀਗੜ੍ਹ ਦੇ ਸੈਕਟਰ 7 ਸਪੋਰਟਸ ਕੰਪਲੈਕਸ ਵਿਖੇ ਚੋਣ ਪ੍ਰਕਿਰਿਆ ਲਈ ਕਈ ਨੌਜਵਾਨ ਲੜਕੇ ਅਤੇ ਲੜਕੀਆਂ ਨੇ ਹਿੱਸਾ ਲਿਆ। 14 ਸਾਲਾ ਦੌੜਾਕ ਅਮਨ ਸ਼ਰਮਾ ਅਤੇ 17 ਸਾਲਾ ਵਾਕਰ ਜਸਕਰਨ ਸਿੰਘ ਲਈ ਕੀਰਤੀ ਨੇ ਮੌਕੇ ਦੀ ਇੱਕ ਵੱਡੀ ਖਿੜਕੀ ਖੋਲ੍ਹ ਦਿੱਤੀ ਹੈ। ਜਸਕਰਨ ਨੇ ਪੈਰਿਸ ਜਾਣ ਵਾਲੀ ਜੇਨਾ ਨਾਲ ਫੋਟੋ ਖਿਚਵਾਉਣ ਲਈ ਆਪਣੀ ਵਾਰੀ ਦਾ ਇੰਤਜ਼ਾਰ ਕਰਦਿਆਂ ਕਿਹਾ ਹੁਣ ਸਾਨੂੰ ਪਤਾ ਹੈ ਕਿ ਕਿੱਥੇ ਜਾਣਾ ਹੈ ਅਤੇ ਟ੍ਰੇਨਿੰਗ ਕਰਨੀ ਹੈ। ਕੀਰਤੀ ਸੱਚਮੁੱਚ ਸਾਨੂੰ ਪ੍ਰੇਰਿਤ ਕਰ ਰਹੀ ਹੈ। ਸ਼੍ਰੀ ਠਾਕੁਰ ਦੁਆਰਾ ਜੇਨਾ ਦਾ ਸਵਾਗਤ ਕੀਤਾ ਗਿਆ ਅਤੇ ਬੁਡਾਪੇਸਟ ਵਿੱਚ ਪਿਛਲੇ ਸਾਲ ਏਸ਼ੀਅਨ ਗੇਮਜ਼ ਅਤੇ ਵਰਲਡ ਅਥਲੈਟਿਕਸ ਮੀਟ ਵਿੱਚ ਨੀਰਜ ਚੋਪੜਾ ਨੂੰ ਚੁਣੌਤੀ ਦੇਣ ਵਾਲੇ ਵਿਅਕਤੀ ਨੇ ਕਿਹਾ: ਮੈਂ ਪਹਿਲਾਂ ਵੀ ਇਹ ਉਜਾਗਰ ਕੀਤਾ ਹੈ ਕਿ ਖਿਡਾਰੀਆਂ ਨੂੰ ਜ਼ਮੀਨੀ ਪੱਧਰ ’ਤੇ ਲੋੜੀਂਦਾ ਸਮਰਥਨ ਨਹੀਂ ਮਿਲਦਾ। ਜਦੋਂ ਉਹ ਮੈਡਲ ਜਿੱਤਣ ਲੱਗਦੇ ਹਨ ਤਾਂ ਹੀ ਉਨ੍ਹਾਂ ਨੂੰ ਵਿੱਤੀ ਅਤੇ ਨੈਤਿਕ ਸਹਾਇਤਾ ਮਿਲਦੀ ਹੈ, ਜਦੋਂ ਕਿ ਅਜਿਹਾ ਨਹੀਂ ਹੋਣਾ ਚਾਹੀਦਾ ਹੈ। ਕੀਰਤੀ ਬਹੁਤ ਵਧੀਆ ਸਕੀਮ ਹੈ ਅਤੇ ਇਸ ਵਿੱਚ ਸਹੀ ਉਮਰ ਦੇ ਬੱਚਿਆਂ ਨੂੰ ਸ਼ਾਮਲ ਕੀਤਾ ਜਾ ਰਿਹਾ ਹੈ। ਉਹ ਊਰਜਾ ਨਾਲ ਭਰਪੂਰ ਹਨ ਅਤੇ ਇਹ ਸਮਾਂ ਉਨ੍ਹਾਂ ਦੀ ਪ੍ਰਤਿਭਾ ਨੂੰ ਪਛਾਣਨ ਅਤੇ ਉਨ੍ਹਾਂ ਨੂੰ ਨਿਖਾਰਨ ਜਾਂ ਪੋਸ਼ਣ ਕਰਨ ਦਾ ਹੈ। ਸ਼੍ਰੀ ਠਾਕੁਰ ਨੇ ਇੱਕ ਵਾਰ ਫਿਰ 2030 ਵਿੱਚ ਯੂਥ ਓਲੰਪਿਕਸ ਅਤੇ 2036 ਵਿੱਚ ਸਮਰ ਓਲੰਪਿਕਸ ਦੀ ਮੇਜ਼ਬਾਨੀ ਕਰਨ ਦੇ ਭਾਰਤ ਦੇ ਸੰਕਲਪ ਨੂੰ ਦੁਹਰਾਇਆ।

ਸ਼੍ਰੀ ਠਾਕੁਰ, ਜੋ ਸੂਚਨਾ ਤੇ ਪ੍ਰਸਾਰਣ ਲਈ ਕੇਂਦਰੀ ਮੰਤਰੀ ਵੀ ਹਨ, ਨੇ ਕਿਹਾ ਜੇਕਰ ਅਸੀਂ ਇੱਕ ਵਿਸ਼ਵ ਮਹਾਂਸ਼ਕਤੀ ਬਣਨਾ ਹੈ, ਤਾਂ ਸਾਨੂੰ ਖੇਡਾਂ ਦੀ ਸਾਫਟ ਪਾਵਰ ਦਾ ਪ੍ਰਦਰਸ਼ਨ ਕਰਨਾ ਅਤੇ ਲਾਭ ਉਠਾਉਣਾ ਹੋਵੇਗਾ। ਸੰਗੀਤ, ਫਿਲਮਾਂ ਅਤੇ ਖੇਡਾਂ ਖ਼ੁਸ਼ੀਆਂ ਦੇ ਵਾਹਨ ਹਨ ਅਤੇ ਅਸੀਂ ਇਨ੍ਹਾਂ ਸਾਰਿਆਂ ਵਿੱਚ ਚੰਗੇ ਹਾਂ। ਕੀਰਤੀ ਇਸ ਸਭ ਨੂੰ ਮਜ਼ਬੂਤ ਕਰਨ ਵਿੱਚ ਵੀ ਮਦਦ ਕਰੇਗੀ। ਸਰਕਾਰੀ ਪੱਖ ਤੋਂ, ਸਾਨੂੰ ਸਿਰਫ ਕੰਮ ਕਰਨ ਦੀ ਅਸਾਨੀ (ease of business) ਨੂੰ ਸੁਚਾਰੂ ਬਣਾਉਣਾ ਹੈ ਅਤੇ ਇਹ ਇੱਕ ਤਰਜੀਹ ਹੈ।

# ਲੰਪੀ ਸਕਿੱਨ ਬਿਮਾਰੀ ਤੋਂ ਬਚਾਅ ਲਈ 50 ਫੀਸਦੀ ਗਊਆਂ ਦਾ ਟੀਕਾਕਰਨ ਮੁਕੰਮਲ: ਗੁਰਮੀਤ ਸਿੰਘ ਖੁੱਡੀਆਂ

## ➢ 837 ਵੈਟਰਨਰੀ ਟੀਮਾਂ ਰੋਜ਼ਾਨਾ ਲਗਾ ਰਹੀਆਂ ਹਨ 60 ਹਜ਼ਾਰ ਖੁਰਾਕਾਂ ➢ ਪਸ਼ੂ ਪਾਲਣ ਮੰਤਰੀ ਵੱਲੋਂ ਅਧਿਕਾਰੀਆਂ ਨੂੰ 16 ਅਪ੍ਰੈਲ ਤੱਕ ਟੀਕਾਕਰਨ ਮੁਹਿੰਮ ਨੂੰ ਮੁਕੰਮਲ ਕਰਨ ਦੇ ਨਿਰਦੇਸ਼

**ਚੰਡੀਗੜ੍ਹ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਲੰਪੀ ਸਕਿੱਨ ਬਿਮਾਰੀ ਤੋਂ ਬਚਾਅ ਲਈ ਚਲਾਈ ਜਾ ਰਹੀ ਵਿਆਪਕ ਟੀਕਾਕਰਨ ਮੁਹਿੰਮ ਤਹਿਤ ਪੰਜਾਬ ਦੇ ਪਸ਼ੂ ਪਾਲਣ ਵਿਭਾਗ ਨੇ ਮਹਿਜ਼ 17 ਦਿਨਾਂ ਅੰਦਰ ਲਗਭਗ 50 ਫੀਸਦੀ ਗਊਆਂ ਦਾ ਟੀਕਾਕਰਨ ਮੁਕੰਮਲ ਕਰ ਲਿਆ ਹੈ।

ਲੰਪੀ ਸਕਿੱਨ ਇੱਕ ਵਾਇਰਲ ਬਿਮਾਰੀ ਹੈ, ਜਿਸ ਨਾਲ ਪਸ਼ੂਆਂ ਨੂੰ ਬੁਖਾਰ ਦੇ ਨਾਲ-ਨਾਲ ਚਮੜੀ ’ਤੇ ਧੱਫੜ ਹੋ ਜਾਂਦੇ ਹਨ ਅਤੇ ਇਹ ਪਸ਼ੂਆਂ ਲਈ ਜਾਨਲੇਵਾ ਹੋ ਸਕਦੀ ਹੈ।

ਜ਼ਿਕਰਯੋਗ ਹੈ ਕਿ ਇਹ ਮੁਹਿੰਮ ਇਸ ਸਾਲ 25 ਫਰਵਰੀ ਨੂੰ ਸ਼ੁਰੂ ਕੀਤੀ ਗਈ ਸੀ, ਜਿਸ ਤਹਿਤ ਗਊਵੰਸ਼ ਨੂੰ ਇਸ ਘਾਤਕ ਬਿਮਾਰੀ ਤੋਂ ਬਚਾਉਣ ਲਈ ਬੂਸਟਰ ਡੋਜ਼ ਵਜੋਂ ਗੋਟ ਪੌਕਸ ਵੈਕਸੀਨ ਤੀਜੀ ਵਾਰ ਲਗਾਈ ਜਾ ਰਹੀ ਹੈ।



ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਦੇ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਇਸ ਵਿਆਪਕ ਮੁਹਿੰਮ ਤਹਿਤ ਸੂਬੇ ਦੇ 25 ਲੱਖ ਗਊਵੰਸ਼ ਦੇ 100 ਫ਼ੀਸਦੀ ਟੀਕਾਕਰਨ ਦਾ ਟੀਚਾ ਮਿੱਥਿਆ ਹੈ। ਉਨ੍ਹਾਂ ਕਿਹਾ ਕਿ ਵਿਭਾਗ ਵੱਲੋਂ ਸੂਬੇ ਵਿੱਚ ਹੁਣ ਤੱਕ 12,49,779 ਪਸ਼ੂਆਂ ਦਾ ਟੀਕਾਕਰਨ ਕੀਤਾ ਜਾ ਚੁੱਕਾ ਹੈ।

ਕੈਬਨਿਟ ਮੰਤਰੀ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸੂਬੇ ਵਿੱਚ 16 ਅਪ੍ਰੈਲ ਤੱਕ 25 ਲੱਖ ਗਊਵੰਸ਼ ਦੇ 100 ਫ਼ੀਸਦੀ ਟੀਕਾਕਰਨ ਨੂੰ ਯਕੀਨੀ ਬਣਾਉਣ ਲਈ ਮੁਹਿੰਮ ਨੂੰ ਹੋਰ ਤੇਜ਼ ਕੀਤਾ ਜਾਵੇ।

ਉਨ੍ਹਾਂ ਦੱਸਿਆ ਕਿ ਵੈਕਸੀਨ ਦੀਆਂ ਰੋਜ਼ਾਨਾ 60,000 ਖੁਰਾਕਾਂ ਲਗਾਉਣ ਦੇ ਟੀਚੇ ਦੀ ਪ੍ਰਾਪਤੀ ਲਈ ਪਸ਼ੂ ਪਾਲਣ ਵਿਭਾਗ ਵੱਲੋਂ 837 ਸਮਰਪਿਤ ਵੈਟਰਨਰੀ ਟੀਮਾਂ ਫ਼ੀਲਡ ਵਿੱਚ ਤਾਇਨਾਤ ਕੀਤੀਆਂ ਗਈਆਂ ਹਨ।

ਸ. ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਸੂਬਾ ਸਰਕਾਰ ਨੇ ਲੰਪੀ ਸਕਿੱਨ ਤੋਂ ਬਚਾਅ ਲਈ ਪਸ਼ੂਆਂ ਦੇ ਟੀਕਾਕਰਨ ਵਾਸਤੇ ਤੇਲੰਗਾਨਾ ਸਟੇਟ ਵੈਟਰਨਰੀ ਬਾਇਓਲੌਜੀਕਲ ਐਂਡ ਰਿਸਰਚ ਇੰਸਟੀਚਿਊਟ, ਹੈਦਰਾਬਾਦ ਤੋਂ 78.75 ਲੱਖ ਰੁਪਏ ਦੀ ਲਾਗਤ ਨਾਲ ਗੋਟ ਪੌਕਸ ਵੈਕਸੀਨ ਦੀਆਂ 25 ਲੱਖ ਖੁਰਾਕਾਂ ਖ਼ਰੀਦੀਆਂ ਹਨ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਤਹਿਤ ਸੂਬੇ ਵਿੱਚ ਸਰਕਾਰੀ ਅਤੇ ਪ੍ਰਾਈਵੇਟ ਗਊਸ਼ਾਲਾਵਾਂ ਵਿੱਚ ਸਾਰੇ ਗਊਵੰਸ਼ ਦਾ ਟੀਕਾਕਰਨ ਮੁਫ਼ਤ ਕੀਤਾ ਜਾ ਰਿਹਾ ਹੈ।

# ਪੰਜਾਬ ਦੇ ਪਿੰਡਾਂ ਵਿੱਚ ਭਗਵੰਤ ਮਾਨ ਸਰਕਾਰ ਵੱਲੋਂ ਵਿਕਾਸ ਕਾਰਜਾ ਵਿਚ ਕੋਈ ਕਸਰ ਬਾਕੀ ਨਹੀ ਰਹਿਣ ਦਿੱਤੀ ਜਾਵੇਗੀ: ਹਰਜੋਤ ਬੈਂਸ

## ਬਾਸੋਵਾਲ ਦੇ ਸਰਕਾਰੀ ਸਕੂਲ ਲਈ 87 ਲੱਖ ਰੁਪਏ, ਖੇਡ ਮੈਦਾਨ ਲਈ 7.87 ਲੱਖ ਰੁਪਏ ਕੀਤੇ ਜਾਰੀ

**ਸ੍ਰੀ ਅਨੰਦਪੁਰ ਸਾਹਿਬ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਕੋਨੇ ਕੋਨੇ ਤੱਕ ਸਿਹਤ ਸਹੂਲਤਾਂ, ਸੜਕਾਂ, ਸਰਕਾਰੀ ਸਕੂਲਾਂ ਦਾ ਮਿਆਰ ਉੱਚਾ ਚੁੱਕਣ ਲਈ ਨਿਰੰਤਰ ਉਪਰਾਲੇ ਕੀਤੇ ਜਾ ਰਹੇ ਹਨ। ਸੂਬੇ ਦੇ 88 ਪ੍ਰਤੀਸ਼ਤ ਲੋਕਾਂ ਨੇ ਘਰਾਂ ਦੇ ਬਿਜਲੀ ਦੇ ਬਿੱਲ ਜੀਰੋ ਆ ਰਹੇ ਹਨ, ਇਹ ਸੂਬੇ ਦੀ ਤਰੱਕੀ ਅਤੇ ਖੁਸ਼ਹਾਲੀ ਦੀ ਬਦਲ ਰਹੀ ਤਸਵੀਰ ਹੈ

ਇਹ ਪ੍ਰਗਟਾਵਾ ਸ.ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ, ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ ਪੰਜਾਬ ਬੀਤੀ ਕੱਲ ਬਾਸੋਵਾਲ ਵਿੱਚ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਕੀਤਾ।



ਉਨ੍ਹਾਂ ਨੇ ਸਰਕਾਰੀ ਸੀਨੀ.ਸੈਕੰ.ਸਕੂਲ ਦੇ ਨਵੀਨੀਕਰਨ ਲਈ 87 ਲੱਖ ਰੁਪਏ, ਸਕੂਲ ਦੇ ਖੇਡ ਮੈਦਾਨ ਲਈ 7.87 ਲੱਖ ਰੁਪਏ, ਸ਼ਿਵ ਮੰਦਿਰ ਲਈ 5 ਲੱਖ ਰੁਪਏ ਤੇ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਲਈ 2 ਲੱਖ ਰੁਪਏ ਤੇ 1 ਲੱਖ ਰੁਪਏ ਸੋਲਰ ਲਾਈਟਾ ਦੀ ਗ੍ਰਾਂਟ ਦਿੱਤੀ ਗਈ। ਉਨ੍ਹਾਂ ਨੇ ਕਿਹਾ ਕਿ ਹਲਕੇ ਦੇ ਹਰ ਦੂਰ ਦੁਰਾਂਡੇ ਦੇ ਪਿੰਡ ਤੱਕ ਬੁਨਿਆਦੀ ਸਹੂਲਤਾਂ ਪਹੁੰਚਾਉਣ ਲਈ ਅਸੀ ਪੂਰੀ ਤਰਾਂ ਬਚਨਬੱਧ ਹਾਂ।

ਉਨ੍ਹਾਂ ਦੱਸਿਆ ਕਿ ਆਮ ਆਦਮੀ ਕਲੀਨਿਕ ਤੋਂ ਵੱਡੀ ਗਿਣਤੀ ਲੋਕ ਘਰਾਂ ਨੇੜੇ ਹੀ ਮੁਫਤ ਸਿਹਤ ਸਹੂਲਤਾਂ ਪ੍ਰਾਪਤ ਕਰ ਰਹੇ ਹਨ। ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦਾ ਮਿਆਰ ਉੱਚਾ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੇ ਆਮ ਆਦਮੀ ਪਾਰਟੀ ਤੇ ਭਰਪੂਰ ਭਰੋਸਾ ਕੀਤਾ ਹੈ, ਇਸ ਲਈ ਹਰ ਵਾਅਦਾ ਪੂਰਾ ਕਰਨਾ ਸਾਡੀ ਜਿੰਮੇਵਾਰੀ ਹੈ।

ਉਨ੍ਹਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਭਗਵੰਤ ਸਿੰਘ ਮਾਨ ਦੀ ਗਤੀਸ਼ੀਲ ਅਗਵਾਈ ਵਿਚ ਪੰਜਾਬ ਤਰੱਕੀਆਂ ਦੀਆਂ ਨਵੀਆ ਬੁਲੰਦੀਆਂ ਛੂਹ ਰਿਹਾ ਹੈ।

ਇਸ ਮੌਕੇ ਰੋਹਿਤ ਕਾਲੀਆ ਪ੍ਰਧਾਨ ਟਰੱਕ ਯੂਨੀਅਨ, ਦੀਪਕ ਸੋਨੀ ਮੀਡੀਆ ਕੋਆਰਡੀਨੇਟਰ, ਜਸਮੇਰ ਰਾਣਾ ਚੇਅਰਮੈਨ ਐਸ ਐਮ ਸੀ ਕਮੇਟੀ, ਗੁਰਮੀਤ ਸਿੰਘ ਕਲੋਤਾ ਬਲਾਕ ਪ੍ਰਧਾਨ, ਅੰਕੁਸ਼ ਪਾਠਕ, ਨਿਤਿਨ ਬਾਸੋਵਾਲ, ਬਬਲੂ ਪੰਡਿਤ, ਸੰਤ ਖਪਲਾ, ਪੰਡਿਤ ਬਾਲ ਕ੍ਰਿਸ਼ਨ, ਰਛਪਾਲ ਸ਼ਰਮਾ, ਰਾਮ ਗੋਪਾਲ ਕਪੂਰ, ਪੰਡਿਤ ਅਨੰਤ ਰਾਮ ਕਾਲੀਆ ਪ੍ਰਧਾਨ ਸ਼ਿਵ ਮੰਦਿਰ, ਆਸ਼ੀਸ਼ ਕਾਲੀਆ, ਰਾਕੇਸ਼ ਕਾਲੀਆ, ਅਮਿਤ ਕਪੂਰ, ਇੰਦਰ ਕਪੂਰ, ਰੰਮੀ ਕਪੂਰ, ਬਾਲ ਕਿਸ਼ਨ ਕਪੂਰ, ਨਰਿੰਦਰ ਪਾਠਕ, ਰਿਸ਼ੀ ਸਾਂਭਲ, ਜਗਮੀਤ ਜੱਗਾ, ਸਤੀਸ਼ ਸੈਣੀ, ਚਿਰਾਗ ਸਿੰਘ ਤੇ ਪਿੰਡ ਵਾਸੀ ਵੱਡੀ ਗਿਣਤੀ ਵਿਚ ਹਾਜ਼ਰ ਸਨ।

# ਧਾਰਮਿਕ ਸੈਰ ਸਪਾਟਾ ਦੇ ਮਾਨਚਿੱਤਰ ਉੱਤੇ ਪੰਜਾਬ ਦਾ ਪਹਿਲਾਂ ਹੀ ਖਾਸ ਸਥਾਨ: ਕੁਲਤਾਰ ਸਿੰਘ ਸੰਧਵਾ

## ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਵਿੱਚ 36 ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟ ਸਮੁੱਚੀ ਲੋਕਾਈ ਨੂੰ ਸਮਰਪਿਤ ਹੋਏ: ਹਰਜੋਤ ਸਿੰਘ ਬੈਂਸ

**ਸ੍ਰੀ ਅਨੰਦਪੁਰ ਸਾਹਿਬ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸੈਰ-ਸਪਾਟਾ ਸਿਰਫ਼ ਇੱਕ ਉਦਯੋਗ ਨਹੀਂ ਹੈ, ਬਲਕਿ ਇਹ ਸਾਡੀ ਵਿਰਾਸਤ ਦਾ ਇੱਕ ਝਰੋਖਾ ਵੀ ਹੈ ਅਤੇ ਸਾਡੀ ਪ੍ਰਾਹੁਣਚਾਰੀ ਦਾ ਪ੍ਰਮਾਣ ਵੀ ਹੈ। ਧਾਰਮਿਕ ਸੈਰ ਸਪਾਟਾ ਦੇ ਮਾਨਚਿੱਤਰ ਉੱਤੇ ਪੰਜਾਬ ਰਾਜ ਦੁਨੀਆਂ ਭਰ ਵਿਚ ਪਹਿਲਾਂ ਹੀ ਇਕ ਖਾਸ ਸਥਾਨ ਰੱਖਦਾ ਹੈ ਪਰ ਪੰਜਾਬ ਰਾਜ ਨੂੰ ਕੁਦਰਤ ਵਲੋਂ ਬਖਸ਼ੀ ਖੂਬਸੂਰਤੀ ਤੋਂ ਦੇਸ਼ ਦੁਨੀਆਂ ਦੇ ਲੋਕ ਬੇਖ਼ਬਰ ਹਨ, ਵਿਸ਼ਵ ਅੱਗੇ ਪੰਜਾਬ ਦੀਆਂ ਹੁਣ ਤੱਕ ਅਣਛੋਹੀਆਂ ਰਹੀਆਂ ਸੰਭਾਵਨਾਵਾਂ ਨੂੰ ਵੀ ਉਜਾਗਰ ਕਰਾਂਗੇ ਜੋ ਕਿ ਸਾਡੇ ਅਮੀਰ ਵਿਰਸੇ ਅਤੇ ਪ੍ਰਾਹੁਣਚਾਰੀ ਦੀ ਭਾਵਨਾ ਨੂੰ ਵੀ ਦਰਸਾਉਂਦੀਆਂ ਹਨ।

ਇਨ੍ਹਾਂ ਸ਼ਬਦਾ ਦਾ ਪ੍ਰਗਟਾਵਾ ਸ. ਕੁਲਤਾਰ ਸਿੰਘ ਸੰਧਵਾ ਸਪੀਕਰ ਪੰਜਾਬ ਵਿਧਾਨ ਸਭਾ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਵਦੇਸ਼ ਦਰਸ਼ਨ ਸਕੀਮ ਤੇ ਏ.ਸੀ 16 ਸਕੀਮ ਅਧੀਨ ਲਗਭਗ 36 ਕਰੋੜ ਰੁਪਏ ਦੇ ਪ੍ਰੋਜੈਕਟ ਲੋਕ ਅਰਪਣ ਕਰਦਿਆਂ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਹਲਕਾ ਸ੍ਰੀ ਅਨੰਦਪੁਰ ਸਾਹਿਬ ਤੋ ਵਿਧਾਇਕ ਅਤੇ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੀ ਮੋਜੂਦ ਸਨ। ਇਸ ਮੌਕੇ ਸਪੀਕਰ ਕੁਲਤਾਰ ਸਿੰਘ ਸੰਧਵਾ ਨੇ ਦੱਸਿਆ ਕਿ 16 ਕਰੋੜ ਰੁਪਏ ਦੀ ਲਾਗਤ ਨਾਲ ਭਾਈ ਜੈਤਾ ਜੀ ਯਾਦਗਾਰ ਵਿਚ ਉਸਾਰੀ ਕੀਤੀ ਗਈ ਹੈ ਜਿਸ ਭਾਈ ਜੈਤਾ ਜੀ ਦੇ ਜੀਵਨ ਦੇ ਸਫ਼ਰ ਬਾਰੇ ਵਿਸਥਾਰ ਪੂਰਵਕ ਸਮੁੱਚੀ ਲੋਕਾਈ ਨੂੰ ਦਰਸਾਇਆ ਜਾਵੇਗਾ ਅਤੇ ਉਨ੍ਹਾਂ ਦੀ ਕੁਰਬਾਨੀ ਨੂੰ ਉਜਾਗਰ ਕੀਤਾ ਜਾਵੇਗਾ, ਇਸਦੇ ਵਿੱਚ ਸਟੇਨਲੈੱਸ ਸਟੀਲ ਦਾ ਖੰਡਾ ਸਥਾਪਿਤ ਕੀਤਾ ਗਿਆ ਹੈ, ਜਿਸਦੀ ਉਚਾਈ 57 ਫੁੱਟ ਹੈ ਅਤੇ ਇਹ ਜ਼ਮੀਨੀ ਪੱਧਰ ਤੋਂ 81 ਫੁੱਟ ਉੱਚਾ ਹੈ। ਇਸ ਖੰਡੇ ਦਾ ਵਜ਼ਨ 32 ਮੀਟ੍ਰਿਕ ਟਨ ਹੈ।

ਇਸ ਮੌਕੇ ਤੇ ਬੋਲਦਿਆਂ ਸ.ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ, ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ ਪੰਜਾਬ ਨੇ ਹਲਕੇ ਵਿੱਚ ਮੁਕੰਮਲ ਹੋ ਕੇ ਲੋਕ ਅਰਪਣ ਹੋਏ ਅਤੇ ਚੱਲ ਰਹੇ ਵਿਕਾਸ ਕਾਰਜਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਅੱਜ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਵਿੱਚ ਲਗਭਗ 36 ਕਰੋੜ ਰੁਪਏ ਦੇ ਵਿਕਾਸ ਦੇ ਪ੍ਰੋਜੈਕਟ ਲੋਕ ਅਰਪਣ ਕੀਤੇ ਗਏ ਹਨ।



ਉਨ੍ਹਾਂ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਦੋ ਵਰੇ ਮੁਕੰਮਲ ਹੋਣ ਤੋ ਪਹਿਲਾ ਹੀ ਕਰੋੜਾਂ ਰੁਪਏ ਦੇ ਪ੍ਰੋਜੈਕਟ ਨੰਗਲ ਵਿੱਚ ਬਹੁਮੰਤਵੀ ਫਲਾਈ ਓਵਰ, ਪੰਜ ਪਿਆਰਾ ਪਾਰਕ, ਸ੍ਰੀ ਗੁਰੂ ਤੇਗ ਬਹਾਦੁਰ ਮਿਊਜੀਅਮ, ਉੱਤਰੀ ਭਾਰਤ ਦੇ ਪ੍ਰਸਿੱਧ ਸ਼ਕਤੀ ਪੀਠ ਨੂੰ ਜਾਣ ਵਾਲੇ ਮਾਤਾ ਸ੍ਰੀ ਨੈਣਾ ਦੇਵੀ ਮਾਰਗ ਦਾ ਸੁੰਦਰੀਕਰਨ, ਗੁਰੂ ਨਗਰੀ ਦੇ ਸਵਾਗਤੀ ਗੇਟਾਂ ਦਾ ਸੁੰਦਰੀਕਰਨ ਕਰਵਾ ਕੇ ਲੋਕ ਅਰਪਣ ਕੀਤਾ ਜਾ ਚੁੱਕਾ ਹੈ। ਅੱਜ 16 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਹੋਇਆ ਨੇਚਰ ਪਾਰਕ ਲੋਕ ਅਰਪਣ ਕੀਤਾ ਹੈ, ਜਿਸ ਵਿੱਚ ਸਾਰੇ ਪੌਦੇ ਤੇ ਬੂਟੇ ਉਸ ਕਿਸਮ ਦੇ ਲਗਾਏ ਗਏ ਹਨ, ਜਿਨ੍ਹਾਂ ਦਾ ਗੁਰਬਾਣੀ ਵਿਚ ਵਰਨਣ ਹੈ ਤੇ ਇਨ੍ਹਾਂ ਰੁੱਖਾਂ ਦੀ ਮਨੁੱਖੀ ਜੀਵਨ ਵਿਚ ਵਿਸੇਸ਼ ਮਹੱਤਤਾ ਹੈ। ਸ੍ਰੋਮਣੀ ਸ਼ਹੀਦ ਭਾਈ ਜੈਤਾ ਜੀ (ਭਾਈ ਜੀਵਨ ਸਿੰਘ ਜੀ) ਦੀ ਯਾਦਗਾਰ ਨੂੰ ਵੀ ਅੱਜ ਲੋਕ ਅਰਪਣ ਕਰ ਦਿੱਤਾ ਹੈ, ਇਹ ਯਾਦਗਾਰ ਦੇਸ਼ ਵਿਦੇਸ਼ ਤੋ ਆਉਣ ਵਾਲੇ ਸੈਲਾਨੀਆਂ ਲਈ ਬੇਹੱਦ ਆਕਰਸ਼ਣ ਦਾ ਕੇਂਦਰ ਬਣੇਗੀ, ਇਸ ਵਿੱਚ ਬਣਨ ਵਾਲਿਆਂ ਪੰਜ ਗੈਲਰੀਆਂ ਵਿੱਚ ਭਾਈ ਜੈਤਾ ਜੀ (ਬਾਬਾ ਜੀਵਨ ਸਿੰਘ ਜੀ) ਦੇ ਸਮੁੱਚੇ ਜੀਵਨ ਅਤੇ ਉਨ੍ਹਾਂ ਦੀ ਸ਼ਹਾਦਤ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦੇਣ ਦੇ ਪ੍ਰਬੰਧ ਕੀਤੇ ਹਨ। ਕੈਬਨਿਟ ਮੰਤਰੀ ਨੇ ਦੱਸਿਆ ਕਿ 5.92 ਕਰੋੜ ਰੁਪਏ ਦੀ ਲਾਗਤ ਨਾਲ ਯਾਤਰੀ ਸੂਚਨਾ ਕੇਂਦਰ ਦੀ ਇਮਾਰਤ ਤਿਆਰ ਕੀਤੀ ਗਈ ਹੈ।

ਸ. ਬੈਂਸ ਨੇ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਜਿੱਥੇ ਧਾਰਮਿਕ ਸੈਰ ਸਪਾਟੇ ਲਈ ਵਿਸ਼ਵ ਭਰ ਵਿੱਚ ਬੇਹੱਦ ਪ੍ਰਸਿੱਧ ਹੈ, ਸਾਡੀ ਸਰਕਾਰ ਦੀ ਇਹ ਕੋਸ਼ਿਸ਼ ਹੈ ਕਿ ਕੀਰਤਪੁਰ ਸਾਹਿਬ ਅਤੇ ਸ੍ਰੀ ਅਨੰਦਪੁਰ ਸਾਹਿਬ ਦੇ ਆਲੇ ਦੁਆਲੇ ਦੇ ਨੀਮ ਪਹਾੜੀ ਖੇਤਰ ਅਤੇ ਇਸ ਦੀ ਮਨਮੋਹਕ ਵਾਦੀਆਂ ਦੀ ਵਰਤੋਂ ਕੀਤੀ ਜਾਵੇ ਅਤੇ ਇਸ ਇਲਾਕੇ ਨੂੰ ਧਾਰਮਿਕ ਸੈਰ ਸਪਾਟਾ ਹੱਬ ਵਜੋਂ ਵਿਕਸਤ ਕੀਤਾ ਜਾਵੇ, ਜਿਸ ਨਾਲ ਇਸ ਇਲਾਕੇ ਵਿੱਚ ਵਪਾਰ ਤੇ ਕਾਰੋਬਾਰ ਦੀਆਂ ਸੰਭਾਵਨਾਵਾ ਹੋਰ ਪ੍ਰਫੁੱਲਿਤ ਹੋਣਗੀਆਂ।

**ਮਨੁੱਖ ਦੀ ਇਹ ਸੋਚ ਕਿ ਔਰਤ ਪੱਥਰ ਹੈ ਅਤੇ ਇਸ ਨੂੰ ਧਰਤੀ 'ਤੇ ਆਉਣ ਨਹੀਂ ਦੇਣਾ, ਜੇ ਆ ਗਈ ਤਾਂ ਚੱਜ ਨਾਲ ਜਿਉਣ ਨਹੀਂ ਦੇਣਾ। ਅਜਿਹੀ ਮਾਰੂ ਸੋਚ ਕਾਰਨ ਸਮਾਜ ਵਿਚ ਅਸਾਵਾਂਪਣ, ਅਸ਼ਾਂਤੀ ਅਤੇ ਬੇਚੈਨੀ ਪਸਰੀ ਹੋਈ ਹੈ...**



# ਵਸਤੂ ਨਹੀਂ ਸ਼ਖ਼ਸੀਅਤ ਹੈ ਔਰਤ

ਮੋਹਨ ਸ਼ਰਮਾ

ਇਕ ਵਿਦਵਾਨ ਨੇ ਔਰਤ ਦੀ ਦਰਦਮਈ ਸਥਿਤੀ ਦਾ ਵਰਨਣ ਕਰਦਿਆਂ ਲਿਖਿਆ ਹੈ, 'ਔਰਤ ਦੀ ਹਾਲਤ ਆਟੇ ਦੀ ਚਿੜੀ ਵਰਗੀ ਹੈ ਜਿਸ ਨੂੰ ਰਸੋਈ ਵਿਚ ਰੱਖਿਆਂ ਚੂਹਿਆਂ ਦਾ ਡਰ ਅਤੇ ਬਾਹਰ ਕਾਵਾਂ ਦਾ ਡਰ ਬਣਿਆ ਰਹਿੰਦਾ ਹੈ।' ਦੂਜੇ ਸ਼ਬਦਾਂ ਵਿਚ ਅੱਜ ਦੀ ਵਗਦੀ ਮਾਰੂ ਹਨੇਰੀ ਵਿਚ ਇਕੱਲੀ ਔਰਤ ਨਾ ਚਾਰਦੀਵਾਰੀ ਵਿਚ ਸੁਰੱਖਿਅਤ ਹੈ ਅਤੇ ਨਾ ਹੀ ਬਾਹਰਲੇ ਮਾਹੌਲ ਵਿਚ। ਮਰਦ ਦੀ ਵਹਿਸ਼ੀ ਨਜ਼ਰ ਦੇ ਐਕਸਰੇ ਵਿੱਚੋਂ ਦੀ ਗੁਜ਼ਰਦਿਆਂ ਉਹ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰਦੀ ਹੈ। 1973 ਤੋਂ ਅਪ੍ਰੈਲ 2018 ਤਕ ਜਬਰ-ਜ਼ਿਨਾਹ ਵਰਗੇ ਅੰਕੜਿਆਂ ਵਿਚ 700 ਫ਼ੀਸਦੀ ਦਾ ਵਾਧਾ ਗੰਭੀਰ ਚਿੰਤਾ ਦਾ ਵਿਸ਼ਾ ਹੈ ਉੱਥੇ ਹੀ ਸਮਾਜ ਦੀ ਔਰਤ ਪਤੀ ਮਾਰੂ ਸੋਚ ਦੇ ਨਾਲ-ਨਾਲ ਗ਼ੈਰ ਮਨੁੱਖੀ, ਸੱਭਿਅਤਾਹੀਣ, ਅਸਹਿਜ ਅਤੇ ਮਰਦਊ-ਹਉਮੈਂ ਕਾਰਨ ਫੈਲੇ ਸਮਾਜਿਕ ਪ੍ਰਦੂਸ਼ਨ ਨੇ ਮਨੁੱਖੀ ਰਿਸ਼ਤਿਆਂ ਨੂੰ ਕਲੰਕਤ ਕੀਤਾ ਹੈ। ਕੁਦਰਤੀ ਵਾਤਾਵਰਨ, ਸੱਭਿਆਚਾਰਕ, ਭਾਈਚਾਰਕ ਸਾਂਝ ਅਤੇ ਪਰਿਵਾਰਕ ਰਿਸ਼ਤਿਆਂ ਦੀ ਗੰਢ ਮੋਕਲੀ ਹੋਣ ਕਾਰਨ ਜਿੱਥੇ ਸਾਡੇ ਆਪਸੀ ਰਿਸ਼ਤੇ ਤਾਰ-ਤਾਰ ਹੋ ਰਹੇ ਹਨ, ਉੱਥੇ ਹੀ ਮਨੁੱਖੀ ਰਿਸ਼ਤਿਆਂ ਵਿਚ ਪਈ ਤਰੇੜ ਕਾਰਨ ਕਈ ਤਰ੍ਹਾਂ ਦੀਆਂ ਮਾਨਸਿਕ ਬਿਮਾਰੀਆਂ ਵਿਚ ਵੀ ਵਾਧਾ ਹੋਇਆ ਹੈ।

## ਨੈਤਿਕ ਕਦਰਾਂ-ਕੀਮਤਾਂ

ਦਰੋਪਦੀ ਦੇ ਚੀਰ ਹਰਨ ਸਮੇਂ ਭਰੇ ਦਰਬਾਰ ਵਿਚ ਉਸ ਦਾ ਦਰੋਣਾਚਾਰੀਆ, ਧ੍ਰਿਤਰਾਸ਼ਟਰ ਅਤੇ ਭੀਸ਼ਮ ਪਿਤਾਮਾ ਨੂੰ ਸੰਬੋਧਨ ਹੋ ਕੇ ਇਹ ਕਹਿਣਾ, 'ਮੈਨੂੰ ਦੱਸਿਆ ਜਾਵੇ ਕਿ ਮੈਂ ਵਸਤੂ ਹਾਂ ਜਾਂ ਸ਼ਖ਼ਸੀਅਤ। ਨਿਲਾਮੀ ਤਾਂ ਵਸਤੂ ਦੀ ਕੀਤੀ ਜਾਂਦੀ ਹੈ। ਮੈਨੂੰ ਵਸਤੂ ਵਾਂਗ ਦਾਅ ਤੇ ਲਾਉਣ ਦਾ ਕਿਸ ਨੂੰ ਅਧਿਕਾਰ ਹੈ? ਦਰਬਾਰ ਵਿਚ ਬੈਠੀਆਂ ਉੱਚ-ਸ਼ਖ਼ਸੀਅਤਾਂ ਦੇ ਬੁਲ੍ਹਾਂ ਤੇ ਖ਼ਾਮੋਸ਼ੀ ਅਤੇ ਆਲੇ-ਦੁਆਲੇ ਫੈਲੇ ਸੰਨਾਟੇ ਵਿੱਚੋਂ ਕੋਈ ਵੀ ਦਰੋਪਦੀ ਦੇ ਪ੍ਰਸ਼ਨ ਦਾ ਜਵਾਬ ਨਹੀਂ ਸੀ ਦੇ ਸਕਿਆ। ਦਰੋਪਦੀ ਦਾ ਉਹ ਪ੍ਰਸ਼ਨ ਅੱਜ ਵੀ ਹਵਾ ਵਿਚ ਗੂੰਜ ਰਿਹਾ ਹੈ ਅਤੇ ਮਨੁੱਖ ਔਰਤ ਨੂੰ 'ਅੱਧਾ ਅੰਗ' ਵਜੋਂ ਨਹੀਂ, ਸਗੋਂ ਵਸਤੂ ਵਜੋਂ ਭੋਗਣ ਲਈ ਨੈਤਿਕ ਕਦਰਾਂ-ਕੀਮਤਾਂ ਨੂੰ ਛਿੱਕੇ ਟੰਗ ਰਿਹਾ ਹੈ।

## ਸੰਯੁਕਤ ਰਾਸ਼ਟਰ ਸੰਘ ਦੀ ਰਿਪੋਰਟ

16 ਦਸੰਬਰ 2012 ਨੂੰ ਨਿਰਭਯਾ ਜਬਰ-ਜ਼ਿਨਾਹ ਅਤੇ ਹੱਤਿਆ ਕਾਂਡ ਕਾਰਨ ਜਿੱਥੇ ਭਾਰਤੀਆਂ ਦੇ ਮੱਥੇ 'ਤੇ ਕਲੰਕ ਲੱਗਿਆ, ਉੱਥੇ ਅੰਤਰ ਰਾਸ਼ਟਰੀ ਪੱਧਰ 'ਤੇ ਭਾਰਤ ਵਿਚ ਔਰਤ ਦੀ ਹੋ ਰਹੀ ਦੁਰਦਸ਼ਾ ਦੀ ਚਰਚਾ ਵੀ ਛਿੜੀ। ਬੱਸ ਦਾ ਡਰਾਈਵਰ, ਉਸ ਦਾ ਭਰਾ ਅਤੇ ਪੰਜ ਹੋਰਾਂ ਵੱਲੋਂ ਜਬਰ-ਜ਼ਿਨਾਹ ਤੋਂ ਬਾਅਦ ਪਸ਼ੂਆਂ ਵਾਂਗ ਨੋਚ ਕੇ 23 ਸਾਲਾਂ ਮੁਟਿਆਰ ਨੂੰ ਫਲਾਈ ਓਵਰ ਤੋਂ ਹੇਠਾਂ ਸੁੱਟਣ ਦੀ ਦਰਿੰਦਗੀ ਭਰੀ ਕਾਰਵਾਈ ਸਮੇਂ ਉਸ ਦੇ ਸਰੀਰ ਤੇ 80 ਜ਼ਖ਼ਮਾਂ ਦੇ ਨਿਸ਼ਾਨ ਸਨ। ਸੰਯੁਕਤ ਰਾਸ਼ਟਰ ਸੰਘ ਦੀ ਰਿਪੋਰਟ ਅਨੁਸਾਰ 308 ਸਕਿੰਟਾਂ ਵਿਚ ਇਕ ਔਰਤ ਅਜਿਹੇ ਜ਼ੁਲਮ ਦਾ ਸ਼ਿਕਾਰ ਹੋ ਰਹੀ ਹੈ।

## ਅੰਕੜੇ

ਪੰਜਾਬ ਵਿਚ ਜਨਵਰੀ 2011 ਤੋਂ ਅਪ੍ਰੈਲ 2018 ਤਕ ਜਬਰਦਸਤੀ ਅਤੇ ਛੇੜਛਾੜ ਦੇ 8403 ਕੇਸ ਦਰਜ ਹੋਏ ਹਨ। ਦੂਜੇ ਸ਼ਬਦਾਂ ਵਿਚ ਹਰ ਮਹੀਨੇ 94 ਔਰਤਾਂ ਦੀ ਇੱਜ਼ਤ ਤਾਰ-ਤਾਰ ਹੋ ਰਹੀ ਹੈ। ਇਹ ਤਾਂ ਸਰਕਾਰੀ ਅੰਕੜੇ ਹਨ। ਜਿਹੜੀਆਂ ਔਰਤਾਂ ਜਾਂ ਮਾਪੇ ਕੁਝ ਮਜਬੂਰੀਆਂ ਕਾਰਨ ਮੂੰਹ ਨਹੀਂ ਖੋਲ੍ਹਦੇ ਜਾਂ ਕੇਸ ਬਾਹਰ ਹੀ ਰਫ਼ਾ-ਦਫ਼ਾ ਕਰਵਾ ਦਿੱਤੇ ਜਾਂਦੇ ਹਨ, ਅਜਿਹੇ ਕੇਸਾਂ ਨੂੰ ਸ਼ਾਮਲ ਕਰ ਕੇ ਰੋਜ਼ਾਨਾ ਔਸਤ ਪੰਜ ਔਰਤਾਂ ਦੀ ਆਬਰੂ ਲੁੱਟ ਕੇ ਦਰਿੰਦਗੀ ਦੀ ਖੇਡ-ਖੇਡੀ ਜਾ ਰਹੀ ਹੈ। ਮੁਲਕ ਦਾ ਅਜਿਹਾ ਕੋਈ ਕੋਨਾ ਨਜ਼ਰ ਨਹੀਂ ਆ ਰਿਹਾ ਜਿੱਥੇ ਜਗ ਜਣਨੀ ਆਪਣੇ ਆਪ ਨੂੰ ਸੁਰੱਖਿਅਤ ਸਮਝ ਰਹੀ ਹੋਵੇ।

## ਅਸਾਵਾਂਪਣ

ਮਨੁੱਖ ਦੀ ਇਹ ਸੋਚ ਕਿ ਔਰਤ ਪੱਥਰ ਹੈ ਅਤੇ ਪੱਥਰ ਰੂਪੀ ਔਰਤ ਨੂੰ ਧਰਤੀ 'ਤੇ ਆਉਣ ਨਹੀਂ ਦੇਣਾ, ਜੇ ਆ ਗਈ ਤਾਂ ਚੱਜ ਨਾਲ ਜਿਉਣ ਨਹੀਂ ਦੇਣਾ, ਜਿਹੀ ਮਾਰੂ ਸੋਚ ਕਾਰਨ ਸਮਾਜ ਵਿਚ ਅਸਾਵਾਂਪਣ, ਅਸ਼ਾਂਤੀ ਅਤੇ ਬੇਚੈਨੀ ਪਸਰੀ ਹੋਈ ਹੈ। ਮਾਲਵੇ ਦੇ ਇਕ ਪਿੰਡ ਵਿਚ ਸਰਪੰਚ ਵੱਲੋਂ ਮਹਿਲਾ ਅਧਿਆਪਕ ਦੇ ਥੱਪੜ ਮਾਰਨਾ, ਮੋਗਾ ਲਾਗੇ ਬੱਸ ਦੇ ਅਮਲੇ ਤੋਂ ਆਪਣੀ ਇੱਜ਼ਤ ਦੀ ਰੱਖਿਆ ਲਈ ਚਲਦੀ ਬੱਸ ਵਿਚ ਛਾਲ ਮਾਰ ਕੇ ਜਾਨ ਦੀ ਅਹੁਤੀ ਦੇਣਾ, ਲੁਧਿਆਣਾ ਵਿਚ ਆਪਣੇ ਵਿਆਹ ਦੇ ਸੁਪਨਮਈ ਸੰਸਾਰ ਵਿਚ ਵਿਚਰਨ ਵਾਲੀ ਮੁਟਿਆਰ ਦਾ ਤੇਜ਼ਾਬੀ ਹਮਲੇ ਦਾ ਸ਼ਿਕਾਰ ਹੋਣਾ, ਪਟਿਆਲਾ ਤੋਂ ਨਾਭਾ ਜਾਂਦੀਆਂ ਮੁਟਿਆਰਾਂ ਨੂੰ ਘੇਰ ਕੇ ਹਵਸ ਦਾ ਸ਼ਿਕਾਰ ਬਣਾਉਣ ਦਾ ਯਤਨ ਕਰਨਾ, ਆਪਣੀ ਹੀ ਧੀ ਨੂੰ ਗ਼ਲਤ ਅਨਸਰਾਂ ਵੱਲੋਂ ਛੇੜਖਾਨੀ ਕਰਨ ਤੋਂ ਰੋਕਣ 'ਤੇ ਪੁਲੀਸ ਅਧਿਕਾਰੀ ਨੂੰ ਗੋਲੀਆਂ ਨਾਲ ਭੁੰਨ ਦੇਣਾ, ਝਾਰਖੰਡ ਦੇ ਜ਼ਿਲ੍ਹਾ ਰਾਂਚੀ ਵਿਚ ਲਾਲ ਰੰਗ ਦੇ ਪੋਸਟਰਾਂ ਰਾਹੀਂ ਇਹ ਸੁਨੇਹਾ ਦੇਣਾ ਕਿ ਜੋ ਮਹਿਲਾ ਸਕਰਟ ਜਾਂ ਜੀਨ ਪਾ ਕੇ ਸੜਕਾਂ ਤੇ ਘੁਮੇਗੀ, ਉਸ ਉੱਪਰ ਤੇਜ਼ਾਬੀ ਹਮਲਾ ਕੀਤਾ ਜਾਵੇਗਾ, ਕਰਨਾਟਕ ਦੇ ਮੈਸੂਹ ਜ਼ਿਲ੍ਹੇ ਵਿਚ ਇਕ ਮੰਚ ਵੱਲੋਂ ਔਰਤਾਂ ਦੇ ਜਨਮ ਦਿਨ ਪਾਰਟੀਆਂ 'ਤੇ ਸ਼ਾਮਲ ਹੋਣ ਤੇ 'ਮਨਾਹੀ ਦੇ ਹੁਕਮ' ਜਾਰੀ ਕਰਨਾ, ਉਤਰ ਪ੍ਰਦੇਸ਼ ਦੇ ਜ਼ਿਲ੍ਹਾ ਬਾਗ਼ਪਤ ਵਿਚ ਖਾਪ ਪੰਚਾਇਤਾਂ ਦਾ ਇਕੱਲੀ ਔਰਤ ਤੇ ਬਜ਼ਾਰ ਜਾਣ ਅਤੇ ਮੋਬਾਈਲ ਦੀ ਵਰਤੋਂ ਨਾ ਕਰਨ ਦਾ ਫਰਮਾਨ ਜਾਰੀ ਕਰਨਾ ਭਲਾਂ ਮਨੁੱਖ ਦੀ ਔਰਤ ਪ੍ਰਤੀ ਕਿਹੜੀ ਉਸਾਰੂ ਸੋਚ' ਦਾ ਪ੍ਰਗਟਾਵਾ ਕਰਦਾ ਹੈ?

### ਵਿਗਿਆਨਕ ਤਰੱਕੀ

*ਪਹਿਲੇ ਯੁੱਗ ਵਿਚ ਮਨੁੱਖ ਲੜਕੀ ਨੂੰ ਜਨਮ ਵੇਲੇ ਹੀ ਦਫ਼ਨ ਕਰਦਾ ਰਿਹਾ ਹੈ ਪਰ ਆਧੁਨਿਕ ਯੁਗ ਵਿਚ ਵਿਗਿਆਨਕ ਤਰੱਕੀ ਦਾ ਅਸਰ ਹੈ ਕਿ ਲੜਕੀ ਨੂੰ ਔਰਤ ਦੇ ਪੇਟ ਵਿਚ ਹੀ ਮਰਵਾ ਦਿੱਤਾ ਜਾਂਦਾ ਹੈ। 2011 ਦੀ ਕੌਮੀ ਮਰਦਮ ਸ਼ੁਮਾਰੀ ਅਨੁਸਾਰ ਭਾਰਤ ਵਿਚ 1000 ਮੁੰਡਿਆਂ ਪਿੱਛੇ 918 ਲੜਕੀਆਂ ਹਨ। ਭਾਰਤ ਵਿਚ ਕੁੱਲ 100 ਜ਼ਿਲ੍ਹੇ ਅਜਿਹੇ ਹਨ ਜਿੱਥੇ ਕੌਮੀ ਪ੍ਰਤੀਸ਼ਤ ਤੋਂ ਵੀ ਲੜਕੀਆਂ ਦੀ ਗਿਣਤੀ ਘੱਟ ਹੈ। ਇਨ੍ਹਾਂ ਵਿਚ ਪੰਜਾਬ ਦੇ 11, ਹਰਿਆਣਾ ਦੇ 12, ਹਿਮਾਚਲ ਦਾ 1 ਅਤੇ ਰਾਜਿਸਥਾਨ ਪ੍ਰਾਂਤ ਦੇ 10 ਜ਼ਿਲ੍ਹੇ ਸ਼ਾਮਲ ਹਨ। ਭਾਰਤ ਦੇ ਕਈ ਅਜਿਹੇ ਪਿੰਡ ਵੀ ਸਾਹਮਣੇ ਆਏ ਹਨ ਜਿੱਥੇ ਪਿਛਲੇ ਦੋ ਸਾਲਾਂ ਤੋਂ ਲੜਕੀਆਂ ਨੇ ਜਨਮ ਹੀ ਨਹੀਂ ਲਿਆ। ਆਦਮੀ ਦੀ ਸੋਚ ਇਸ ਤਰ੍ਹਾਂ ਦੀ ਬਣ ਗਈ ਹੈ ਕਿ ਪਹਿਲਾਂ ਤਾਂ ਲੜਕੀ ਨੂੰ ਧਰਤੀ 'ਤੇ ਆਉਣ ਹੀ ਨਹੀਂ ਦੇਣਾ, ਜੇ ਆ ਗਈ ਤਾਂ ਜਿਊਣ ਨਹੀਂ ਦੇਣਾ, ਹਾਲਾਂ ਕਿ ਸਪੱਸ਼ਟ ਪ੍ਰਮਾਣ ਸਾਹਮਣੇ ਹਨ ਕਿ ਜੀਵਨ ਦਾ ਕੋਈ ਵੀ ਰਿਸ਼ਤਾ ਔਰਤ ਬਿਨਾਂ ਅਧੂਰਾ ਹੈ ਅਤੇ ਧੀਆਂ ਪਰਿਵਾਰਕ ਰਿਸ਼ਤਿਆਂ ਦੀ ਡੋਰ ਨੂੰ ਵਾਹ ਲੱਗਦਿਆਂ ਟੁੱਟਣ ਵੀ ਨਹੀਂ ਦਿੰਦੀਆਂ।*

## ਅੱਤਿਆਚਾਰ

ਔਰਤਾਂ 'ਤੇ ਹੋ ਰਹੇ ਅੱਤਿਆਚਾਰ ਅਤੇ ਭਰੂਣ ਹੱਤਿਆ ਨੇ ਪਰਿਵਾਰ, ਸਮਾਜ, ਪ੍ਰਾਂਤ ਅਤੇ ਦੇਸ਼ ਦੇ ਸੰਤੁਲਨ ਅਤੇ ਸਮੂਹਿਕ ਵਿਕਾਸ ਤੇ ਪ੍ਰਸ਼ਨ ਚਿੰਨ੍ਹ ਲਾ ਦਿੱਤਾ ਹੈ। ਸਾਡੇ ਅਜੋਕੇ ਸਮਾਜ ਦਾ ਬੰਦਾ ਆਪ ਹੁਦਰੀਆਂ ਕਰਦਾ, ਰਿਸ਼ਤਿਆਂ ਦੀਆਂ ਪੀਢੀਆਂ ਗੰਢਾਂ ਕਿੱਲੀ ਉੱਤੇ ਟੰਗ ਕੇ ਥੱਲਿਉਂ ਤੀਲੀ ਲਾ ਰਿਹਾ ਹੈ।

## ਸਮਾਜਿਕ ਪਹਿਰੇਦਾਰੀ

ਇਹ ਗੱਲ ਜਗ ਜ਼ਾਹਰ ਹੈ ਕਿ ਲੜਕਿਆਂ ਦੇ ਮੁਕਾਬਲੇ ਲੜਕੀਆਂ ਸੰਜੀਦਾ, ਆਗਿਆਕਾਰੀ, ਸੁਹਿਰਦ ਅਤੇ ਜ਼ਿੰਦਗੀ ਪ੍ਰਤੀ ਗੰਭੀਰ ਹਨ। ਹੋਰ ਕਾਰਨਾਂ ਤੋਂ ਇਲਾਵਾ ਅਜਿਹਾ ਲੜਕੀਆਂ ਪ੍ਰਤੀ ਸਮਾਜਿਕ ਪਹਿਰੇਦਾਰੀ ਅਤੇ ਜਵਾਬ ਦੇਹੀ ਹੋਣਾ ਹੈ। ਸਮਾਜ ਦੀ ਬਾਜ਼ ਅੱਖ ਅਤੇ ਮਾਪਿਆਂ ਵੱਲੋਂ ਪਾਈ ਜ਼ਿੰਮੇਵਾਰੀ ਨੇ ਲੜਕੀਆਂ ਨੂੰ ਗੰਭੀਰ, ਚਿੰਤਕ ਅਤੇ ਕੰਮ ਪ੍ਰਤੀ ਨਿਪੁੰਨ ਬਣਾ ਦਿੱਤਾ ਹੈ। ਪਰ ਦੂਜੇ ਪਾਸੇ ਲੜਕਿਆਂ ਨੂੰ ਲਾਡ ਪਿਆਰ, ਫ਼ਜ਼ੂਲ ਖ਼ਰਚੀ, ਧਰਮ, ਸਾਹਿਤ, ਕਿਰਤ, ਖੇਡਾਂ ਅਤੇ ਸੰਗੀਤ ਤੋਂ ਬੇਮੁਖੀ ਨੇ ਉਨ੍ਹਾਂ ਨੂੰ ਇਨਸਾਨ ਦੀ ਥਾਂ ਹੈਵਾਨ ਬਨਾਉਣ ਦੀ ਨੀਂਹ ਰੱਖੀ ਹੈ। ਜੇਕਰ ਲੜਕੀਆਂ ਦੀ ਤਰ੍ਹਾਂ ਲੜਕਿਆਂ 'ਤੇ ਵੀ ਸਮਾਜਿਕ ਪਹਿਰੇਦਾਰੀ ਅਤੇ ਜ਼ਿੰਮੇਵਾਰੀ ਦੀ ਪੰਡ ਰੱਖੀ ਹੁੰਦੀ ਤਾਂ ਸਮੀਕਰਨ ਹੀ ਬਦਲ ਸਕਦੇ ਸਨ। ਹੁਣੇ-ਹੁਣੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਬਾਰਵੀਂ ਦੇ ਸਾਲਾਨਾ ਪ੍ਰੀਖਿਆ ਦੇ ਨਤੀਜੇ ਵਿਚ ਪਹਿਲੇ ਸਥਾਨ ਲੜਕੀਆਂ ਦੇ ਹਿੱਸੇ ਆਉਣ ਦੇ ਨਾਲ-ਨਾਲ 268 ਕੁੜੀਆਂ ਦਾ ਮੈਰਿਟ ਲਿਸਟ ਵਿਚ ਆਉਣਾ ਇਸ ਗੱਲ ਦੀ ਗਵਾਹੀ ਭਰਦਾ ਹੈ ਜਦੋਂ ਕਿ ਸਿਰਫ਼ 68 ਲੜਕਿਆਂ ਦਾ ਮੈਰਿਟ ਲਿਸਟ ਵਿਚ ਆਉਣਾ ਇਸ ਗੱਲ ਦਾ ਪ੍ਰਗਟਾਵਾ ਹੈ ਕਿ ਮੁੰਡੇ ਕੁੜੀਆਂ ਦੇ ਮੁਕਾਬਲੇ ਹਰ ਖੇਤਰ ਵਿਚ ਪਛੜ ਰਹੇ ਹਨ। ਦੂਜੇ ਪਾਸੇ ਗੰਭੀਰ ਹੋ ਕੇ ਚਿੰਤਨ ਕਰਨ ਦੀ ਲੋੜ ਹੈ। ਨੌਜਵਾਨ ਲੜਕੇ ਆਪਣੀ ਤਾਕਤ ਨੂੰ ਦਰਿੰਦਗੀ ਦਾ ਰੂਪ ਦੇ ਕੇ, ਹਾਹਾਕਾਰ ਮਚਾਕੇ, ਖ਼ੁਸ਼ੀ ਵਿਚ ਚੀਕਾਂ ਮਾਰਕੇ ਜਾਂ ਹੱਲਾ-ਗੁੱਲਾ ਕਰ ਕੇ ਆਪਣੀ ਤਾਕਤ ਦੀ ਇਹ ਖੂੰਖਾਰ ਖੇਡ ਕਿੱਥੋਂ ਸਿਖ ਰਹੇ ਨੇ? ਦਰਅਸਲ ਘਰ ਘਰ ਵਿਚ ਬੱਚਿਆਂ ਨੂੰ ਚੀਕਾਂ ਤੇ ਹਾਸਿਆਂ ਵਿਚ ਰਲੀ ਮਿਲੀ ਜ਼ਿੰਦਗੀ ਦੇ ਦਰਸ਼ਨ ਹੁੰਦੇ ਹਨ।

### ਪੁਲੀਸ ਕਰਮਚਾਰੀ ਤੇ ਅਧਿਆਪਕ

*ਅਗਵਾਈ ਕਰਨ ਵਾਲੇ ਅਨੇਕਾਂ ਅਧਿਆਪਕਾਂ 'ਤੇ ਵੀ ਆਪਣੀਆਂ ਧੀਆਂ ਵਰਗੀਆਂ ਵਿਦਿਆਰਥਣਾਂ ਦੀ ਇੱਜ਼ਤ ਨਾਲ ਖਿਲਵਾੜ ਕਰਨ ਦੀਆਂ ਘਟਨਾਵਾਂ ਨੇ ਸਮਾਜ ਨੂੰ ਸ਼ਰਮਸਾਰ ਕੀਤਾ ਹੈ। ਅਜਿਹੇ ਅਨੇਕਾਂ ਕੇਸ ਵੀ ਸਾਹਮਣੇ ਆਏ ਹਨ, ਜਿੱਥੇ ਲੋਕਾਂ ਦੀ ਰੱਖਿਅਕ ਪੁਲੀਸ ਕਰਮਚਾਰੀਆਂ ਵੱਲੋਂ ਵੀ ਔਰਤਾਂ ਨਾਲ ਬਦਫੈਲ੍ਹੀ ਕੀਤਾ ਹੈ। ਜਦੋਂ ਦਰਬਾਨਾਂ ਦੀ ਅੱਖ ਚੋਰਾਂ ਨਾਲ ਮਿਲ ਜਾਵੇ ਤਾਂ ਫਿਰ ਜਾਨ, ਮਾਲ ਅਤੇ ਇੱਜ਼ਤ ਦੀ ਰੱਖਿਆ ਨੂੰ ਗੰਭੀਰ ਖ਼ਤਰਾ ਹੋਣਾ ਕੁਦਰਤੀ ਹੈ। ਬਹੁਤ ਸਾਰੀਆਂ ਅਜਿਹੀਆਂ ਹਿਰਦੇਵੇਦਕ ਘਟਨਾਵਾਂ ਵੀ ਸਾਹਮਣੇ ਆ ਰਹੀਆਂ ਹਨ ਜਿੱਥੇ ਔਰਤ ਨੂੰ ਪਸ਼ੂਆਂ ਵਾਂਗ ਬੋਲੀ ਰਾਹੀਂ ਵੇਚਿਆ ਜਾਂਦਾ ਹੈ। ਅਜਿਹੀ ਅਨੈਤਿਕਤਾ ਦੀ ਮਾਰੂ ਹਨੇਰੀ ਵਿਚ ਨੂੰਹਾਂ, ਧੀਆਂ ਦੇ ਹੌਕੇ ਦਮ ਤੋੜ ਰਹੇ ਹਨ।*

## ਅਸਲ ਪੂੰਜੀ

ਪਦਾਰਥਮਈ ਦੌੜ ਵਿਚ ਮਨੁੱਖ ਆਪਣੀ ਅਸਲ ਪੂੰਜੀ ਆਰਥਿਕ ਖ਼ੁਸ਼ਹਾਲੀ ਸਮਝਕੇ ਆਪਣੀ ਅਸਲ ਪੂੰਜੀ 'ਔਲਾਦ' ਨੂੰ ਅਣਗੌਲਿਆ ਕਰ ਰਿਹਾ ਹੈ। ਉਸ ਨੇ ਨੈਤਿਕ ਕਦਰਾਂ ਕੀਮਤਾਂ, ਨੇਕ ਚਾਲ-ਚਲਣੀ, ਸਹਿਣਸ਼ੀਲਤਾ, ਸਹਿਜਤਾ ਅਤੇ ਬੋਲ-ਚਾਲ ਦੇ ਸਲੀਕੇ ਦਾ ਜਿਹੜਾ ਪਾਠ ਘਰੋਂ ਮਿਲਣਾ ਚਾਹੀਦਾ ਸੀ, ਉਸ ਤੋਂ ਬਹੁਤ ਸਾਰੇ ਬੱਚੇ ਵਾਂਝੇ ਰਹਿ ਜਾਂਦੇ ਹਨ। ਬੱਚਿਆਂ ਦੀ ਸੋਚਣ ਸ਼ਕਤੀ ਅਤੇ ਨਿੱਜੀ ਗੁਣਾਂ ਦੇ ਵਿਕਾਸ ਲਈ ਮਾਪਿਆਂ ਨੂੰ ਆਪਣਾ ਰੋਲ ਮਾਡਲ ਬਣਨ ਦੀ ਲੋੜ ਹੈ। ਅਜਿਹਾ ਕੁਝ ਨਾ ਹੋਣ ਦੀ ਸਥਿਤੀ ਵਿਚ ਹੀ ਬੱਚਿਆਂ ਦੀ ਸੋਚਣ ਸ਼ਕਤੀ ਅਤੇ ਨਿੱਜੀ ਗੁਣਾਂ ਦੇ ਵਿਕਾਸ 'ਤੇ ਪ੍ਰਸ਼ਨ ਚਿੰਨ੍ਹ ਲੱਗ ਜਾਂਦਾ ਹੈ। ਪਤੀ-ਪਤਨੀ ਦਾ ਲੜਾਈ-ਝਗੜਾ, ਬਾਪ ਦਾ ਨਸ਼ੱਈ ਹੋ ਕੇ ਖੌਰੂ ਪਾਉਣਾ, ਇਕ ਪਤੀ ਅਤੇ ਬਾਪ ਦੇ ਫ਼ਰਜ਼ਾਂ ਤੋਂ ਬੇਮੁੱਖ ਹੋਣ ਨਾਲ ਬੱਚੇ ਦੀ ਜ਼ਿੰਦਗੀ ਧੁਆਂਖਣ ਦੇ ਨਾਲ-ਨਾਲ ਉਹ ਨਕਾਰਾਤਮਿਕ ਰੁਚੀਆਂ ਦਾ ਧਾਰਨੀ ਬਣ ਜਾਂਦਾ ਹੈ।

## ਬੱਚਿਆਂ ਲਈ ਆਦਰਸ਼

ਭਲਾਂ ਕਿੰਨੇ ਕੁ ਮਾਪੇ ਹਨ ਜਿਹੜੇ ਬੱਚਿਆਂ ਨੂੰ ਧਰਮ, ਸਾਹਿਤ ਅਤੇ ਕਿਰਤ ਨਾਲ ਜੁੜਨ ਦੀ ਜਾਚ ਸਿਖਾਉਣ ਲਈ ਯਤਨਸ਼ੀਲ ਹਨ? ਮਾਪਿਆਂ ਦਾ ਬੱਚਿਆਂ ਲਈ ਆਦਰਸ਼ ਨਾ ਬਣਨ ਦਾ ਪ੍ਰਤੀਕਰਮ ਹੀ ਹੈ ਕਿ ਔਲਾਦ ਹੱਥਾਂ 'ਚੋਂ ਨਿਕਲ ਕੇ ਨਸ਼ਿਆਂ ਦੀ ਵਰਤੋ ਕਰਨ ਦੇ ਨਾਲ ਅਜਿਹੀਆਂ ਘਟੀਆਂ ਪੱਧਰ ਦੀਆਂ ਹਰਕਤਾਂ ਕਰਦੇ ਹਨ ਜਿਸ ਨਾਲ ਮਨੁੱਖਤਾ ਵੀ ਸ਼ਰਮਸਾਰ ਹੁੰਦੀ ਹੈ। ਅਜਿਹੇ ਲੜਕੇ ਜਿੱਥੇ ਘਰਾਂ ਨੂੰ ਮਕਾਨ ਵਿਚ ਬਦਲ ਦਿੰਦੇ ਨੇ, ਉੱਥੇ ਹੀ ਅਜਿਹੀਆਂ ਹੋਛੀਆਂ ਹਰਕਤਾਂ 'ਤੇ ਆਏ ਮੁੰਡੇ-ਖੁੰਡੇ ਹੀ ਲੜਕੀਆਂ ਨੂੰ ਹਵਸ ਦਾ ਸ਼ਿਕਾਰ ਬਨਾਉਣ ਦੀ ਕੋਸ਼ਿਸ਼ ਵਿਚ ਖ਼ੌਫ, ਚਿੰਤਾ, ਅਸ਼ਾਂਤੀ ਅਤੇ ਪਰੇਸ਼ਾਨੀ ਦਾ ਮਾਹੌਲ ਸਿਰਜ ਦਿੰਦੇ ਹਨ। ਅਜਿਹੇ ਮਾਹੌਲ ਲਈ ਪਰਿਵਾਰ, ਸਮਾਜ, ਰਾਜਨੀਤਕ ਲੋਕ, ਸਰਕਾਰੀ ਤੰਤਰ ਅਤੇ ਅਸੀਂ ਖ਼ੁਦ ਬੇਯਕੀਨੀ ਮਾਹੌਲ ਅਤੇ ਸਹਿਮੀ ਸਥਿਤੀ ਲਈ ਜ਼ਿੰਮੇਵਾਰ ਹਾਂ। ਕਿਸੇ ਕਾਨੂੰਨ, ਅੱਖਾਂ ਦੀ ਸ਼ਰਮ, ਮਾਪਿਆਂ ਦੀਆਂ ਝਿੜਕਾਂ ਜਾਂ ਸਮਾਜਿਕ ਦਬਾਅ ਦੀ ਉਨ੍ਹਾਂ ਨੂੰ ਕੋਈ ਪਰਵਾਹ ਨਹੀਂ ਹੁੰਦੀ ਅਤੇ ਵਿਚਾਰੀਆਂ ਕੁੜੀਆਂ ਸਹਿਮੀ ਹੋਈ ਘੁਗੀ ਦੀ ਤਰ੍ਹਾਂ ਗਲੀ, ਬਜ਼ਾਰ ਵਿੱਚੋਂ ਦੀ ਗੁਜਰਦੀਆਂ ਹਨ। ਦੂਜੇ ਪਾਸੇ ਅਨੈਤਿਕਤਾ ਦੀ ਜੂਨ ਭੋਗ ਰਹੇ ਇਹ ਮਨਚਲੇ ਇਕ ਦੂਜੇ ਨੂੰ ਸੰਬੋਧਨ ਹੋ ਕੇ ਕਹਿੰਦੇ ਹਨ :

ਚਲੋ ਕੋਈ ਮਸ਼ਕੂਲਾ ਕਰੀਏ
ਆਪੇ ਸਿੱਝ ਲੈਣਗੇ ਮਾਪੇ...

## ਘਟੀਆ ਹਰਕਤਾਂ

ਲੜਕੇ ਦੀਆਂ ਅਜਿਹੀਆਂ ਘਟੀਆਂ ਹਰਕਤਾਂ ਦਾ ਬਾਪ ਨੂੰ ਪਤਾ ਲੱਗਦਾ ਹੈ ਤਾਂ ਉਹ ਸਿਆਸੀ ਆਕਿਆਂ ਦੀ ਸ਼ਰਨ ਵਿਚ ਜਾ ਕੇ ਇਸ 'ਮਾਮੂਲੀ ਗੱਲ' ਦਾ ਨਿਪਟਾਰਾ ਵੀ ਕਰਵਾ ਲੈਂਦੇ ਹਨ। ਇਸ ਤਰ੍ਹਾਂ ਕਰਕੇ ਮਾਪੇ ਆਪਣੀ ਔਲਾਦ ਨੂੰ ਅਨੈਤਿਕ ਕੰਮ ਕਰਨ ਲਈ ਹੱਲਾਸ਼ੇਰੀ ਦੇ ਕੇ ਆਪ ਹੀ ਪਾਪ ਦੇ ਭਾਗੀ ਬਣਦੇ ਹਨ। ਬਿਨਾਂ ਸ਼ੱਕ ਜੇ ਕਿਸੇ ਸੰਸਥਾ ਜਾਂ ਪਰਿਵਾਰ ਦਾ ਮੁਖੀ ਚਰਿਤਰਵਾਨ ਨਹੀਂ ਤਾਂ ਉਸ ਦਾ ਪਤਨ ਹੋਵੇਗਾ ਕਿਉਂਕਿ ਵੱਡੇ ਦਰੱਖ਼ਤ ਉਪਰੋਂ ਹੀ ਮੁਰਝਾਉਣਾ ਸ਼ੁਰੂ ਕਰਦੇ ਹਨ। ਜਦੋਂ ਦੂਜਿਆਂ ਦੀ ਧੀ ਨੂੰ ਆਪਣੀ ਧੀ ਅਤੇ ਦੂਜਿਆਂ ਦੀ ਭੈਣ ਨੂੰ ਆਪਣੀ ਧੀ ਸਮਝਣ ਦੀ ਜਾਚ ਆਵੇਗੀ, ਤੱਦ ਹੀ ਜਬਰ-ਜ਼ਿਨਾਹ, ਘਰੇਲੂ ਹਿੰਸਾ, ਛੇੜ-ਛਾੜ ਜਿਹੀਆਂ ਘਟਨਾਵਾਂ ਨੂੰ ਠੱਲ ਪੈ ਸਕੇਗੀ।

## ਕੁੜੀਆਂ-ਚਿੜੀਆਂ

ਵਰਣਨਯੋਗ ਹੈ ਕਿ ਭਾਰਤ ਵਿਚ ਔਰਤਾਂ ਨਾਲ ਹੁੰਦੇ ਅੱਤਿਆਚਾਰ ਅਤੇ ਵਿਤਕਾਰੇਬਾਜ਼ੀ ਨੂੰ ਵੱਡੀ ਸ਼ਹਿ ਔਰਤ ਦੀ ਲਾਚਾਰੀ ਅਤੇ ਚੁੱਪ ਰਹਿਣ ਦੀ ਮਾਨਸਿਕਤਾ ਕਾਰਨ ਮਿਲਦੀ ਹੈ। ਮਰਦ ਔਰਤ ਦੀ ਇਸ ਤ੍ਰਾਸਦੀ ਨੂੰ ਨੀਮ ਰਜ਼ਾਮੰਦੀ ਸਮਝ ਕੇ ਵਹਿਸ਼ੀ ਦਰਿੰਦੇ ਦੀ ਤਰ੍ਹਾਂ ਉਸ 'ਤੇ ਝਪਟ ਮਾਰਦਾ ਹੈ। ਅਜਿਹੇ ਅਨੇਕਾਂ ਕੇਸ ਵੀ ਸਾਹਮਣੇ ਆਏ ਹਨ ਜਦੋਂ ਧੀਆਂ ਦੀ ਰਾਖੀ ਕਰਦਿਆਂ ਬਾਪ ਨੂੰ ਆਪਣੀ ਜਾਨ ਤੋਂ ਹੱਥ ਧੋਣੇ ਪਏ ਹਨ। ਧੀ ਲਈ ਬਾਪ ਦਾ ਹੱਥ ਸਭ ਤੋਂ ਸੁਰੱਖਿਅਤ ਹੁੰਦਾ ਹੈ, ਭਲਾਂ ਜੇ ਉਹ ਸੁਰੱਖਿਆ ਛੱਤਰੀ ਹੀ ਤਾਰ-ਤਾਰ ਕਰ ਦਿੱਤੀ ਜਾਵੇ ਤਾਂ ਵਿਚਾਰੀਆਂ ਕੁੜੀਆਂ-ਚਿੜੀਆਂ ਕਿਧਰ ਨੂੰ ਜਾਣ? ਅਜਿਹੀਆਂ ਘਟੀਆਂ ਪੱਧਰ ਦੀਆਂ ਅਨੈਤਿਕ ਅਤੇ ਗ਼ੈਰ ਮਨੁੱਖੀ ਕਾਰਵਾਈਆਂ ਪਿੱਛੇ ਕਈ ਵਾਰ ਸਿਆਸੀ ਸਰਪ੍ਰਸਤੀ ਦੀਆਂ ਸ਼ਰਮਨਾਕ ਕਣਸੋਆਂ ਵੀ ਸੁਣਨ ਨੂੰ ਮਿਲਦੀਆਂ ਹਨ। •

94171-48866



# ਬੱਚਿਆਂ ਦਾ ਇਖ਼ਲਾਕੀ ਫ਼ਰਜ਼



ਪਰਮਾਤਮਾ ਸਾਡੇ ਅੰਦਰ ਹੈ ਅਤੇ ਉਹ ਕਣ-ਕਣ ਵਿਚ ਵਸਦਾ ਹੈ। ਉਸ ਦੀ ਹੋਂਦ ਤੋਂ ਕੋਈ ਮੁਨਕਰ ਨਹੀਂ। ਫੇਰ ਪਤਾ ਨਹੀਂ ਕਿਉਂ ਅਸੀਂ ਲੋਕ ਪਰਮਾਤਮਾ ਨੂੰ ਬਾਹਰ ਲੱਭਦੇ ਫਿਰਦੇ ਹਾਂ। ਤੀਰਥ ਦੇ ਰੂਪ ਵਿਚ ਤਾਂ ਸਾਡੇ ਮਾਂ-ਬਾਪ ਘਰ ਵਿਚ ਹੀ ਰਹਿੰਦੇ ਹਨ। ਉਨ੍ਹਾਂ ਦੀ ਸੇਵਾ ਵਿਚ ਆਪਣੇ ਆਪ ਨੂੰ ਸਮਰਪਿਤ ਕਰ ਦਿਉ। ਮਾਂ-ਬਾਪ ਕਿੰਨੀਆਂ ਹੀ ਸੁਖਾਂ-ਸੁਖ ਕੇ ਔਲਾਦ ਪ੍ਰਾਪਤ ਕਰਦੇ ਹਨ। ਮਾਂ ਆਪਣੇ ਬੱਚਿਆਂ ਨੂੰ ਤੱਤੀ ਵਾਅ ਨਹੀਂ ਲੱਗਣ ਦਿੰਦੀ ਤੇ ਬਾਪ ਕਮਾਕੇ ਘਰ ਪਰਿਵਾਰ ਚਲਾਉਂਦਾ ਹੈ। ਸਾਰੀ ਉਮਰ ਦੋਨੋਂ ਆਪਣੇ ਬੱਚਿਆਂ ਦਾ ਪਾਲਣ ਪੋਸ਼ਣ ਕਰਦੇ ਹਨ। ਬੁਢਾਪੇ ਵਿਚ ਉਹ ਆਪਣੀ ਔਲਾਦ ਤੋਂ ਸੇਵਾ ਦੀ ਆਸ ਰੱਖਦੇ ਹਨ। ਜੇ ਔਲਾਦ ਚੰਗੀ ਨਿਕਲੀ ਤਾਂ ਉਨ੍ਹਾਂ ਦਾ ਬੁਢਾਪਾ ਚੰਗਾ ਨਿਕਲ ਜਾਂਦਾ ਹੈ, ਨਹੀਂ ਤਾਂ ਬੁਢਾਪੇ ਵਿਚ ਉਹ ਰੁੱਲ ਜਾਂਦੇ ਹਨ। ਕਈ ਤਾਂ ਬਿਰਧ ਆਸ਼ਰਮ ਵਿਚ ਰਹਿਣ ਲਈ ਮਜ਼ਬੂਰ ਹੋ ਜਾਂਦੇ ਹਨ।

ਸਾਨੂੰ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਅਸੀਂ ਉਹ ਸੱਭਿਅਤਾ ਦੇ ਵਾਰਿਸ ਹਾਂ ਜਿੱਥੇ ਮਾਂ-ਬਾਪ ਨੂੰ ਪਰਮਾਤਮਾ ਮੰਨ ਕੇ ਉਨ੍ਹਾਂ ਦੀ ਪੂਜਾ ਕੀਤੀ ਜਾਂਦੀ ਹੈ। ਇਹ ਧਰਤੀ ਸਰਵਣ ਜਿਹੇ ਮਾਤਾ-ਪਿਤਾ ਨੂੰ ਪੂਜਣ ਵਾਲੇਂ ਭਗਤਾਂ ਨਾਲ ਪਵਿੱਤਰ ਹੈ, ਜਿਨ੍ਹਾਂ ਨੇ ਆਪਣੇ ਮਾਂ-ਬਾਪ ਦੀ ਸੇਵਾ ਦਾ ਆਦਰਸ਼ ਦੁਨੀਆ ਦੇ ਸਾਹਮਣੇ ਰੱਖਿਆ। ਬਜ਼ੁਰਗਾਂ ਦਾ ਸਨਮਾਨ ਕਰਨਾ ਸਾਡਾ ਨੈਤਿਕ ਫ਼ਰਜ਼ ਹੈ। ਜੇ ਅੱਜ ਕੱਲ੍ਹ ਦੇ ਨੌਜਵਾਨ ਲੜਕੇ-ਲੜਕੀਆਂ ਇਸ ਮਹਾਨ ਸਿਧਾਂਤ ਅਤੇ ਆਦਰਸ਼ ਨੂੰ ਨਹੀਂ ਮੰਨਦੇ ਤਾਂ ਸਾਡੀ ਸਿੱਖਿਆ, ਗਿਆਨ ਅਤੇ ਤਰੱਕੀ ਅਧੂਰੀ ਹੈ। ਅਸੀਂ ਆਪਣੇ ਬਜ਼ੁਰਗਾਂ ਦਾ ਕਰਜ਼ਾ ਕਦੇ ਵੀ ਨਹੀਂ ਚੁੱਕਾ ਸਕਦੇ। ਜੇ ਅੱਜ ਅਸੀਂ ਆਪਣੇ ਬਜ਼ੁਰਗਾਂ ਦਾ ਆਦਰ-ਸਨਮਾਨ ਅਤੇ ਸੇਵਾ ਕਰਾਂਗੇ ਤਾਂ ਹੀ ਕੱਲ੍ਹ ਬੱਚੇ ਸਾਡਾ ਸਨਮਾਨ ਕਰਨਗੇ। ਇਹ ਗੱਲ ਬਹੁਤ ਹੀ ਦੁਖਦਾਈ ਹੈ ਕਿ ਭੌਤਿਕਵਾਦ ਦੇ ਇਸ ਯੁੱਗ 'ਚ ਲੋਕ ਆਪਣੇ ਆਪ ਨੂੰ ਭੁੱਲ ਰਹੇ ਹਨ। ਮਾਂ-ਬਾਪ ਦੀ ਸੇਵਾ 'ਚ ਹੀ ਅਸਲੀ ਤੀਰਥ ਯਾਤਰਾ ਹੈ। ਬੱਸ ਘਰ ਬੈਠੇ ਹੀ ਤੀਰਥ ਯਾਤਰਾ ਕਰੋ। ਇਸ ਤੀਰਥ ਯਾਤਰਾ ਵਿਚ ਹੀ ਪਰਮਾਤਮਾ ਦੀ ਪ੍ਰਾਪਤੀ ਹੋ ਜਾਵੇਗੀ। ਬਾਹਰ ਜਾ ਕੇ ਕੁਝ ਵੀ ਹਾਸਲ ਨਹੀਂ ਹੋਣਾ ਸਿਵਾਏ ਮ੍ਰਿਗਤਿਸ਼ਨਾ ਦੇ। ਮਾਪੇ ਕਿਸੇ ਵੀ ਦੇਸ਼ ਦਾ ਵੱਡਮੁਲਾ ਖਾਜ਼ਨਾ ਹੁੰਦੇ ਹਨ। ਉਨ੍ਹਾਂ ਪਾਸ ਜ਼ਿੰਦਗੀ ਦਾ ਬਹੁਤ ਜ਼ਿਆਦਾ ਤਜਰਬਾ ਹੁੰਦਾ ਹੈ। ਮਾਪਿਆਂ ਦੀ ਸਖ਼ਤ ਘਾਲਣਾ ਕਰਕੇ ਹੀ ਬੱਚਿਆਂ ਦਾ ਵਜੂਦ ਹੁੰਦਾ ਹੈ। ਪਰਮਾਤਮਾ ਦੀ ਲੀਲਾ ਦਾ ਕੋਈ ਭੇਦ ਨਹੀਂ। ਮਨੁੱਖੀ ਜੀਵਨ ਆਪਣੇ ਆਪ 'ਚ ਹੀ ਇਕ ਅਣਬੁਝ ਪਹੇਲੀ ਹੈ।

> *ਜ਼ਿੰਦਗੀ 'ਚ ਕੁਝ ਅਜਿਹੇ ਫ਼ਰਜ਼ ਵੀ ਹੁੰਦੇ ਹਨ ਜਿਨ੍ਹਾਂ ਨੂੰ ਨਿਭਾਉਣਾ ਜ਼ਰੂਰੀ ਹੀ ਨਹੀਂ ਬਲਕਿ ਸਾਡਾ ਨੈਤਿਕ ਫ਼ਰਜ਼ ਵੀ ਹੈ। ਅਸੀਂ ਸਭ ਜਾਣਦੇ ਹਾਂ ਕਿ ਦੁਨੀਆ 'ਚ ਮਾਂ ਤੋਂ ਵੱਡਾ ਕੋਈ ਨਹੀਂ। ਭਗਵਾਨ ਦਾ ਦੂਜਾ ਨਾਂ ਹੀ ਮਾਂ ਹੈ...*

ਨੌਜਵਾਨ ਪੀੜ੍ਹੀ ਆਪਣੇ ਮਾਪਿਆਂ ਤੋਂ ਕਿਉਂ ਬੇਮੁਖ ਹੁੰਦੀ ਜਾ ਰਹੀ ਹੈ। ਗੱਲ ਸਮਝ ਤੋਂ ਪਰੇ ਹੈ। ਸੰਸਕਾਰਾਂ ਨੂੰ ਤਾਂ ਨੌਜਵਾਨ ਪੀੜ੍ਹੀ ਨੇ ਖੂਝੇ ਹੀ ਲਾਇਆ ਹੋਇਆ ਹੈ। ਬੱਸ ਹਰ ਵਲੇ ਆਪਣੇ 'ਚ ਹੀ ਮਸਤ ਰਹਿਣਾ ਕਿਧਰੇ ਕੋਈ ਜ਼ਿੰਦਗੀ ਹੈ। ਜ਼ਿੰਦਗੀ ਨੂੰ ਸਮੁੱਚੇ ਢੰਗ ਨਾਲ ਜਿਊਣ ਲਈ ਆਪਣੇ ਮਾਪਿਆ ਦੀ ਕਦਰ ਕਰਨਾ ਬੱਚਿਆਂ ਦਾ ਇਖ਼ਲਾਕੀ ਫ਼ਰਜ਼ ਹੈ। ਜ਼ਿੰਦਗੀ 'ਚ ਕੁਝ ਅਜਿਹੇ ਫ਼ਰਜ਼ ਵੀ ਹੁੰਦੇ ਹਨ ਜਿਨ੍ਹਾਂ ਨੂੰ ਨਿਭਾਉਣਾ ਸਾਡੇ ਲਈ ਜ਼ਰੂਰੀ ਹੀ ਨਹੀਂ ਬਲਕਿ ਸਾਡਾ ਨੈਤਿਕ ਫ਼ਰਜ਼ ਹੈ। ਅਸੀਂ ਸਭ ਜਾਣਦੇ ਹੀ ਹਾਂ ਕਿ ਸਾਰੀ ਦੁਨੀਆ 'ਚ ਮਾਂ ਤੋਂ ਵੱਡਾ ਕੋਈ ਨਹੀਂ। ਭਗਵਾਨ ਦਾ ਦੂਜਾ ਨਾਂ ਹੀ ਮਾਂ ਹੈ। ਮਾਂ ਤੋਂ ਬਿਨਾਂ ਕੋਈ ਨਹੀਂ ਪੁੱਛਦਾ। ਗਾਂ ਦੀ ਤਰ੍ਹਾਂ ਹਰ ਵੇਲੇ ਆਪਣੇ ਵੱਛੜੇ ਨੂੰ ਲੱਭਣ ਵਾਂਗ ਮਾਂ ਆਪਣੇ ਬੱਚਿਆਂ ਦੇ ਅੱਗੇ-ਪਿੱਛੇ ਘੁੰਮਦੀ ਰਹਿੰਦੀ ਹੈ। ਗ਼ਲਤ ਰਾਹਾਂ ਤੋਂ ਬਚਾਉਣ ਲਈ ਉਨ੍ਹਾਂ ਨੂੰ ਰੋਕਦੀ ਹੈ। ਮਾਂ ਦਾ ਦੇਣਾ ਕੋਈ ਵੀ ਨਹੀਂ ਦੇ ਸਕਦਾ। ਕੋਈ ਵੀ ਇਨਸਾਨ ਆਪਣੀ ਮਾਂ ਦੇ ਕਰਜ਼ੇ ਤੋਂ ਜ਼ਿੰਦਗੀ ਭਰ ਮੁਕਤ ਨਹੀਂ ਹੋ ਸਕਦਾ।

• **ਵਰਿੰਦਰ ਸ਼ਰਮਾ**, 9417280333

# ਸਾਦੇ ਸੁਭਾਅ ਤੇ ਦਿਲ ਦਰਿਆ ਪੰਜਾਬੀਆਂ ਦੇ

ਗੁਰਨਾਮ ਸਿੰਘ ਸੀਤਲ

ਕਿਤਾਬਾਂ ਨੂੰ ਗਿਆਨ ਦੀ ਦੁਨੀਆ ਜਾਂ ਫਿਰ ਸੁਮੱਤ ਦੀ ਰਾਜਧਾਨੀ ਕਿਹਾ ਜਾ ਸਕਦਾ ਹੈ ਪਰ ਜੇ ਕਦੇ ਇਹ ਸਿਰ ਚੜ੍ਹ ਕੇ ਬੋਲ ਪਵੇ ਤਾਂ ਲਾ-ਜਵਾਬ ਨਵੀਂ ਸੋਚ, ਉਚੇਰੀ ਉਡਾਰੀ, ਨਵਾਂ ਖ਼ਿਆਲ ਫੁੱਟ ਪੈਂਦਾ ਹੈ। ਪੈਗੰਬਰਾਂ ਦੇ ਇਹ ਫ਼ੁਰਮਾਨ ਹਨ ਕਿ ਜੇ ਕੁਝ ਬਦਲਨਾ ਚਾਹੁੰਦੇ ਹੋ ਜਾਂ ਬਦਲਿਆ ਦੇਖਣਾ ਚਾਹੁੰਦੇ ਹੋ ਤਾਂ ਆਪਣੀ ਸੋਚ ਅਤੇ ਨਜ਼ਰੀਆ ਬਦਲੋ-ਚੁਫੇਰਾ ਬਦਲਿਆ ਹੋਇਆ ਜਾਪੇਗਾ। ਤੁਹਾਡੀ ਦਿੱਖ ਅਤੇ ਸ਼ਖ਼ਸੀਅਤ ਲੰਮੀਆਂ ਅਤੇ ਉੱਚੀਆਂ ਪੁਲਾਂਘਾਂ ਭਰੇਗੀ ।

ਪੰਜਾਬੀ ਸਾਹਿਤ ਦੀ ਬੁੱਕਲ ਵਿਚ ਵਿਸ਼ਾਲ ਖਜ਼ਾਨਾ ਛੁਪਿਆ ਹੋਇਆ ਹੈ। ਇਹ ਭੰਡਾਰ ਰਹਿਬਰਾਂ ਨੇ ਅਤਿ ਕਠਿਨਾਈ ਦੇ ਦੋਰ 'ਚੋਂ ਲੰਘਦਿਆਂ ਕਲਮ-ਬੰਦ ਕਰ ਕੇ ਸਾਡੀ ਝੋਲੀ ਪਾਇਆ। ਸਾਡੇ ਰਹਿਬਰਾਂ ਵਿੱਚੋਂ ਕੁਝ ਕੁ ਚੋਣਵੇਂ ਰਤਨ ਹਨ ਸ਼ੇਖ ਫਰੀਦ ਸਾਹਿਬ, ਭਗਤ ਕਬੀਰ ਸਾਹਬ, ਸ੍ਰੀ ਗੁਰੂ ਨਾਨਕ ਸਾਹਬ, ਗੁਰੁ ਅਰਜਨ ਸਾਹਿਬ ਅਤੇ ਸਾਹਿਬ-ਏ-ਕਮਾਲ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ। ਪੰਜਾਬੀ ਸਾਹਿਤ ਦੇ ਇਸ ਅਮੀਰ ਵਿਰਸੇ ਦਾ ਰਸ ਮਾਣਦੇ ਹੋਏ ਅੱਜ ਹਜ਼ਾਰਾਂ ਨਹੀਂ, ਲੱਖਾਂ ਦੀ ਤਾਦਾਦ ਵਿਚ ਲਿਖਾਰੀ ਅਤੇ ਸਾਹਿਤਕਾਰ ਲਾਮ-ਬੰਦ ਹੋ ਰਹੇ ਹਨ।

*ਮੈਂ-ਮੈਂ ਨਹੀ, ਬਸ ਇਕ ਆਕਾਸ਼ ਹਾਂ*
*ਪੰਜਾਬੀਅਤ ਰੰਗੀ ਪੋਸ਼ਾਕ ਹਾਂ*
*ਪਰ ਅੱਜ ਬਹੁਤੀ ਹੀ ਉਦਾਸ ਹਾਂ...*

## ਗੌਰਵਮਈ ਵਿਰਸਾ

ਵਿਅੰਗ, ਠੇਠ-ਹਾਸੇ ਦੇ ਹੁਲਾਰੇ, ਪਿਆਰ ਅਤੇ ਬਿਰਹੜਾ ਦੇ ਰਾਗ ਅਤੇ ਅਧਿਆਤਮਿਕਤਾ ਦਾ ਪ੍ਰਚਾਰ ਅੱਜ ਸਾਡੇ ਰਹਿਣ-ਸਹਿਣ, ਗੌਰਵਮਈ ਵਿਰਸੇ ਅਤੇ ਸਮੁੱਚੇ ਸਾਹਿਤ ਦਾ ਦੁਰਲੱਭ ਵਿੱਚੋਂ ਵੀ ਦੁਰਲੱਭ ਖ਼ਜ਼ਾਨਾ ਹੈ ਜਿਸ ਦੀ ਸਾਂਭ-ਸੰਭਾਲ ਅਤੇ ਵਿਕਾਸ ਸਾਡਾ ਮੁੱਢਲਾ ਹੱਕ ਹੈ-ਸਾਡਾ ਪਹਿਲਾ ਫ਼ਰਜ਼ ਹੈ। ਸਾਡੇ ਗੁਰੂ ਸਾਹਿਬਾਨਾਂ ਅਤੇ ਭਗਤਾਂ ਵੱਲੋਂ ਉਚਾਰੀ ਹੋਈ ਧੁਰ ਕੀ ਬਾਣੀ ਆਈ, ਜਿਸ ਸਗਲੀ ਚਿੰਤ ਮਿਟਾਈ, ਵਰਗੀ ਅਦੁੱਤੀ ਬਖ਼ਸ਼ਿਸ਼ ਨੂੰ ਸਤਿਕਾਰ ਸਾਹਿਤ ਆਉਣ ਵਾਲੀਆਂ ਪੀੜ੍ਹੀਆਂ ਦੇ ਸਪੁਰਦ ਕਰੀਏ ਜਿਸ ਨੂੰ ਪੜ੍ਹ-ਸੁਣ ਕੇ ਉਨ੍ਹਾਂ ਆਪਣਾ ਅਤੇ ਹੋਰਨਾਂ ਦਾ ਜਨਮ ਸੰਵਾਰਨਾ ਹੈ ਪ੍ਰੰਤੂ ਅਜਿਹਾ ਸੰਭਵ ਤਾਂ ਹੈ ਜੇ ਕਰ ਅਸੀਂ ਪੰਜਾਬੀ ਭਾਸ਼ਾ ਦੇ ਬੂਟੇ ਨੂੰ ਸਮੁੱਚੇ ਰੂਪ ਵਿਚ ਜ਼ਰੂਰੀ ਅਤੇ ਲੋੜੀਂਦੀ ਖ਼ੁਰਾਕ ਮੁਹਈਆ ਕਰਵਾਈਏ ਅਤੇ ਸਿਰ ਉੱਪਰ ਛੱਤਰੀ ਦੇ ਕੇ ਵਾ-ਵਰੋਲਿਆਂ ਅਤੇ ਝੱਖੜਾਂ ਤੋਂ ਬਚਾਈਏ ।

*ਵਿਰਸਾ ਸੰਭਾਲ ਵੀਰਾ*
*ਵਿਰਸਾ ਸੰਭਾਲ ਓਇ*
*ਇਹੋ ਹੈ ਮਾਣਕ ਤੇਰਾ*
*ਇਹੋ ਜਲਾਲ ਓਇ...*

## ਸਲਾਹ-ਮਸ਼ਵਰੇ

ਚੌਂਕੀਦਾਰੀ ਕਿਸ ਦੀ ਕੀਤੀ ਜਾਂਦੀ ਹੈ? ਚਿੰਤਾ ਕਿਸ ਚੀਜ਼ ਦੀ ਲੱਗਦੀ ਹੈ ਜਾਂ ਫ਼ਿਕਰ ਕਿਸ ਗੱਲ ਦਾ ਹੁੰਦਾ ਹੈ? ਸਲਾਹ-ਮਸ਼ਵਰੇ, ਸੁਝਾਅ, ਸੈਮੀਨਰ ਜਾਂ ਕਾਨਫਰੰਸਾਂ ਦੇ ਆਯੋਜਨ ਕਾਹਦੇ ਲਈ ਕੀਤੇ ਅਤੇ ਕਰਵਾਏ ਜਾਂਦੇ ਹਨ, ਇਸ ਲਈ ਕਿ ਕੋਈ ਕੀਮਤੀ ਅਤੇ ਖ਼ਾਸ-ਮ-ਖ਼ਾਸ ਖ਼ਜ਼ਾਨੇ ਨੂੰ ਖ਼ਤਰਾ ਪੈਦਾ ਹੋ ਗਿਆ ਹੈ। ਇਸ ਦੇ ਵਿਕਾਸ ਵਿਚ ਰੁਕਾਵਟਾਂ ਨੇ ਬਰੂਹਾਂ ਆਣ ਮੱਲੀਆਂ ਹਨ ਕਿਉਂਕਿ ਪੰਜਾਬੀ ਭਾਸ਼ਾ ਇਕ ਅਤਿ ਸੁੰਦਰ ਅਤੇ ਬੇਸ਼ਕੀਮਤੀ ਵਿਰਸਾ ਹੈ, ਜਿਸ ਵਿਚ ਸਮਾਈ ਹੋਈ ਹੈ ਦਿਲਕਸ਼ ਰੰਗਾਂ ਦੀ ਭਾਹ ਮਾਰਦੀ ਪੰਜਾਬੀਅਤ। ਇਸ ਦੇ ਹਾਸਿਆਂ ਵਿਚ ਛਲਕਦੀ ਹੈ ਦਿਲ ਦਰਿਆ ਵਰਗੀ ਖੁੱਲ੍ਹ ਅਤੇ ਰੁੱਖਾਂ ਵਰਗੀ ਸਾਦਗੀ ਅਤੇ ਮਿਠਾਸ, ਖੁੱਲ੍ਹੇ ਸੁਭਾਅ ਦੀ ਮਹਿਕ, ਗਭਰੂਆਂ-ਮੁਟਿਆਰਾਂ ਦੇ ਭੰਗੜੇ ਅਤੇ ਗਿੱਧੇ ਦੀ ਧਮਕ। ਉਹ ਪੰਜਾਬੀਅਤ ਜਿਸ ਦਾ ਪਹਿਲਾ ਨਾਂ ਅਤੇ ਬੋਲ ਹੈ ਧਰਮ, ਇਮਾਨ ਅਤੇ ਪਿਆਰ ਤੋਂ ਕੁਰਬਾਨ। ਪੰਜਾਬੀ ਦੀ ਉਸਰ ਰਹੀ ਇਮਾਰਤ ਦੀ ਨੀਂਹ ਬਹੁਤ ਮਜ਼ਬੂਤ ਹੈ ਅਤੇ ਇਸ ਨੂੰ ਹਿਲਾਇਆ ਨਹੀਂ ਜਾ ਸਕਦਾ ਪਰ ਅੱਜ ਲੋੜ ਆ ਪਈ ਹੈ ਅਤੇ ਫ਼ਿਕਰ ਲੱਗ ਗਿਆ ਹੈ ਕਿਉਂਕਿ ਕੁਝ ਖ਼ਤਰੇ ਮੰਡਰਾਉਣ ਲੱਗ ਪਏ ਹਨ, ਇਸ ਇਮਾਰਤ ਦੇ ਸਾਹਮਣੇ। ਅੱਜ ਲੋੜ ਹੈ ਇਸ ਇਮਾਰਤ ਨੂੰ ਹੀ ਨਹੀਂ ਬਲਕਿ ਇਸ ਦੀ ਸੁੰਦਰਤਾ ਨੂੰ ਵੀ ਬਚਾਇਆ ਜਾਵੇ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਦੇ ਸਾਹਮਣੇ ਇਹ ਕੱਦ ਚਾਨਣ-ਮੁਨਾਰੇ ਵਾਂਗ ਚਮਕੇ। ਕਿਧਰੇ ਅਜਿਹਾ ਨਾ ਹੋਵੇ ਕਿ ਇਸ ਦਾ ਕੱਦ ਘੱਟਦਾ-ਘੱਟਦਾ ਇੰਨਾ ਘੱਟ ਜਾਵੇ ਕਿ ਪੰਜਾਬੀ ਅਤੇ ਪੰਜਾਬੀਅਤ ਦਾ ਪਿਛੋਕੜ ਦੱਬਿਆ ਹੀ ਨਾ ਰਹਿ ਜਾਵੇ ਅਤੇ ਅਉਣ ਵਾਲੀਆਂ ਪੀੜ੍ਹੀਆਂ ਇਸ ਵਿਰਸੇ ਤੋਂ ਵਾਂਝੀਆਂ ਹੀ ਨਾ ਰਹਿ ਜਾਣ। ਉਨ੍ਹਾਂ ਨੂੰ ਇਸ ਦੇ ਬਣ ਦੇ ਹੱਕ ਤੋਂ ਵਾਂਝਿਆਂ ਰੱਖ ਕੇ ਅਸੀਂ ਉਨ੍ਹਾਂ ਦੇ ਕਰਜ਼ਦਾਰ ਨਾ ਬਣ ਜਾਈਏ ਅਤੇ ਜੇ ਕਰ ਅਜਿਹਾ ਵਾਪਰ ਗਿਆ ਤਾਂ :



*ਊੜੇ ਅਤੇ ਜੂੜੇ ਦੀ*
*ਸਰਦਾਰੀ ਨਹੀਂ ਜੇ ਰਹਿਣੀ*
*ਬਦਲ ਜਾਏਗੀ ਪੰਜਾਬੀਅਤ ਦੀ*
*ਰਹਿਣੀ, ਕਹਿਣੀ ਅਤੇ ਬਹਿਣੀ...*

## ਬੋਲੀ ਦੀ ਮਿਠਾਸ

ਕਹਿਣ ਨੂੰ ਪੰਜਾਬੀ ਬੋਲੀ ਦੀ ਮਿਠਾਸ ਦਾ ਜਾਇਕਾ 110 ਮੁਲਕਾਂ ਵਿਚ ਲਿਆ ਜਾ ਸਕਦਾ ਹੈ। ਕਹਿਣ ਨੂੰ ਬਰਤਾਨੀਆਂ ਅਤੇ ਕੈਨੇਡਾ ਵਿਚ ਤੀਜਾ ਅਤੇ ਆਸਟ੍ਰੇਲੀਆ ਵਿਚ ਦੂਜਾ ਸਥਾਨ ਹੈ ਅਤੇ ਕਹਿਣ ਨੂੰ ਵਿਸ਼ਵ ਭਰ ਵਿਚ 7000 ਭਾਸ਼ਾਵਾਂ ਵਿਚ ਦਸਵੇਂ ਸਥਾਨ 'ਤੇ ਸੁਸ਼ੋਭਿਤ ਹੈ ਜੋ ਕਿ ਬੜੇ ਮਾਣ ਵਾਲੀ ਗੱਲ ਹੈ ਪਰ ਦੁੱਖ ਸਿਰਫ਼ ਇਸ ਗੱਲ ਦਾ ਹੈ ਕਿ ਅੱਜ ਇਸ ਪੰਜਾਬੀ ਭਾਸ਼ਾ ਨੂੰ ਖੋਰਾ ਬੜੀ ਤੇਜ਼ੀ ਨਾਲ ਨਿਗਲ ਰਿਹਾ ਹੈ। ਇੰਨਾ ਵੱਡਾ ਫੈਲਾਅ ਅਤੇ ਉੱਚਾ ਮਰਤਬਾ ਹੋਣ ਦੇ ਬਾਵਜੂਦ ਪੰਜਾਬੀ ਅੱਜ ਖ਼ਤਰੇ ਵਿਚ ਹੈ, ਜਿਸ ਦੇ ਅਸੀਂ ਕਿਸੇ ਨਾ ਕਿਸੇ ਰੂਪ ਵਿਚ ਖ਼ੁਦ ਜ਼ਿੰਮੇਵਾਰ ਹਾਂ। ਗ਼ਲਤੀ ਦੀ ਜ਼ਿੰਮੇਵਾਰੀ ਜਦੋਂ ਤਕ ਸੱਚੇ ਦਿਲੋਂ ਆਪਣੇ ਸਿਰ ਲਈ ਨਾ ਜਾਵੇ, ਕਿਸੇ ਦਰੁਸਤੀ ਦਾ ਤਹਿ ਦਿਲੋਂ ਉਪਰਾਲਾ ਨਹੀਂ ਕੀਤਾ ਜਾ ਸਕਦਾ। ਸਾਡੇ ਰੋਜ਼ਾਨਾ ਦੇ ਜੀਵਨ ਵਿੱਚੋਂ ਉੜਾ ਅਤੇ ਜੁੜਾ ਵਿਸਰਦਾ ਜਾ ਰਿਹਾ ਹੈ। ਹਾਏ-ਬਾਏ, ਓਕੇ ਬਾਏ ਦਾ ਸੰਤਾਪ ਵਧਦਾ ਜਾ ਰਿਹਾ ਹੈ।

ਇਹ ਹੈ ਇਕ ਮਾਰੂ ਰੋਗ ਜਿਸ ਉੱਪਰ ਫ਼ਤਹਿ ਹਾਸਲ ਕਰਨੀ ਹੀ ਕਰਨੀ ਹੈ, ਪੰਜਾਬੀ ਦੇ ਵਿਕਾਸ ਦਾ ਰਾਹ ਤਾਂ ਹੀ ਮੌਕਲਾ ਹੋਏਗਾ। ਜਿਨ੍ਹਾਂ ਮਾਵਾਂ ਨੇ ਬੱਚਿਆਂ ਨੂੰ ਮਾਂ ਬੋਲੀ ਵਿਚ ਲੋਰੀਆਂ ਦੇ ਕੇ ਮਾਤ-ਭਾਸ਼ਾ ਵਿਚ ਨਿਪੁੰਨ ਬਣਾਉਣਾ ਸੀ, ਅੱਜ ਦੂਸਰੀਆਂ ਭਾਸ਼ਾਵਾ ਦੇ ਰੰਗ ਵਿਚ ਰੰਗ ਕੇ ਬਦਰੰਗ ਹੋ ਰਹੀਆਂ ਹਨ। ਸਕੂਲਾਂ ਵਿਚ ਖ਼ਾਸ ਕਰ ਕੇ ਪੰਜਾਬ ਵਰਗੇ ਪ੍ਰਾਂਤ ਵਿਚ ਵੀ ਪੰਜਾਬੀ ਨਾਲ ਰੱਜ ਕੇ ਧੱਕਾ ਹੋ ਰਿਹਾ ਹੈ ਅਤੇ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਵਿੱਚੋਂ ਇਕ ਵੀ ਵਿਸ਼ਾ ਪੰਜਾਬੀ ਦਾ ਨਹੀਂ ਪੜ੍ਹਾਇਆ ਜਾਂਦਾ। ਉਪਰੋਂ ਪੰਜਾਬ ਸਰਕਾਰ ਦਾ ਸਰਕਾਰੀ ਸਕੂਲਾਂ ਵਿਚ ਸਿੱਖਿਆ ਦਾ ਮਾਧਿਅਮ ਹੀ ਅੰਗਰੇਜ਼ੀ ਕਰ ਰਹੇ ਹਨ। ਜਿਸ ਮਾਹੌਲ ਵਿਚ ਪੰਜਾਬੀ ਪੜ੍ਹਾਈ ਹੀ ਨਾ ਜਾ ਰਹੀ ਹੋਵੇ, ਪੰਜਾਬੀ ਵਿਚ ਗੱਲ ਕਰਨ ਵਾਲਾ ਉਪਰਾ-ਉਪਰਾ ਮਹਿਸੂਸ ਕਰਦਾ ਹੋਵੇ, ਉੱਥੇ ਪੰਜਾਬੀ ਦਾ ਪਿਛੋਕੜ ਪਤਾ ਕਿਵੇਂ ਲੱਗੇਗਾ?



## ਮਾਮੇ ਦਾ ਲਾਡਲਾ

ਅਸੀਂ ਆਲ ਇੰਡੀਆ ਰੇਡਿਓ ਸਟੇਸ਼ਨ-ਜਲੰਧਰ ਵਿਖੇ ਰਿਕਾਡਿੰਗ ਕਰਵਾਉਣ ਗਏ ਤਾਂ ਦੁਪਹਿਰ ਦੇ ਖਾਣੇ ਦਾ ਸਮਾਂ ਹੋ ਗਿਆ। ਸੁਖਵਿੰਦਰ ਸਿੰਘ ਕਲਸੀ, ਇੰਚਾਰਜ ਦਿਹਾਤੀ ਪ੍ਰੋਗਰਾਮ, ਸ. ਗੁਰਵਿੰਦਰ ਸਿੰਘ ਅਤੇ ਸਟਾਫ਼ ਦੇ ਹੋਰ ਮੈਂਬਰ ਵੀ ਬੈਠੇ ਸਨ। ਸੁਭਾਅ ਹੋਣ ਕਾਰਨ ਉਨ੍ਹਾਂ ਨਾਲ ਘੁਲ-ਮਿਲ ਗਏ ਸਾਂ ਅਤੇ ਆਪਣੇ ਤਜੁਰਬੇ ਸਾਂਝੇ ਕਰਨ ਲੱਗੇ। ਇਕ ਬੀਬੀ ਨੇ ਪੰਜਾਬੀ ਨਾਲ ਹੋ ਰਹੇ ਵਿਤਕਰੇ ਬਾਬਤ ਗੱਲ ਸੁਣਾਈ ਕਿ ਉਹ ਇਕ ਵਾਰ ਆਪਣੇ ਮਾਪੇ ਪਿੰਡ ਗਈ। ਬੇਟਾ ਨਾਲ ਸੀ ਜੋ ਕਿ ਦੱਸਵੀਂ ਵਿਚ ਪੜ੍ਹਦਾ ਸੀ। ਮਾਮੇ ਦਾ ਲਾਡਲਾ ਹੋਣ ਕਰਕੇ ਉਸ ਨਾਲ ਬਾਹਰ ਖੇਤਾਂ ਨੂੰ ਚਲਾ ਗਿਆ। ਉੱਥੇ ਉਸ ਨੂੰ ਆ ਗਿਆ ਪਿਸ਼ਾਬ। ਮਾਮੇ ਨੂੰ ਕਹਿੰਦਾ ਹੈ ਕਿ ਘਰ ਜਾਣਾ ਹੈ। ਮਾਮਾ ਕਹਿਣ ਲੱਗਾ ਕਿ ਠਹਿਰਕੇ ਚਲਦੇ ਹਾਂ ਪਰ ਜਨਾਬ ਵਿੱਟਰ ਗਏ ਕਿ ਹੁਣੇ ਜਾਣਾ ਹੈ। ਯਾਰ ਐਸੀ ਕਿਹੜੀ ਗੱਲ ਹੋ ਗਈ? ਬੇਟਾ ਕਹਿਣ ਲੱਗਾ ਵਾਸ਼ਰੂਮ ਜਾਣਾ ਹੈ। 'ਪੰਤਦਰ ਨਾ ਹੋਵੇ! ਇੱਥੇ ਇਕ ਪਾਸੇ ਹੋ ਕੇ ਕਰ ਲੈ।' ਬੱਚੇ ਨੇ ਜਿਵੇਂ-ਕਿਵੇਂ ਉਹ ਕੰਮ ਤਾਂ ਕਰ ਲਿਆ ਪਰ ਘਰ ਆ ਕੇ ਕਹਿੰਦਾ, ਮਾਂ ਅੱਜ ਮਾਮਾ ਜੀ ਨੇ ਮੈਨੂੰ ਗਾਲ੍ਹ ਕੱਢੀ।

*'ਗਾਲ੍ਹ ! ਐਦਾਂ ਤਾਂ ਹੋ ਨੀ ਸਕਦਾ! ਤੈਨੂੰ ਗ਼ਲਤੀ ਲੱਗੀ ਹੈ। ਕਿਸੇ ਡੰਗਰ ਵੱਛੇ ਨੂੰ ਦਬਕਾਇਆ ਹੋਏਗਾ।'*

*'ਨਹੀਂ ਮਾਮ ਮੈਨੂੰ ਕਹਿੰਦੇ ਪਤੰਦਰ ਨਾ ਹੋਵੇ!' ਹੱਸ-ਹੱਸ ਕੇ ਸਭ ਦੋਹਰੇ ਹੋਗੇ।*

## ਬੋਲੀਆਂ ਅਤੇ ਅਖਾਣ

ਐਹੋ ਜਿਹੇ ਲਫ਼ਜ ਜਿਵੇਂ ਬੁੱਕਲ, ਵਿਰਸਾ, ਸੰਸਕਾਰ, ਪਿਛੋਕੜ ਅਤੇ ਹੋਰ ਪਿਆਰੇ-ਪਿਆਰੇ ਲਫ਼ਜ਼ ਵਿਸਰਦੇ ਜਾ ਰਹੇ ਹਨ ਜਿਨ੍ਹਾਂ ਦਾ ਜਿੰਦਾ ਰਹਿਣਾ ਬਹੁਤ ਜ਼ਰੂਰੀ ਹੈ। ਇਸ ਤੋਂ ਇਲਾਵਾ ਉਹ ਉਰਦੂ-ਫ਼ਾਰਸੀ ਅਤੇ ਅਰਬੀ ਦੇ ਲਫ਼ਜ਼ ਜੋ ਪੰਜਾਬੀ ਵਿਚ ਹੀ ਆਟੇ ਅਤੇ ਪਾਣੀ ਵਾਂਗ ਗੁੰਨੇ ਜਾ ਚੁੱਕੇ ਹਨ ਜਾਂ ਘਿਓ-ਖਿਚੜੀ ਬਣੇ ਬੈਠੇ ਹਨ ਜਿਵੇਂ ਕਿ ਆਲਮ-ਫ਼ਾਜ਼ਲ, ਇਹਤਿਆਤ, ਸਰਜ਼ਮੀਨ, ਬਖ਼ਸ਼ਿਸ਼, ਬਖ਼ਸ਼ਿੰਦ, ਅਤੇ ਹਜ਼ੂਰ। ਇਨ੍ਹਾਂ ਦੀ ਪੰਜਾਬੀ ਵਿਚ ਨਵੇਕਲੀ ਥਾਂ ਹੈ। ਇਸੇ ਤਰ੍ਹਾਂ ਸਾਡੇ ਮੁਹਾਵਰੇ, ਬੋਲੀਆਂ ਅਤੇ ਅਖਾਣ ਹਨ ਜੋ ਪੰਜਾਬੀ ਦੀ ਸੁੰਦਰਤਾ ਦੇ ਨਾਲ-ਨਾਲ ਜ਼ਇਕਾ ਜਾਂ ਸੁਆਦ ਵੀ ਭਰਦੇ ਹਨ, ਜਿਵੇਂ ਇਕ 'ਨਾ ਕੁੱਲੀ ਨਾ ਗੁੱਲੀ ਤੇ ਸ਼ਮਲਾ ਵੇਖ ਕੇ ਭੁੱਲੀ।' ਗੱਲ ਜੇ ਕਰ ਗੁਰਬਾਣੀ ਦੇ ਮੂਲ ਮੰਤਰ ਦੀ ਕੀਤੀ ਜਾਵੇ ਤਾਂ ਸਾਨੂੰ ਇਹ ਜਾਣ ਕੇ ਕਸ਼ਟ ਹੁੰਦਾ ਹੈ ਕਿ ਸਾਡੇ ਬੱਚੇ, ਭੈਣ-ਭਰਾ ਜਾਂ ਪੰਜਾਬੀ ਮਾਂ ਦੇ ਬੱਚੇ ਇਸ ਮੂਲ ਮੰਤਰ ਤੋਂ ਕਿੰਨੀ ਦੂਰ ਅਤੇ ਕਿੰਨੀ ਨੇੜੇ ਹਨ। ਅੱਜ ਸਭ ਤੋਂ ਵੱਡੀ ਜ਼ਰੂਰਤ ਹੈ ਚੇਤੰਨਾ, ਸਕੰਲਪ ਅਤੇ ਲਗਨ ਦੀ। ਪਬਲਿਸ਼ਰਾਂ ਦੀ ਲੁੱਟ-ਖਸੁੱਟ ਕਿੰਨੀ ਵੀ ਕਿਉਂ ਨਾ ਹੋਵੇ। ਪੰਜਾਬੀ ਭਾਸ਼ਾ ਸਿਰਫ਼ ਸਾਡੀ ਬੋਲੀ ਹੀ ਨਹੀਂ, ਇਹ ਵਿਸ਼ਵ ਸ਼ਾਤੀ, ਭਾਈਚਾਰੇ, ਸਹਿਚਾਰ ਅਤੇ ਸਹਿਣਸ਼ੀਲਤਾ ਦੀ ਵੀ ਖ਼ੈਰ ਮੰਗਦੀ ਹੈ। •

98761-05647

# ਸਨਸਨੀਖੇਜ ਵਾਰਦਾਤ: ਰੈਸਟੋਰੈਂਟ 'ਚ ਡੀਲਰ ਨੂੰ ਮਾਰੀਆਂ ਗੋਲੀਆਂ, ਫਿਰ ਦਾਤਰਾਂ ਨਾਲ ਕੀਤੇ ਵਾਰ

ਕਿਸ਼ਨਪਾਲ

ਪੁਣੇ, 17 ਮਾਰਚ : ਮਹਾਰਾਸ਼ਟਰ ਦੇ ਪੁਣੇ ਤੋਂ ਇਕ ਸਨਸਨੀਖੇਜ ਖਬਰ ਸਾਹਮਣੇ ਆਈ ਹੈ। ਇਥੇ ਸ਼ਨੀਵਾਰ ਸ਼ਾਮ ਨੂੰ ਪੁਣੇ-ਸੋਲਾਪੁਰ ਹਾਈਵੇ 'ਤੇ ਇੰਦਾਪੁਰ ਨੇੜੇ ਜਗਦੰਬਾ ਰੈਸਟੋਰੈਂਟ 'ਚ ਇਕ ਹਿਸਟਰੀਸ਼ੀਟਰ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ। ਮ੍ਰਿਤਕ ਦੀ ਪਛਾਣ ਅਵਿਨਾਸ਼ ਬਾਲੂ ਧਨਵੇ ਦੇ ਰੂਪ 'ਚ ਹੋਈ ਹੈ। ਉਹ ਆਪਣੇ ਤਿੰਨ ਦੋਸਤਾਂ ਨਾਲ ਰੈਸਟੋਰੈਂਟ 'ਚ ਬੈਠਾ ਸੀ, ਉਸੇ ਸਮੇਂ ਪਿੱਛੋਂ ਆਏ ਇਕ ਹਮਲਾਵਰ ਨੇ ਉਸਦੇ ਸਿਰ 'ਚ ਗੋਲੀ ਮਾਰ ਦਿੱਤੀ। ਇਸਤੋਂ ਬਾਅਦ ਹੋਰ ਹਮਲਾਵਰਾਂ ਨੇ ਉਸ 'ਤੇ ਤੇਜਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਇਹ ਪੂਰੀ ਘਟਨਾ ਸੀ.ਸੀ.ਟੀ.ਵੀ. 'ਚ ਕੈਦ ਹੋ ਗਈ ਹੈ। ਪੁਲਸ ਨੇ ਇਸ ਕਤਲਕਾਂਡ 'ਚ ਸ਼ਾਮਲ 8 ਹਮਲਾਵਰਾਂ ਦੀ ਪਛਾਣ ਕੀਤੀ ਹੈ। ਜਾਣਕਾਰੀ ਮੁਤਾਬਕ, 34 ਸਾਲਾ ਅਵਿਨਾਸ਼ ਬਾਲੂ ਧਨਵੇ ਪ੍ਰਾਪਰਟੀ ਡੀਲਰ ਦਾ ਕੰਮ ਕਰਦਾ ਸੀ। ਉਹ ਘਟਨਾ ਪੁਣੇ ਸ਼ਹਿਰ ਤੋਂ ਲਗਭਗ 140 ਕਿਲੋਮੀਟਰ ਦੂਰ ਪੁਣੇ-ਸੋਲਾਪੁਰ ਹਾਈਵੇ 'ਤੇ ਜਗਦੰਬਾ ਰੈਸਟੋਰੈਂਟ 'ਚ ਵਾਪਰੀ। ਇੰਦਾਪੁਰ ਦੇ ਰੈਸਟੋਰੈਂਟ 'ਚ ਸੀ.ਸੀ.ਟੀ.ਵੀ. ਫੁਟੇਜ 'ਚ ਧਨਵੇ ਅਤੇ ਉਸਦੇ ਤਿੰਨ ਦੋਸਤ ਇਕ ਟੇਬਲ 'ਤੇ ਬੈਠੇ ਦਿਖਾਈ ਦੇ ਰਹੇ ਹਨ। ਦੋ ਬੱਚਿਆਂ ਸਮੇਤ ਚਾਰ ਲੋਕਾਂ ਦਾ ਇਕ ਪਰਿਵਾਰ ਦੂਜੇ ਟੇਬਲ 'ਤੇ ਖਾਣਾ ਖਾਂਦੇ ਹੋਏ ਦੇਖਿਆ ਜਾ ਸਕਦਾ ਹੈ। ਉਦੋਂ ਹੀ ਦੋ ਵਿਅਕਤੀ ਰੈਸਟੋਰੈਂਟ ਵਿੱਚ ਦਾਖਲ ਹੁੰਦੇ ਹਨ, ਉਨ੍ਹਾਂ ਵਿੱਚੋਂ ਇੱਕ ਪਲਾਸਟਿਕ ਦਾ ਬੈਗ ਫੜ ਕੇ ਆਉਂਦਾ ਹੈ। ਉਹ ਪਿਸਤੌਲ ਕੱਢ ਲੈਂਦਾ ਹੈ ਅਤੇ ਧਨਵੇ ਦੇ ਸਿਰ ਵਿੱਚ ਗੋਲੀ ਮਾਰਦਾ ਹੈ।



ਉਸ ਸਮੇਂ ਧਨਵੇ ਫੋਨ 'ਤੇ ਗੱਲ ਕਰ ਰਹੇ ਹਨ। ਹਮਲਾਵਰ ਧਨਵੇ ਨੂੰ ਨਿਸਾਨਾ ਬਣਾਉਣ ਆਏ ਸਨ, ਉਨ੍ਹਾਂ ਨੇ ਕਿਸੇ ਹੋਰ 'ਤੇ ਹਮਲਾ ਨਹੀਂ ਕੀਤਾ। ਹਮਲੇ ਤੋਂ ਬਾਅਦ ਧਨਵੇ ਦੇ ਨਾਲ ਆਏ ਤਿੰਨ ਵਿਅਕਤੀ ਮੌਕੇ ਤੋਂ ਭੱਜ ਗਏ। ਇਸ ਤੋਂ ਤੁਰੰਤ ਬਾਅਦ, ਛੇ ਹੋਰ ਸ਼ਖਸ ਦੌੜਦੇ ਹੋਏ ਰੈਸਟੋਰੈਂਟ ਵਿੱਚ ਆਉਂਦੇ ਹਨ ਅਤੇ ਉਨ੍ਹਾਂ ਵਿੱਚੋਂ ਇੱਕ ਨੇ ਧਨਵੇ 'ਤੇ ਹਮਲਾ ਕਰ ਦਿੱਤਾ। ਇਸ ਤੋਂ ਬਾਅਦ ਧਨਵੇ ਫਰਸ 'ਤੇ ਡਿੱਗ ਪੈਂਦਾ ਹੈ ਅਤੇ ਨਾਲ ਹੀ ਤਿੰਨ ਹੋਰ ਲੋਕ ਨੇ ਧਨਵੇ 'ਤੇ ਹਮਲਾ ਦਿੰਦੇ ਹਨ। ਪੁਲਸ ਨੇ ਕਤਲਕਾਂਡ ਦੀ ਜਾਂਚ ਲਈ 5 ਟੀਮਾਂ ਬਣਾਈਆਂ ਹਨ। ਪੁਣੇ ਦਿਹਾਤੀ ਪੁਲਸ ਦੇ ਐੱਸ.ਪੀ. ਪੰਕਜ ਦੇਸ਼ਮੁਖ ਨੇ ਦੱਸਿਆ ਕਿ ਇੰਦਾਪੁਰ 'ਚ ਸ਼ਨੀਵਾਰ ਰਾਤ ਨੂੰ ਅਵਿਨਾਸ਼ ਧਨਵੇ ਨਾਂ ਦੇ ਹਿਸਟਰੀਸ਼ੀਟਰ ਦਾ ਗੋਲੀ ਮਾਰ ਕੇ ਅਤੇ ਤੇਜਧਾਰ ਹਥਿਆਰਾਂ ਨਾਲ ਹਮਲਾ ਕਰਕੇ ਕਤਲ ਕਰ ਦਿੱਤਾ ਗਿਆ। ਪਹਿਲੀ ਨਜਰੇ ਇਹ ਦੋ ਵਿਰੋਧੀ ਧੜਿਆਂ ਵਿਚਕਾਰ ਪੁਰਾਣੀ ਦੁਸ਼ਮਣੀ ਦਾ ਮਾਮਲਾ ਜਾਪਦਾ ਹੈ। ਅਸੀਂ ਸੀ.ਸੀ.ਟੀ.ਵੀ. ਵਿੱਚ ਦੇਖੇ ਗਏ 8 ਲੋਕਾਂ ਦੀ ਪਛਾਣ ਕੀਤੀ ਹੈ।

# ਮੋਦੀ ਨੇ ਮੰਤਰੀਆਂ ਨੂੰ ਨਵੀਂ ਸਰਕਾਰ ਲਈ ਪਹਿਲੇ 100 ਦਿਨਾਂ ਦਾ ਏਜੰਡਾ ਤੈਅ ਕਰਨ ਲਈ ਕਿਹਾ



ਨਵੀਂ ਦਿੱਲੀ, (ਭਾਸ਼ਾ), 17 ਮਾਰਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਆਪਣੇ ਸਾਥੀ ਕੈਬਨਿਟ ਮੰਤਰੀਆਂ ਨੂੰ ਨਵੀਂ ਸਰਕਾਰ ਦੇ ਪਹਿਲੇ 100 ਦਿਨਾਂ ਅਤੇ ਅਗਲੇ ਪੰਜ ਸਾਲਾਂ ਲਈ ਰੋਡਮੈਪ ਤਿਆਰ ਕਰਨ ਲਈ ਕਿਹਾ। ਸੂਤਰਾਂ ਨੇ ਇਹ ਜਾਣਕਾਰੀ ਦਿੱਤੀ। ਸਵੇਰੇ ਇੱਥੇ ਕੇਂਦਰੀ ਮੰਤਰੀ ਮੰਡਲ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਪ੍ਰਧਾਨ ਮੰਤਰੀ ਨੇ ਮੰਤਰੀਆਂ ਨੂੰ ਕਿਹਾ ਕਿ ਉਹ ਆਪੋ-ਆਪਣੇ ਮੰਤਰਾਲਿਆਂ ਦੇ ਸਕੱਤਰਾਂ ਤੇ ਹੋਰ ਅਧਿਕਾਰੀਆਂ ਨਾਲ ਮੀਟਿੰਗਾਂ ਕਰ ਕੇ ਚਰਚਾ ਕਰਨ ਕਿ ਨਵੀਂ ਸਰਕਾਰ ਦੇ ਪਹਿਲੇ 100 ਦਿਨਾਂ ਤੇ ਅਗਲੇ ਪੰਜ ਸਾਲਾਂ ਦੇ ਏਜੰਡੇ ਨੂੰ ਕਿਵੇਂ ਸਹੀ ਢੰਗ ਨਾਲ ਲਾਗੂ ਕੀਤਾ ਜਾ ਸਕਦਾ ਹੈ? ਇਹ ਮੀਟਿੰਗ ਚੋਣ ਕਮਿਸਨ ਵੱਲੋਂ ਲੋਕ ਸਭਾ ਦੀਆਂ ਚੋਣਾਂ ਦੇ ਪ੍ਰੋਗਰਾਮ ਦੇ ਐਲਾਨ ਤੋਂ ਇਕ ਦਿਨ ਬਾਅਦ ਹੋਈ। ਮੰਤਰੀ ਮੰਡਲ ਨੇ ਚੋਣ ਕਮਿਸਨ ਦੀ ਸਿਫਾਰਸ ਰਾਸਟਰਪਤੀ ਦ੍ਰੌਪਦੀ ਮੁਰਮੂ ਨੂੰ ਭੇਜ ਕੇ 7 ਪੜਾਵਾਂ ਵਾਲੀਆਂ ਚੋਣਾਂ ਦੀਆਂ ਤਰੀਕਾਂ ਨੂੰ ਨੋਟੀਫਾਈ ਕਰਨ ਦੀ ਪ੍ਰਕਿਰਿਆ ਵੀ ਸੁਰੂ ਕਰ ਦਿੱਤੀ ਹੈ। ਪਹਿਲੇ ਪੜਾਅ ਅਧੀਨ 19 ਅਪ੍ਰੈਲ ਨੂੰ 102 ਸੀਟਾਂ 'ਤੇ ਹੋਣ ਵਾਲੀ ਪੋਲਿੰਗ ਲਈ ਪਹਿਲਾ ਨੋਟੀਫਿਕੇਸਨ 20 ਮਾਰਚ ਨੂੰ ਜਾਰੀ ਕੀਤਾ ਜਾਵੇਗਾ। ਇਸ ਤੋਂ ਬਾਅਦ 26 ਅਪ੍ਰੈਲ, 7 ਮਈ, 13 ਮਈ, 20 ਮਈ, 25 ਮਈ ਅਤੇ 1 ਜੂਨ ਨੂੰ ਹੋਣ ਵਾਲੀਆਂ ਚੋਣਾਂ ਲਈ ਨੋਟੀਫਿਕੇਸਨ ਜਾਰੀ ਹੋਣਗੇ।

## ਰੇਵ ਪਾਰਟੀ ਮਾਮਲੇ 'ਚ ਪੁਲਸ ਨੇ ਐਲਵਿਸ ਯਾਦਵ ਨੂੰ ਕੀਤਾ ਗ੍ਰਿਫਤਾਰ

ਨਵੀਂ ਦਿੱਲੀ, 17 ਮਾਰਚ : ਮਸਹੂਰ ਯੂਟਿਊਬਰ ਐਲਵਿਸ ਯਾਦਵ ਨੂੰ ਪੁਲਸ ਨੇ ਨੋਇਡਾ ਦੇ ਸੈਕਟਰ 113 ਤੋਂ ਗ੍ਰਿਫਤਾਰ ਕੀਤਾ ਹੈ। ਦਰਅਸਲ ਨੋਇਡਾ 'ਚ ਆਯੋਜਿਤ ਰੇਵ ਪਾਰਟੀ 'ਚ ਸੱਪ ਦੇ ਡੰਗਣ ਦੇ ਮਾਮਲੇ 'ਚ ਅਲਵਿਸ ਯਾਦਵ ਨੂੰ ਦੋਸੀ ਬਣਾਇਆ ਗਿਆ ਹੈ। ਨੋਇਡਾ ਪੁਲਸ ਮੁਤਾਬਕ ਅਲਵਿਸ ਯਾਦਵ 'ਤੇ ਪਾਰਟੀਆਂ ਅਤੇ ਕਲੱਬਾਂ 'ਚ ਸੱਪ ਦੇ ਡੰਗ ਦੇਣ ਦਾ ਦੋਸ ਹੈ। ਜੋ ਕਿ ਦੇਸ ਵਿੱਚ ਕਾਨੂੰਨੀ ਜੁਰਮ ਹੈ। ਪੁਲਸ ਨੇ ਉਸ ਖ਼ਿਲਾਫ ਕੇਸ ਦਰਜ ਕਰ ਲਿਆ ਹੈ। ਪੁਲਸ ਇਸ ਮਾਮਲੇ ਵਿੱਚ ਯਾਦਵ ਤੋਂ ਪਹਿਲਾਂ ਵੀ ਇੱਕ ਵਾਰ ਪੁੱਛਗਿੱਛ ਕਰ ਚੁੱਕੀ ਹੈ। ਪਰ ਨੋਇਡਾ ਪੁਲਸ ਇਸ ਜਵਾਬ ਤੋਂ ਸੰਤੁਸਟ ਨਹੀਂ ਹੈ, ਅਜਿਹੇ ਵਿੱਚ ਉਹ ਪੁਲਸ ਨੂੰ ਪੁੱਛਗਿੱਛ ਲਈ ਦੁਬਾਰਾ ਬੁਲਾ ਸਕਦੀ ਹੈ। ਤੁਹਾਨੂੰ ਦੱਸ ਦੇਈਏ ਕਿ ਬਿੱਗ ਬੌਸ ਓਟੀਟੀ ਵਿਨਰ ਯੂਟਿਊਬਰ ਐਲਵਿਸ ਯਾਦਵ ਦੀ ਕੁੱਟਮਾਰ ਦਾ ਵੀਡੀਓ ਵਾਇਰਲ ਹੋਈ ਸੀ। ਇਲਵਿਸ ਯਾਦਵ ਅਤੇ ਉਸ ਦੇ ਸਾਥੀਆਂ ਨੇ ਸੈਕਟਰ-53 ਸਥਿਤ ਸਾਊਥ ਪੁਆਇੰਟ ਮਾਲ ਵਿਖੇ ਪੀੜਤ ਨੌਜਵਾਨ ਦੀ ਕੁੱਟਮਾਰ ਕੀਤੀ ਸੀ। ਸ਼ਿਕਾਇਤ 'ਤੇ ਪੁਲਸ ਨੇ ਸੁੱਕਰਵਾਰ ਦੇਰ ਰਾਤ ਸੈਕਟਰ-53 ਥਾਣੇ ਵਿੱਚ ਆਈਪੀਸੀ ਦੀ ਧਾਰਾ 149,147,323 ਅਤੇ 506 ਤਹਿਤ ਕੇਸ ਦਰਜ ਕਰਕੇ ਜਾਂਚ ਸੁਰੂ ਕਰ ਦਿੱਤੀ ਹੈ। ਪੁਲਸ ਨੇ ਇਸ ਮਾਮਲੇ 'ਚ ਅਲਵਿਸ ਯਾਦਵ ਅਤੇ ਉਸ ਦੇ ਸਾਥੀਆਂ ਨੂੰ ਦੋਸੀ ਬਣਾਇਆ ਹੈ।

## ਜੰਮੂ-ਕਸਮੀਰ 'ਚ ਅੱਤਵਾਦ 'ਤੇ ਕੇਂਦਰ ਦਾ ਵੱਡਾ ਐਕਸ਼ਨ, ਹੁਰੀਅਤ ਦੇ ਸਾਰੇ ਗਰੁੱਪਾਂ 'ਤੇ ਲੱਗਾ ਬੈਨ

ਨਵੀਂ ਦਿੱਲੀ, (ਭਾਸ਼ਾ), 17 ਮਾਰਚ : ਕੇਂਦਰ ਸਰਕਾਰ ਨੇ ਸਨੀਵਾਰ ਨੂੰ ਸਖਤ ਅੱਤਵਾਦ ਵਿਰੋਧੀ ਕਾਨੂੰਨਾਂ ਤਹਿਤ ਜੰਮੂ-ਕਸਮੀਰ ਪੀਪਲਜ ਫ੍ਰੀਡਮ ਲੀਗ ਅਤੇ ਵੱਖਵਾਦੀ ਗਰੁੱਪ ਹੁਰੀਅਤ ਕਾਨਫਰੰਸ ਨਾਲ ਜੁੜੇ ਜੰਮੂ-ਕਸਮੀਰ ਪੀਪਲਜ ਲੀਗ ਦੇ ਸਾਰੇ ਗਰੁੱਪਾਂ 'ਤੇ ਪਾਬੰਦੀ ਲਾ ਦਿੱਤੀ। ਇਸ ਤੋਂ ਇਲਾਵਾ ਜੇਲ 'ਚ ਬੰਦ ਅੱਤਵਾਦ ਦੇ ਮੁਲਜਮ ਯਾਸੀਨ ਮਲਿਕ ਦੀ ਅਗਵਾਈ ਵਾਲੇ ਜੰਮੂ-ਕਸਮੀਰ ਲਿਬਰੇਸਨ ਫਰੰਟ (ਜੇ. ਕੇ. ਐੱਲ. ਐੱਫ.) 'ਤੇ ਪਾਬੰਦੀ ਅਗਲੇ 5 ਸਾਲ ਲਈ ਵਧਾ ਦਿੱਤੀ ਗਈ ਹੈ। ਇਹ ਐਲਾਨ ਆਮ ਚੋਣਾਂ ਦੇ ਪ੍ਰੋਗਰਾਮ ਦਾ ਐਲਾਨ ਹੋਣ ਤੋਂ ਕੁਝ ਘੰਟੇ ਪਹਿਲਾਂ ਕੀਤਾ ਗਿਆ। ਕੇਂਦਰੀ ਗ੍ਰਿਹ ਮੰਤਰੀ ਅਮਿਤ ਸਾਹ ਨੇ ਕਿਹਾ ਕਿ ਮੋਦੀ ਸਰਕਾਰ ਅੱਤਵਾਦੀ ਗਤੀਵਿਧੀਆਂ 'ਚ ਸਾਮਲ ਲੋਕਾਂ ਅਤੇ ਸੰਗਠਨਾਂ ਨੂੰ ਨਹੀਂ ਬਖਸੇਗੀ। ਸਾਹ ਨੇ 'ਐਕਸ' 'ਤੇ ਲਿਖਿਆ, "ਮੋਦੀ ਸਰਕਾਰ ਨੇ ਜੰਮੂ-ਕਸਮੀਰ ਲਿਬਰੇਸਨ ਫਰੰਟ (ਮੁਹੰਮਦ ਯਾਸੀਨ ਮਲਿਕ ਗਰੁੱਪ) ਨੂੰ ਅਗਲੇ 5 ਸਾਲਾਂ ਲਈ 'ਗੈਰ-ਕਾਨੂੰਨੀ ਸੰਗਠਨ' ਐਲਾਨ ਕਰ ਦਿੱਤਾ ਹੈ।" ਸੰਗਠਨ ਨੇ ਅੱਤਵਾਦ ਦੇ ਮਾਧਿਅਮ ਨਾਲ ਜੰਮੂ-ਕਸਮੀਰ 'ਚ ਵੱਖਵਾਦ ਨੂੰ ਮਦਦ ਅਤੇ ਹੱਲਾਸੇਰੀ ਦੇ ਕੇ ਭਾਰਤ ਦੀ ਅਖੰਡਤਾ ਨੂੰ ਖਤਰੇ 'ਚ ਪਾਇਆ।

# ਦੂਨ ਸਕੂਲ ਦਾ ਇਕ ਵਿਦਿਆਰਥੀ, ਜਿਸ ਨੇ ਗੁਆਇਆ ਗਾਂਧੀ ਪਰਿਵਾਰ ਦਾ ਸਨਮਾਨ

ਨਵੀਂ ਦਿੱਲੀ, 17 ਮਾਰਚ : ਮੱਧ ਪ੍ਰਦੇਸ ਦੇ ਸਾਬਕਾ ਮੁੱਖ ਮੰਤਰੀ ਕਮਲਨਾਥ ਲੱਗਭਗ 60 ਸਾਲਾਂ ਤੱਕ ਗਾਂਧੀ ਪਰਿਵਾਰ ਦੇ ਲਾਡਲੇ ਰਹੇ ਅਤੇ ਉਨ੍ਹਾਂ ਨੂੰ ਇੰਦਰਾ ਗਾਂਧੀ ਦੇ 'ਤੀਜੇ ਪੁੱਤਰ' ਦਾ ਦਰਜਾ ਪ੍ਰਾਪਤ ਸੀ। ਉਹ ਉਨ੍ਹਾਂ ਵਿਸੇਸ ਅਧਿਕਾਰ ਪ੍ਰਾਪਤ ਲੋਕਾਂ 'ਚੋਂ ਇਕ ਸਨ, ਜੋ ਸਕੂਲ ਦੀਆਂ ਛੁੱਟੀਆਂ 'ਚ ਤਤਕਾਲੀ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੇ 'ਤੀਨ ਮੂਰਤੀ ਆਵਾਸ' 'ਤੇ ਰਾਜੀਵ ਅਤੇ ਸੰਜੇ ਗਾਂਧੀ ਦੇ ਨਾਲ ਰਹਿੰਦੇ ਸਨ, ਕਿਉਂਕਿ ਦੂਨ ਸਕੂਲ 'ਚ ਉਹ ਉਨ੍ਹਾਂ ਦੇ ਦੋਸਤ ਬਣ ਗਏ ਸਨ। ਜਦੋਂ ਰਾਜੀਵ ਗਾਂਧੀ ਪ੍ਰਧਾਨ ਮੰਤਰੀ ਬਣੇ ਤਾਂ 'ਦੂਨ ਸਕੂਲ ਕਲੱਬ' ਨੇ ਅਹਿਮ ਭੂਮਿਕਾ ਨਿਭਾਈ। ਇਹ 'ਡਾਸਕੋ ਕਲੱਬ' ਹੀ ਸੀ, ਜਿਸ ਨੇ ਦੇਸ 'ਚ ਕਈ ਘਪਲਿਆਂ ਨੂੰ ਜਨਮ ਦਿੱਤਾ, ਜਿਨ੍ਹਾਂ ਦੀ ਗੂੰਜ ਦਹਾਕਿਆਂ ਤੱਕ ਸੁਣੀ ਗਈ। ਕਮਲਨਾਥ ਸੰਭਵ ਹੈ ਕਿ ਇਸ ਕਲੱਬ ਦੇ ਆਖਰੀ ਮੈਂਬਰ ਹਨ, ਜੋ ਗਾਂਧੀ ਪਰਿਵਾਰ ਦੀਆਂ ਨਜਰਾਂ ਤੋਂ ਡਿੱਗ ਗਏ ਹਨ, ਕਿਉਂਕਿ ਉਨ੍ਹਾਂ ਨੇ ਮੱਧ ਪ੍ਰਦੇਸ 'ਚ ਟਿਕਟ ਵੰਡ ਨੂੰ ਲੈ ਕੇ ਸੂਬੇ ਦੇ ਏ. ਆਈ. ਸੀ. ਸੀ. ਦੇ ਸੂਬਾ ਇੰਚਾਰਜ ਦੀਆਂ ਦਲੀਲਾਂ ਨੂੰ ਨਹੀਂ ਸੁਣਿਆ, ਉਹ ਭਾਵੇਂ ਜੈ ਪ੍ਰਕਾਸ ਅਗਰਵਾਲ ਹੋਣ ਜਾਂ ਰਣਦੀਪ ਸੁਰਜੇਵਾਲਾ। ਆਖਰਕਾਰ ਕਾਂਗਰਸ ਚੋਣਾਂ ਹਾਰ ਗਈ ਅਤੇ ਰਾਹੁਲ ਗਾਂਧੀ ਨੇ ਉਨ੍ਹਾਂ ਨੂੰ 24 ਘੰਟਿਆਂ ਦੇ ਅੰਦਰ ਪੀ. ਸੀ. ਸੀ. ਪ੍ਰਧਾਨ ਦੇ ਅਹੁਦੇ ਤੋਂ ਬਰਖਾਸਤ ਕਰਨ ਦਾ ਫੈਸਲਾ ਕੀਤਾ। ਨਾਰਾਜ ਕਮਲਨਾਥ ਨੇ ਭਾਜਪਾ 'ਚ ਜਾਣ ਦੀ ਕੋਸ਼ਿਸ ਕੀਤੀ ਪਰ ਉਨ੍ਹਾਂ ਦਾ ਦਾਅ ਉਲਟਾ ਪੈ ਗਿਆ। ਕਾਂਗਰਸ ਨਾਲ ਜੁੜੇ ਸੂਤਰਾਂ ਦਾ ਕਹਿਣਾ ਹੈ ਕਿ ਰਾਹੁਲ ਗਾਂਧੀ ਸ਼ੁਰੂ ਤੋਂ ਹੀ ਕਮਲਨਾਥ ਨੂੰ ਮੁੱਖ ਮੰਤਰੀ ਬਣਾਉਣ ਦੇ ਖਿਲਾਫ ਸਨ ਪਰ ਸੋਨੀਆ ਗਾਂਧੀ ਇਸ ਮਾਮਲੇ 'ਚ ਭਾਰੀ ਪਈ। ਇਹ ਸੱਕ ਹਮੇਸਾ ਤੋਂ ਸੀ ਕਿ ਮੋਦੀ ਸਰਕਾਰ ਕਮਲਨਾਥ ਪ੍ਰਤੀ ਨਰਮ ਹੈ ਅਤੇ ਉਨ੍ਹਾਂ ਦੇ ਵੱਡੇ ਪੁੱਤਰ ਬਕੁਲ ਨਾਥ, ਜੋ ਅਮਰੀਕਾ 'ਚ ਐੱਨ. ਆਰ. ਆਈ. ਹਨ, ਦੇ ਖਿਲਾਫ ਕਾਰਵਾਈ ਨਹੀਂ ਕਰ ਰਹੀ ਹੈ, ਜਦਕਿ ਉਨ੍ਹਾਂ ਦਾ ਨਾਂ 'ਅਗਸਤਾ ਵੈਸਟਲੈਂਡ ਡੀਲ' 'ਚ ਲਾਭਪਾਤਰੀਆਂ ਦੀ ਸੂਚੀ 'ਚ ਹੈ। ਜਨਵਰੀ 2019 'ਚ, ਈ. ਡੀ. ਵੱਲੋਂ ਰਾਜੀਵ ਸਕਸੈਨਾ ਦੀ ਦੁਬਈ ਤੋਂ ਹਵਾਲਗੀ ਤੋਂ ਬਾਅਦ ਬਕੁਲ ਨਾਥ ਦਾ ਨਾਂ ਸਾਹਮਣੇ ਆਇਆ ਸੀ। ਉਹ 3,000 ਕਰੋੜ ਰੁਪਏ ਦੇ ਵੀ. ਵੀ. ਆਈ. ਪੀ. ਹੈਲੀਕਾਪਟਰ ਸੌਦਾ ਮਾਮਲੇ 'ਚ ਇਕ ਮਾਧਿਅਮ ਸਨ। ਈ. ਡੀ. ਨੂੰ ਦਿੱਤਾ ਗਿਆ ਸਕਸੈਨਾ ਦਾ ਬਿਆਨ 1,000 ਪੰਨਿਆਂ ਤੋਂ ਵੱਧ ਦਾ ਹੈ ਅਤੇ ਇਸ 'ਚ ਰੱਖਿਆ ਡੀਲਰ ਸੁਸੇਨ ਮੋਹਨ ਗੁਪਤਾ, ਕਮਲਨਾਥ ਦੇ ਭਤੀਜੇ ਰਤੁਲ ਪੁਰੀ, ਬਕੁਲ ਨਾਥ ਸਮੇਤ ਹੋਰ ਲੋਕਾਂ ਦੀ ਸਮੂਲੀਅਤ ਦਾ ਵੇਰਵਾ ਦਿੱਤਾ ਗਿਆ ਹੈ। ਰਤੁਲ ਪੁਰੀ ਨੂੰ ਈ. ਡੀ. ਨੇ 2019 'ਚ ਗ੍ਰਿਫਤਾਰ ਕੀਤਾ ਸੀ, ਕਿਉਂਕਿ ਅਪਰਾਧ ਦੀ ਕਮਾਈ ਸਾਵਨਾ ਟਰੱਸਟ ਦੀ ਮਾਲਕੀ ਵਾਲੀ ਕੰਪਨੀ ਦੇ ਜਰੀਏ ਕੀਤੀ ਗਈ ਸੀ। ਲਾਭਪਾਤਰੀ ਬਕੁਲ ਨਾਥ ਪਿਛਲੇ 5 ਸਾਲਾਂ ਤੋਂ ਭਾਰਤ ਆਉਣ 'ਚ ਅਸਮਰੱਥ ਹਨ। ਕਮਲਨਾਥ ਨੇ ਇਨ੍ਹਾਂ ਮਾਮਲਿਆਂ 'ਚ ਕਿਸੇ ਵੀ ਤਰ੍ਹਾਂ ਦੀ ਗੜਬੜੀ ਅਤੇ ਆਪਣੀ ਸਮੂਲੀਅਤ ਤੋਂ ਇਨਕਾਰ ਕੀਤਾ ਹੈ। ਵੈਸੇ, ਉਨ੍ਹਾਂ ਦੇ ਛੋਟੇ ਪੁੱਤਰ ਅਤੇ ਮੌਜੂਦਾ ਲੋਕ ਸਭਾ ਮੈਂਬਰ ਨਕੁਲ ਨਾਥ ਨੂੰ ਛਿੰਦਵਾੜਾ ਤੋਂ ਪਾਰਟੀ ਉਮੀਦਵਾਰ ਵਜੋਂ ਬਰਕਰਾਰ ਰੱਖਿਆ ਗਿਆ ਹੈ, ਕਿਉਂਕਿ 'ਕਰੋ ਜਾਂ ਮਰੋ' ਦੀ ਇਸ ਲੜਾਈ 'ਚ ਹਰ ਸੀਟ ਮਾਇਨੇ ਰੱਖਦੀ ਹੈ।

## ਚੋਣ ਕਮਿਸਨ ਨੇ ਚੋਣਾਵੀ ਬਾਂਡ ਨਾਲ ਸਬੰਧਤ ਨਵਾਂ ਡਾਟਾ ਕੀਤਾ ਜਨਤਕ

ਨਵੀਂ ਦਿੱਲੀ, 17 ਮਾਰਚ : ਚੋਣ ਕਮਿਸਨ ਨੇ ਐਤਵਾਰ ਨੂੰ ਚੋਣਾਵੀ ਬਾਂਡ ਨੂੰ ਲੈ ਕੇ ਨਵਾਂ ਡਾਟਾ ਜਨਤਕ ਕੀਤਾ। ਕਮਿਸਨ ਨੇ ਇਹ ਡਾਟਾ ਸੀਲਬੰਦ ਲਿਫਾਫੇ 'ਚ ਸੁਪਰੀਮ ਕੋਰਟ ਨੂੰ ਸੌਂਪਿਆ ਹੈ। ਅਦਾਲਤ ਨੇ ਬਾਅਦ 'ਚ ਕਮਿਸਨ ਨੂੰ ਇਸ ਡਾਟਾ ਨੂੰ ਜਨਤਕ ਕਰਨ ਲਈ ਕਿਹਾ ਸੀ। ਮੰਨਿਆ ਜਾ ਰਿਹਾ ਹੈ ਕਿ ਇਹ ਵੇਰਵੇ 12 ਅਪ੍ਰੈਲ 2019 ਤੋਂ ਪਹਿਲਾਂ ਦੀ ਮਿਆਦ ਨਾਲ ਸਬੰਧਤ ਹਨ। ਕਮਿਸਨ ਨੇ ਪਿਛਲੇ ਹਫਤੇ ਉਪਰੋਕਤ ਤਾਰੀਕ ਤੋਂ ਬਾਅਦ ਚੋਣ ਬਾਂਡ ਨਾਲ ਸਬੰਧਤ ਵੇਰਵੇ ਜਨਤਕ ਕੀਤੇ ਸਨ। ਕਮਿਸਨ ਨੇ ਇਕ ਬਿਆਨ 'ਚ ਕਿਹਾ ਕਿ ਸਿਆਸੀ ਪਾਰਟੀਆਂ ਨੇ 12 ਅਪ੍ਰੈਲ 2019 ਦੇ ਸੁਪਰੀਮ ਕੋਰਟ ਦੇ ਅੰਤਰਿਮ ਆਦੇਸ ਮੁਤਾਬਕ ਚੋਣ ਬਾਂਡ ਨਾਲ ਸਬੰਧਤ ਡਾਟਾ ਸੀਲਬੰਦ ਕਵਰ 'ਚ ਦਾਖਲ ਕੀਤਾ ਸੀ। ਕਮਿਸਨ ਨੇ ਕਿਹਾ ਸਿਆਸੀ ਪਾਰਟੀਆਂ ਤੋਂ ਪ੍ਰਾਪਤ ਡਾਟਾ ਸੀਲਬੰਦ ਲਿਫਾਫੇ ਵਿਚ ਸੁਪਰੀਮ ਕੋਰਟ 'ਚ ਜਮ੍ਹਾ ਕੀਤਾ ਗਿਆ ਸੀ। ਸੁਪਰੀਮ ਕੋਰਟ ਦੇ 15 ਮਾਰਚ, 2024 ਦੇ ਹੁਕਮਾਂ 'ਤੇ ਕਾਰਵਾਈ ਕਰਦੇ ਹੋਏ ਅਦਾਲਤ ਦੀ ਰਜਿਸਟਰੀ ਨੇ ਸੀਲਬੰਦ ਲਿਫਾਫੇ 'ਚ ਇਕ ਪੈੱਨ ਡਰਾਈਵਰ ਵਿਚ ਡਿਜੀਟਲ ਰਿਕਾਰਡ ਨਾਲ ਕਾਪੀਆਂ ਵੀ ਵਾਪਸ ਕਰ ਦਿੱਤੀਆਂ।

## ਮਠਿਆਈ ਦੇ ਡੱਬੇ 'ਚ 'ਬਾਰੂਦ ਵਾਲਾ ਗਿਫਟ' ਅਤੇ ਇਕ ਚਿੱਠੀ, ਦਹਿਸ਼ਤ 'ਚ ਕਾਰੋਬਾਰੀ

ਨਵੀਂ ਦਿੱਲੀ, 17 ਮਾਰਚ : ਦੱਖਣੀ-ਪੱਛਮੀ ਦਿੱਲੀ ਦੇ ਵਸੰਤ ਵਿਹਾਰ ਇਲਾਕੇ ਵਿਚ ਇਕ ਕਾਰੋਬਾਰੀ ਨੂੰ ਆਪਣੇ ਘਰ ਦੇ ਬਾਹਰ ਮਠਿਆਈ ਦੇ ਇਕ ਡੱਬੇ 'ਚ ਧਮਕੀ ਭਰੀ ਇਕ ਚਿੱਠੀ ਅਤੇ ਦੋ ਕਾਰਤੂਸ ਮਿਲੇ। ਪੁਲਸ ਨੇ ਇਹ ਜਾਣਕਾਰੀ ਦਿੱਤੀ। ਪੁਲਸ ਮੁਤਾਬਕ ਇਸ ਘਟਨਾ ਸਬੰਧੀ ਅਣਪਛਾਤੇ ਵਿਅਕਤੀਆਂ ਖ਼ਿਲਾਫ ਇੰਡੀਅਨ ਪੀਨਲ ਕੋਡ () ਦੀ ਧਾਰਾ 506 (ਅਪਰਾਧਿਕ ਧਮਕੀ) ਅਤੇ ਅਸਲਾ ਐਕਟ ਦੀ ਧਾਰਾ-25 ਤਹਿਤ ਕੇਸ ਦਰਜ ਕਰ ਕੇ ਜਾਂਚ ਸੁਰੂ ਕਰ ਦਿੱਤੀ ਗਈ ਹੈ।

## ਮਮਤਾ ਬੈਨਰਜੀ ਦੀ ਹਾਲਤ ਸਥਿਰ, ਡਾਕਟਰਾਂ ਨੇ ਕਿਹਾ- ਸੱਟ ਤੋਂ ਉਭਰ ਰਹੀ ਮੁੱਖ ਮੰਤਰੀ

ਕੋਲਕਾਤਾ, 17 ਮਾਰਚ : ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਸਿਹਤ 'ਠੀਕ' ਹੈ। ਮਮਤਾ ਦਾ ਇਲਾਜ ਕਰ ਰਹੇ ਡਾਕਟਰਾਂ ਨੇ ਸਨੀਵਾਰ ਸਵੇਰੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ 69 ਸਾਲਾ ਮਮਤਾ ਸੱਟ ਤੋਂ ਉਭਰ ਰਹੀ ਹੈ। ਸਰਕਾਰੀ ਹਸਪਤਾਲ ਦੇ ਇਕ ਸੀਨੀਅਰ ਡਾਕਟਰ ਨੇ ਇਕ ਨਿਊਜ ਏਜੰਸੀ ਨੂੰ ਦੱਸਿਆ ਕਿ ਮੁੱਖ ਮੰਤਰੀ ਦੀ ਹਾਲਤ ਠੀਕ ਅਤੇ ਸਥਿਰ ਹੈ। ਉਹ ਸੱਟ ਤੋਂ ਉਭਰ ਰਹੀ ਹੈ। ਸੱਟ ਲੱਗਣ ਕਾਰਨ ਹੋਣ ਵਾਲਾ ਦਰਦ ਵੀ ਕਾਫੀ ਘੱਟ ਗਿਆ ਹੈ। ਫਿਰ ਵੀ ਉਨ੍ਹਾਂ ਨੂੰ ਆਰਾਮ ਕਰਨ ਦੀ ਸਲਾਹ ਦਿੱਤੀ ਗਈ ਹੈ। ਦੱਸ ਦੇਈਏ ਕਿ ਤ੍ਰਿਣਮੂਲ ਕਾਂਗਰਸ () ਸੁਪਰੀਮੋ ਵੀਰਵਾਰ ਸਾਮ ਨੂੰ ਆਪਣੇ ਕਾਲੀਘਾਟ ਸਥਿਤ ਰਿਹਾਇਸ਼ 'ਚ ਡਿੱਗ ਪਈ ਸੀ, ਉਨ੍ਹਾਂ ਦੇ ਮੱਥੇ ਅਤੇ ਨੱਕ 'ਤੇ ਗੰਭੀਰ ਸੱਟਾਂ ਲੱਗੀਆਂ ਸਨ। ਮਮਤਾ ਦੇ ਭਤੀਜੇ ਅਤੇ ਦੇ ਰਾਸਟਰੀ ਜਨਰਲ ਸਕੱਤਰ ਅਭਿਸੇਕ ਬੈਨਰਜੀ ਉਨ੍ਹਾਂ ਨੂੰ ਹਸਪਤਾਲ ਲੈ ਕੇ ਆਏ। ਜਿੱਥੇ ਉਨ੍ਹਾਂ ਦੇ ਮੱਥੇ 'ਤੇ ਤਿੰਨ ਟਾਂਕੇ ਅਤੇ ਨੱਕ 'ਤੇ ਇਕ ਟਾਂਕਾ ਲਗਾਇਆ ਗਿਆ। ਡਾਕਟਰਾਂ ਦੀ ਤਿੰਨ ਮੈਂਬਰੀ ਟੀਮ ਸੁੱਕਰਵਾਰ ਸਾਮ ਨੂੰ ਕਾਲੀਘਾਟ ਸਥਿਤ ਮੁੱਖ ਮੰਤਰੀ ਦੀ ਰਿਹਾਇਸ 'ਤੇ ਗਈ ਅਤੇ ਜਰੂਰੀ ਜਾਂਚ ਕੀਤੀ। ਸਾਡੇ ਡਾਕਟਰ ਅੱਜ ਬੈਨਰਜੀ ਦੀ ਮੁੜ ਜਾਂਚ ਕਰ ਸਕਦੇ ਹਨ।



# 1.8 ਕਰੋੜ ਨੌਜਵਾਨ ਪਹਿਲੀ ਵਾਰ ਪਾਉਣਗੇ ਵੋਟ

ਨੈਸਨਲ ਡੈਸਕ, 17 ਮਾਰਚ : ਭਾਰਤੀ ਚੋਣ ਕਮਿਸਨ ਦੇ ਮੁੱਖ ਚੋਣ ਕਮਿਸਨਰ ਰਾਜੀਵ ਕੁਮਾਰ ਲੋਕ ਸਭਾ ਚੋਣਾਂ ਦੀਆਂ ਤਰੀਖਾਂ ਦੇ ਐਲਾਨ ਤੋਂ ਪਹਿਲਾਂ ਸੰਬੋਧਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਾਡੀ ਟੀਮ ਇਸ ਚੋਣ ਲਈ ਪੂਰੀ ਤਰ੍ਹਾਂ ਤਿਆਰ ਹੈ। ਭਾਰਤ ਦੀਆਂ ਚੋਣਾਂ 'ਤੇ ਪੂਰੀ ਦੁਨੀਆ ਦੀ ਨਜਰ ਹੈ। ਚੋਣ ਤਿਉਹਾਰ ਸਾਡੇ ਲਈ ਮਾਣ ਵਾਲੀ ਗੱਲ ਹੈ। ਮੁੱਖ ਚੋਣ ਕਮਿਸਨਰ ਨੇ ਕਿਹਾ ਕਿ 97 ਕਰੋੜ ਵੋਟਰ ਹਨ, 10.5 ਲੱਖ ਪੋਲਿੰਗ ਸਟੇਸਨ ਹਨ, ਜਿਨ੍ਹਾਂ ਨੂੰ ਡੇਢ ਕਰੋੜ ਅਧਿਕਾਰੀ ਕੰਟਰੋਲ ਕਰ ਰਹੇ ਹਨ। ਇਸ ਵਾਰ 1.8 ਕਰੋੜ ਨੌਜਵਾਨ ਪਹਿਲੀ ਵਾਰ ਵੋਟ ਪਾਉਣਗੇ। ਮੁੱਖ ਚੋਣ ਕਮਿਸਨਰ ਰਾਜੀਵ ਕੁਮਾਰ ਨੇ ਕਿਹਾ ਕਿ ਸਭ ਤੋਂ ਵੱਡੇ ਲੋਕਤੰਤਰ 'ਚ ਚੋਣਾਂ ਕਰਵਾਉਣਾ ਚੁਣੌਤੀਪੂਰਨ ਹੈ ਪਰ ਅਸੀਂ ਤਿਆਰ ਹਾਂ।

ਮੁੱਖ ਚੋਣ ਕਮਿਸਨਰ ਨੇ ਕਿਹਾ ਕਿ 97 ਕਰੋੜ ਵੋਟਰ ਹਨ, 10.5 ਲੱਖ ਪੋਲਿੰਗ ਸਟੇਸਨ ਹਨ, ਜਿਨ੍ਹਾਂ ਨੂੰ ਡੇਢ ਕਰੋੜ ਅਧਿਕਾਰੀ ਕੰਟਰੋਲ ਕਰ ਰਹੇ ਹਨ।

ਇਸ ਵਾਰ 1.8 ਕਰੋੜ ਨੌਜਵਾਨ ਪਹਿਲੀ ਵਾਰ ਵੋਟ ਪਾਉਣਗੇ।

ਮੁੱਖ ਚੋਣ ਕਮਿਸਨਰ ਰਾਜੀਵ ਕੁਮਾਰ ਨੇ ਦੱਸਿਆ ਕਿ ਇਸ ਵਾਰ 85 ਸਾਲ ਤੋਂ ਵੱਧ ਉਮਰ ਦੇ ਲੋਕ ਘਰ ਬੈਠੇ ਹੀ ਵੋਟ ਪਾ ਸਕਦੇ ਹਨ।

ਹਰ ਬੂਥ 'ਤੇ ਵੋਟਰਾਂ ਲਈ ਲੋੜੀਂਦੀਆਂ ਸਹੂਲਤਾਂ ਹੋਣਗੀਆਂ। ਜਿੱਥੇ ਪੀਣ ਵਾਲਾ ਪਾਣੀ, ਮਰਦਾਂ ਅਤੇ ਔਰਤਾਂ ਲਈ ਵੱਖਰੇ ਪਖਾਨੇ, ਰੈਂਪ, ਵ੍ਹੀਲ ਚੇਅਰ ਆਦਿ ਉਪਲਬਧ ਹੋਣਗੇ।

ਕੋਈ ਵੀ ਵੋਟਰ ਨੰਬਰ ਰਾਹੀਂ ਆਪਣਾ ਵੋਟਰ ਕਾਰਡ ਮੋਬਾਈਲ ਤੋਂ ਡਾਊਨਲੋਡ ਕਰ ਸਕਦਾ ਹੈ। ਇਸ ਤੋਂ ਇਲਾਵਾ ਬੂਥ ਨੰਬਰ ਅਤੇ ਉਮੀਦਵਾਰ ਦੀ ਜਾਣਕਾਰੀ ਵੀ ਉਪਲਬਧ ਹੋਵੇਗੀ। ਮੁੱਖ ਚੋਣ ਕਮਿਸਨਰ ਰਾਜੀਵ ਕੁਮਾਰ ਨੇ ਕਿਹਾ ਕਿ ਜੇਕਰ ਪੈਸੇ ਵੰਡਣ ਦਾ ਮਾਮਲਾ ਹੈ ਤਾਂ ਫੋਟੋ ਖਿੱਚ ਕੇ ਸਾਨੂੰ ਭੇਜੋ। ਅਸੀਂ ਤੁਹਾਡੇ ਟਿਕਾਣੇ ਦਾ ਪਤਾ ਲਗਾਵਾਂਗੇ ਅਤੇ ਕਾਰਵਾਈ ਯਕੀਨੀ ਬਣਾਵਾਂਗੇ। ਮੁੱਖ ਚੋਣ ਕਮਿਸਨਰ ਰਾਜੀਵ ਕੁਮਾਰ ਨੇ ਕਿਹਾ ਕਿ ਸਭ ਤੋਂ ਵੱਡੇ ਲੋਕਤੰਤਰ ਵਿੱਚ ਚੋਣਾਂ ਕਰਵਾਉਣਾ ਚੁਣੌਤੀਪੂਰਨ ਹੈ, ਪਰ ਅਸੀਂ ਤਿਆਰ ਹਾਂ। ਅਸੀਂ ਸਾਰੇ ਰਾਜਾਂ ਦਾ ਦੌਰਾ ਕੀਤਾ ਹੈ ਅਤੇ ਸਮੀਖਿਆ ਕੀਤੀ ਹੈ। ਮੁੱਖ ਚੋਣ ਕਮਿਸਨਰ ਨੇ ਕਿਹਾ ਕਿ ਉਨ੍ਹਾਂ ਨੇ ਪਿਛਲੇ ਦਿਨਾਂ ਵਿੱਚ ਦੇਸ ਭਰ ਦੇ ਵੱਖ-ਵੱਖ ਜ਼ਿਲ੍ਹਿਆਂ ਦਾ ਦੌਰਾ ਕੀਤਾ ਹੈ ਅਤੇ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ ਹੈ। ਅਸੀਂ ਯਾਦਗਾਰੀ ਅਤੇ ਨਿਰਪੱਖ ਚੋਣਾਂ ਕਰਵਾਵਾਂਗੇ।

55 ਲੱਖ ਈਵੀਐਮ ਨਾਲ ਚੋਣਾਂ ਕਰਵਾਈਆਂ ਜਾਣਗੀਆਂ

ਮੁੱਖ ਚੋਣ ਕਮਿਸਨਰ ਅਨੁਸਾਰ ਚੋਣਾਂ ਦੌਰਾਨ 55 ਲੱਖ ਈਵੀਐਮ ਦੀ ਵਰਤੋਂ ਕੀਤੀ ਜਾਵੇਗੀ। ਇਸ ਦੇ ਲਈ 10.5 ਲੱਖ ਪੋਲਿੰਗ ਬੂਥ ਬਣਾਏ ਗਏ ਹਨ।

97 ਕਰੋੜ ਲੋਕ ਵੋਟ ਪਾਉਣ ਦੇ ਯੋਗ ਹਨ

12 ਲੱਖ ਤੋਂ ਵੱਧ ਪੋਲਿੰਗ ਸਟੇਸਨਾਂ 'ਤੇ ਹੋਣ ਵਾਲੀਆਂ ਚੋਣਾਂ ਵਿਚ ਲਗਭਗ 97 ਕਰੋੜ ਲੋਕ ਵੋਟ ਪਾਉਣ ਦੇ ਯੋਗ ਹਨ। ਪਿਛਲੀਆਂ ਲੋਕ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ 303 ਸੀਟਾਂ ਜਿੱਤੀਆਂ ਸਨ ਜਦਕਿ ਕਾਂਗਰਸ ਨੂੰ 52 ਸੀਟਾਂ ਮਿਲੀਆਂ ਸਨ। ਉਹ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਦਾ ਅਹੁਦਾ ਹਾਸਲ ਕਰਨ ਲਈ ਲੋੜੀਂਦੀ ਗਿਣਤੀ ਇਕੱਠੀ ਨਹੀਂ ਕਰ ਸਕੀ ਸੀ।

ਆਗਾਮੀ ਸੰਸਦੀ ਚੋਣਾਂ ਨੂੰ ਵਿਰੋਧੀ ਗਠਜੋੜ 'ਇੰਡੀਆ' (ਇੰਡੀਅਨ ਨੈਸਨਲ ਡਿਵੈਲਪਮੈਂਟਲ ਇਨਕਲੂਸਿਵ ਅਲਾਇੰਸ) ਲਈ 'ਕਰੋ ਜਾਂ ਮਰੋ' ਦੇ ਮੁਕਾਬਲੇ ਵਜੋਂ ਦੇਖਿਆ ਜਾ ਰਿਹਾ ਹੈ। 16 ਜੂਨ ਨੂੰ ਖਤਮ ਹੋ ਰਿਹਾ ਕਾਰਜਕਾਲ ਮੌਜੂਦਾ ਲੋਕ ਸਭਾ ਦਾ ਕਾਰਜਕਾਲ 16 ਜੂਨ ਨੂੰ ਖਤਮ ਹੋ ਰਿਹਾ ਹੈ ਅਤੇ ਉਸ ਤੋਂ ਪਹਿਲਾਂ ਨਵੇਂ ਸਦਨ ਦਾ ਗਠਨ ਕਰਨਾ ਹੋਵੇਗਾ। ਪਿਛਲੀ ਵਾਰ ਲੋਕ ਸਭਾ ਚੋਣਾਂ ਦਾ ਐਲਾਨ 10 ਮਾਰਚ ਨੂੰ ਹੋਇਆ ਸੀ ਅਤੇ 11 ਅਪ੍ਰੈਲ ਤੋਂ 7 ਪੜਾਵਾਂ 'ਚ ਵੋਟਿੰਗ ਹੋਈ ਸੀ। ਵੋਟਾਂ ਦੀ ਗਿਣਤੀ 23 ਮਈ ਨੂੰ ਹੋਈ ਸੀ।

# ਚੋਣ ਬਾਂਡ : ਵਿਰੋਧੀ ਪਾਰਟੀਆਂ ਨੂੰ ਵੀ ਕਾਫੀ ਚੰਦਾ ਮਿਲਿਆ

ਨਵੀਂ ਦਿੱਲੀ, 17 ਮਾਰਚ : ਸਿਆਸੀ ਆਬਜਰਵਰਾਂ ਦਾ ਕਹਿਣਾ ਹੈ ਕਿ ਚੋਣ ਬਾਂਡ ਦੇ ਹੁਣ ਤੱਕ ਹੋਏ ਖੁਲਾਸਿਆਂ ਨਾਲ ਭਾਜਪਾ ਨੂੰ ਨੁਕਸਾਨ ਨਹੀਂ ਹੋਣਾ ਚਾਹੀਦਾ ਕਿਉਂਕਿ ਵਧੇਰੇ ਫੰਡ ਦੂਜੀਆਂ ਪਾਰਟੀਆਂ ਨੂੰ ਗਿਆ ਹੈ। ਜੇਕਰ ਭਾਜਪਾ ਨੂੰ ਪਿਛਲੇ 6 ਸਾਲਾਂ ਵਿਚ 6060 ਕਰੋੜ ਰੁਪਏ ਮਿਲੇ ਤਾਂ ਕਾਂਗਰਸ, ਟੀ. ਐੱਮ. ਸੀ., ਬੀ. ਆਰ. ਐੱਸ., ਡੀ. ਐੱਮ. ਕੇ., ਵਾਈ. ਐੱਸ. ਆਰ.-ਕਾਂਗਰਸ, ਟੀ. ਡੀ. ਪੀ., ਸ਼ਿਵ ਸੈਨਾ ਅਤੇ ਹੋਰਨਾਂ ਨੂੰ ਇਸ ਦੌਰਾਨ ਭਾਜਪਾ ਨਾਲੋਂ ਵਧ ਚੰਦਾ ਮਿਲਿਆ। ਵਿਰੋਧੀ ਪਾਰਟੀਆਂ ਨੇ ਸੋਚਿਆ ਕਿ ਉਹ ਦਾਨ ਹਾਸਲ ਕਰਨ ਲਈ ਈ. ਡੀ., ਸੀ. ਬੀ. ਆਈ. ਅਤੇ ਇਨਕਮ ਟੈਕਸ ਤੇ ਹੋਰ ਏਜੰਸੀਆਂ ਦੀ ਵਰਤੋਂ ਕਰਨ ਲਈ ਭਾਜਪਾ ਨੂੰ ਕਟਹਿਰੇ ਵਿਚ ਖੜ੍ਹਾ ਕਰਨ ਵਿਚ ਸਮਰੱਥ ਹੋਣਗੀਆਂ ਪਰ ਹੁਣ ਤੱਕ ਸਾਹਮਣੇ ਆਏ ਅੰਕੜੇ ਇਸ ਕੇਸ ਨੂੰ ਮਜਬੂਤ ਨਹੀਂ ਕਰਦੇ। ਕਈ ਸੂਬਿਆਂ ਵਿਚ ਸੱਤਾ ਵਿਚ ਮੌਜੂਦ ਵਿਰੋਧੀ ਪਾਰਟੀਆਂ ਨੂੰ ਇਹ ਚੋਣ ਬਾਂਡ ਕਾਫੀ ਮਿਲੇ। ਕਾਂਗਰਸ ਨੂੰ 1409 ਕਰੋੜ ਰੁਪਏ, ਟੀ. ਐੱਮ. ਸੀ. ਨੂੰ 1609 ਕਰੋੜ ਰੁਪਏ, ਭਾਰਤ ਰਾਸ਼ਟਰ ਸਮਿਤੀ ਨੂੰ 1214 ਕਰੋੜ ਰੁਪਏ, ਡੀ. ਐੱਮ. ਕੇ. ਨੂੰ 639 ਕਰੋੜ ਰੁਪਏ, ਵਾਈ. ਐੱਸ. ਆਰ.-ਕਾਂਗਰਸ ਨੂੰ 337 ਕਰੋੜ ਰੁਪਏ, ਟੀ. ਡੀ. ਪੀ. ਨੂੰ 218 ਕਰੋੜ ਰੁਪਏ, ਸ਼ਿਵ ਸੈਨਾ ਨੂੰ 159 ਕਰੋੜ ਰੁਪਏ ਅਤੇ ਇਸੇ ਤਰ੍ਹਾਂ ਹੋਰਨਾਂ ਨੂੰ ਵੀ ਮਿਲੇ। ਉਹ ਇਨ੍ਹਾਂ ਕੰਪਨੀਆਂ 'ਤੇ ਪੈਸਾ ਖਰਚ ਕਰਨ ਲਈ ਦਬਾਅ ਬਣਾਉਣ ਲਈ ਏਜੰਸੀਆਂ ਦੀ ਵਰਤੋਂ ਕਰਨ ਲਈ ਭਾਜਪਾ ਨੂੰ ਕਿਵੇਂ ਦੋਸ਼ੀ ਠਹਿਰਾ ਸਕਦੇ ਹਨ। ਇਸ ਦਾ ਅਰਥ ਇਹ ਵੀ ਹੋ ਸਕਦਾ ਹੈ ਕਿ ਸੂਬਾ ਸਰਕਾਰਾਂ ਨੇ ਇਨ੍ਹਾਂ ਕੰਪਨੀਅਂ ਨੂੰ ਪੈਸਾ ਦੇਣ ਲਈ ਪੁਲਸ ਸ਼ਕਤੀ ਦੀ ਵੀ ਵਰਤੋਂ ਕੀਤੀ ਹੋਵੇ। ਭਾਰਤ ਦੇ ਸਾਬਕਾ ਵਿੱਤ ਸਕੱਤਰ ਅਤੇ ਚੋਣ ਬਾਂਡ ਯੋਜਨਾ ਨੂੰ ਮੁੱਖ ਵਾਸਤੂਕਾਰਾਂ ਵਿਚੋਂ ਇਕ ਸੁਭਾਸ਼ ਚੰਦਰ ਗਰਗ ਨੇ ਕਿਹਾ ਕਿ ਦਾਨ ਕਿਸੇ ਨਾ ਕਿਸੇ ਰੂਪ ਵਿਚ ਜਾਰੀ ਰਹੇਗਾ। ਚੋਣ ਬਾਂਡ ਇਕ ਤਰ੍ਹਾਂ ਦੀ ਪਾਰਦਰਸ਼ਿਤਾ ਲਿਆਏਗਾ। ਉਨ੍ਹਾਂ ਕਿਹਾ ਕਿ ਇਹ ਫੈਸਲਾ ਸਾਨੂੰ ਚੋਣ ਬਾਂਡ ਤੋਂ ਪਹਿਲਾਂ ਦੇ ਹਨੇਰੇ ਵਾਲੇ ਯੁੱਗ ਵਿਚ ਵਾਪਸ ਲੈ ਗਿਆ ਹੈ। ਜਦੋਂ ਤੱਕ ਸੁਪਰੀਮ ਕੋਰਟ ਆਪਣੇ ਫੈਸਲੇ 'ਤੇ ਮੁੜ ਗੌਰ ਨਹੀਂ ਕਰਦੀ, ਕਾਨੂੰਨ ਨਿਰਮਾਤਾਵਾਂ ਨੂੰ ਨਵੀਂ ਯੋਜਨਾ ਵਿਕਸਿਤ ਕਰਨ ਵਿਚ ਮੁਸ਼ਕਲ ਹੋਵੇਗੀ। ਹੁਣ 20,000 ਰੁਪਏ ਤੋਂ ਵਧ ਦੇ ਦਾਨ ਦਾ ਐਲਾਨ ਕਰਨਾ ਹੋਵੇਗਾ ਅਤੇ ਉਹ ਗੁਮਨਾਮ ਨਹੀਂ ਰਹਿ ਸਕਦਾ। ਇਸ ਨਾਲ ਪਾਰਟੀਆਂ 20,000 ਰੁਪਏ ਤੋਂ ਘੱਟ ਦਾ ਚੰਦਾ ਸਵੀਕਾਰ ਕਰਨ ਦਾ ਸਹਾਰਾ ਲੈਣਗੀਆਂ ਅਤੇ ਸਿਸਟਮ ਨੂੰ ਹੋਰ ਵਧ ਭ੍ਰਿਸ਼ਟ ਕਰਨਗੀਆਂ।

## 85 ਸਾਲਾਂ ਤੋਂ ਵੱਧ ਉਮਰ ਦੇ ਵੋਟਰ ਘਰ ਬੈਠੇ ਹੀ ਕਰ ਸਕਣਗੇ ਵੋਟਿੰਗ

ਨਵੀਂ ਦਿੱਲੀ, 17 ਮਾਰਚ : ਲੋਕ ਸਭਾ ਚੋਣਾਂ 2024 'ਚ ਹੁਣ ਕੁਝ ਹੀ ਦਿਨਾਂ ਦਾ ਸਮਾਂ ਬਚਿਆ ਹੈ। ਦੇਸ਼ ਭਰ 'ਚ ਚੋਣਾਂ ਨੂੰ ਲੈ ਕੇ ਤਿਆਰੀਆਂ ਤੇਜ ਹੋ ਗਈਆਂ ਹਨ। ਉਥੇ ਹੀ ਇਨ੍ਹਾਂ ਚੋਣਾਂ ਨੂੰ ਲੈ ਕੇ ਚੋਣ ਕਮਿਸ਼ਨ ਦੇ ਨਵੇਂ ਦਿਸ਼ਾ-ਨਿਰਦੇਸ਼ ਅਨੁਸਾਰ ਹੁਣ 85 ਸਾਲਾਂ ਤੋਂ ਵੱਧ ਉਮਰ ਦੇ ਲੋਕ ਹੁਣ ਘਰ ਬੈਠੇ ਹੀ ਵੋਟ ਪਾ ਸਕਣਗੇ। ਪੋਸਟਲ ਬੈਲਟ ਰਾਹੀਂ ਹੁਣ 85 ਸਾਲਾਂ ਤੋਂ ਵੱਧ ਉਮਰ ਦੇ ਲੋਕ ਬਿਨਾਂ ਪੋਲਿੰਗ ਬੂਥ ਜਾਏ ਆਪਣੀ ਵੋਟ ਪਾ ਸਕਣਗੇ। ਦੱਸ ਦੇਈਏ ਕਿ ਪਹਿਲਾਂ 80 ਸਾਲਾਂ ਤੋਂ ਵੱਧ ਉਮਰ ਦੇ ਲੋਕ ਇਸ ਸਹੂਲਤ ਦਾ ਫਾਇਦਾ ਚੁੱਕ ਸਕਦੇ ਸਨ ਪਰ ਹੁਣ ਉਮਰ ਨੂੰ ਵਧਾ ਕੇ 85 ਸਾਲ ਕਰ ਦਿੱਤਾ ਗਿਆ ਹੈ। 85 ਸਾਲਾਂ ਤੋਂ ਵੱਧ ਉਮਰ ਦੇ ਵੋਟਰਾਂ ਨੂੰ ਪੋਸਟ ਬੈਲਟ ਸਹੂਲਤ ਲਈ ਫਾਰਮ 12ਡੀ ਘਰ 'ਚ ਮੁਹੱਈਆ ਕਰਵਾਏ ਜਾਣਗੇ। ਭਾਰਤ ਚੋਣ ਕਮਿਸ਼ਨ ਦੀ ਵੈੱਬਸਾਈਟ ਤੋਂ ਵੀ ਫਾਰਮ 12ਡੀ ਨੂੰ ਡਾਊਨਲੋਡ ਕੀਤਾ ਜਾ ਸਕਦਾ ਹੈ। ਮੁੱਖ ਚੋਣ ਕਮਿਸਨਰ ਨੇ ਕਿਹਾ ਕਿ ਇਸ ਵਾਰ ਪੂਰੇ ਦੇਸ ਵਿੱਚ ਪਹਿਲੀ ਵਾਰ ਅਜਿਹਾ ਸਿਸਟਮ ਲਾਗੂ ਹੋਣ ਜਾ ਰਿਹਾ ਹੈ। ਫਾਰਮ 12ਡੀ ਉਨ੍ਹਾਂ ਵੋਟਰਾਂ ਨੂੰ ਦਿੱਤਾ ਜਾਵੇਗਾ ਜੋ 85 ਸਾਲ ਤੋਂ ਵੱਧ ਉਮਰ ਦੇ ਹਨ ਜਾਂ 40 ਫੀਸਦੀ ਤੋਂ ਵੱਧ ਅਪਾਹਜ ਹਨ।

# ਲੋਕ ਸਭਾ ਚੋਣਾਂ: 'ਆਪ' ਨੇ ਉਮੀਦਵਾਰਾਂ ਦੇ ਐਲਾਨ 'ਚ ਮਾਰੀ ਬਾਜੀ, ਹੋਰ ਪਾਰਟੀਆਂ ਅਜੇ ਸ਼ਸ਼ੋਪੰਜ 'ਚ

ਜਲੰਧਰ/ਚੰਡੀਗੜ੍ਹ, 17 ਮਾਰਚ : ਆਮ ਆਦਮੀ ਪਾਰਟੀ ਨੇ ਉਮੀਦਵਾਰਾਂ ਦੇ ਐਲਾਨ ਵਿਚ ਬਾਜੀ ਮਾਰ ਲਈ ਹੈ ਅਤੇ ਵੀਰਵਾਰ ਸਭ ਤੋਂ ਪਹਿਲਾਂ ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕੀਤਾ। ਪੰਜਾਬ ਦੀ ਸਿਆਸਤ ਵਿਚ ਇਕ ਸਮਾਂ ਅਜਿਹਾ ਸੀ ਜਦੋਂ ਅਕਾਲੀ ਦਲ ਵੱਲੋਂ ਆਪਣੇ ਉਮੀਦਵਾਰ ਹੋਰ ਪਾਰਟੀਆਂ ਦੇ ਮੁਕਾਬਲੇ ਪਹਿਲਾਂ ਐਲਾਨੇ ਜਾਂਦੇ ਸਨ ਪਰ ਪਿਛਲੇ ਕੁਝ ਸਾਲਾਂ ਤੋਂ ਉਸ ਦੀ ਥਾਂ ਆਮ ਆਦਮੀ ਪਾਰਟੀ ਨੇ ਲੈ ਲਈ ਹੈ। ਕਾਂਗਰਸ ਅਤੇ ਭਾਜਪਾ ਕੌਮੀ ਪਾਰਟੀਆਂ ਹਨ ਅਤੇ ਉਨ੍ਹਾਂ ਦੇ ਉਮੀਦਵਾਰਾਂ ਦੀ ਚੋਣ ਦੀ ਪ੍ਰਕਿਰਿਆ ਵੀ ਲੰਮੀ ਹੁੰਦੀ ਹੈ। ਆਮ ਆਦਮੀ ਪਾਰਟੀ ਵੀ ਭਾਵੇਂ ਕੌਮੀ ਪਾਰਟੀ ਬਣ ਚੁੱਕੀ ਹੈ ਪਰ ਫਿਰ ਵੀ ਅਜੇ ਉਸ ਦੀ ਹੱਦ ਕੁਝ ਸੂਬਿਆਂ ਤਕ ਹੀ ਸੀਮਿਤ ਹੈ। ਇਸ ਲਈ ਜਿਨ੍ਹਾਂ ਸੂਬਿਆਂ ਵਿਚ ਉਸ ਦੀ ਸਰਕਾਰ ਹੈ, ਉੱਥੇ ਉਹ ਉਮੀਦਵਾਰਾਂ ਦੇ ਐਲਾਨ ਵਿਚ ਬਾਜੀ ਮਾਰ ਰਹੀ ਹੈ। ਭਾਜਪਾ ਤੇ ਅਕਾਲੀ ਦਲ ਵਿਚਾਲੇ ਸੰਭਾਵਤ ਚੋਣ ਗਠਜੋੜ ਸਬੰਧੀ ਅਜੇ ਗੱਲ ਸਿਰੇ ਨਹੀਂ ਚੜ੍ਹੀ। ਅਜੇ ਦੋਵਾਂ ਪਾਰਟੀਆਂ 'ਚ ਲੜੀਆਂ ਜਾਣ ਵਾਲੀਆਂ ਸੀਟਾਂ ਸਬੰਧੀ ਸਹਿਮਤੀ ਬਣਨੀ ਹੈ। ਭਾਜਪਾ ਅਕਾਲੀ ਦਲ ਤੋਂ ਇਸ ਵਾਰ ਪੰਜਾਬ ਵਿਚ ਘੱਟੋ-ਘੱਟ 6 ਵਿਧਾਨ ਸਭਾ ਸੀਟਾਂ ਮੰਗ ਰਹੀ ਹੈ, ਜਦੋਂਕਿ ਅਕਾਲੀ ਦਲ ਉਸ ਨੂੰ 5 ਸੀਟਾਂ ਦੇਣ ਲਈ ਤਿਆਰ ਹੈ। ਦੋਵਾਂ ਪਾਰਟੀਆਂ ਵਿਚਾਲੇ ਸਹਿਮਤੀ ਬਣਨ ਤੋਂ ਬਾਅਦ ਉਮੀਦਵਾਰਾਂ ਦੀ ਚੋਣ ਨੂੰ ਲੈ ਕੇ ਤੇਜੀ ਆਇਗੀ। ਜਿੱਥੋਂ ਤਕ ਕਾਂਗਰਸ ਦਾ ਸਵਾਲ ਹੈ ਤਾਂ ਉਸ ਨੇ ਉਮੀਦਵਾਰਾਂ ਦੇ ਨਾਵਾਂ ਦਾ ਪੈਨਲ ਹਾਈਕਮਾਨ ਨੂੰ ਭੇਜਣਾ ਹੈ। ਹਾਈਕਮਾਨ ਜਦੋਂ ਬੈਠਕ ਕਰੇਗਾ ਤਾਂ ਉਸ ਵਿਚ ਦੇਸ਼ ਦੇ ਹੋਰ ਸੂਬਿਆਂ ਦੇ ਨਾਲ ਹੀ ਪੰਜਾਬ 'ਤੇ ਵੀ ਚਰਚਾ ਹੋਵੇਗੀ। ਭਾਜਪਾ ਦੀ ਸਥਿਤੀ ਵੀ ਅਜਿਹੀ ਹੀ ਹੋਵੇਗੀ।

ਭਾਜਪਾ ਨੇ ਕੌਮੀ ਪੱਧਰ 'ਤੇ ਕਈ ਸੂਬਿਆਂ ਵਿਚ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਜਿਹੜੀਆਂ ਪਾਰਟੀਆਂ ਆਪਣੇ ਉਮੀਦਵਾਰਾਂ ਦਾ ਐਲਾਨ ਪਹਿਲਾਂ ਕਰ ਦਿੰਦੀਆਂ ਹਨ, ਉਨ੍ਹਾਂ ਦੇ ਉਮੀਦਵਾਰਾਂ ਨੂੰ ਚੋਣ ਪ੍ਰਬੰਧ ਕਰਨ ਦਾ ਲਾਭ ਮਿਲਦਾ ਹੈ। ਅਜੇ ਕੇਂਦਰੀ ਚੋਣ ਕਮਿਸ਼ਨ ਨੇ ਵੀ ਚੋਣਾਂ ਦੀਆਂ ਤਰੀਕਾਂ ਦਾ ਐਲਾਨ ਨਹੀਂ ਕੀਤਾ। ਮੰਨਿਆ ਜਾ ਰਿਹਾ ਹੈ ਕਿ ਚੋਣ ਕਮਿਸ਼ਨ ਵੱਲੋਂ ਇਸ ਸਬੰਧੀ ਫੈਸਲਾ ਜਲਦ ਹੀ ਲਿਆ ਜਾਵੇਗਾ। ਪੰਜਾਬ ਵਿਚ ਸਿਆਸੀ ਪੰਡਿਤਾਂ ਦੀਆਂ ਨਜਰਾਂ ਇਸ ਵੇਲੇ ਗਠਜੋੜ 'ਤੇ ਟਿਕੀਆਂ ਹੋਈਆਂ ਹਨ। ਸਭ ਤੋਂ ਜ਼ਿਆਦਾ ਦਿਲਚਸਪੀ ਇਸ ਵੇਲੇ ਭਾਜਪਾ ਤੇ ਅਕਾਲੀ ਦਲ ਵਿਚਾਲੇ ਹੋਣ ਵਾਲੇ ਗਠਜੋੜ ਨੂੰ ਲੈ ਕੇ ਲਈ ਜਾ ਰਹੀ ਹੈ।

## ਨਿੱਕੇ ਮੂਸੇਵਾਲਾ ਨੂੰ ਦੇਖ ਭਾਵੁਕ ਹੋਏ ਰਾਜਾ ਵੜਿੰਗ, ਸਿੱਧੂ ਨੂੰ ਯਾਦ ਕਰ ਦੱਸੀਆਂ ਇਹ ਗੱਲਾਂ

ਮਾਨਸਾ, 17 ਮਾਰਚ : ਸਿੱਧੂ ਮੂਸੇਵਾਲਾ ਦੇ ਘਰ ਅੱਜ ਕਿਲਕਾਰੀਆਂ ਗੂੰਜੀਆਂ ਹਨ। ਮਾਤਾ ਚਰਨ ਕੌਰ ਨੇ ਇਕ ਪੁੱਤਰ ਨੂੰ ਜਨਮ ਦਿੱਤਾ ਹੈ। ਇਸ ਦੌਰਾਨ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੇ ਪਰਿਵਾਰ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦਾ ਕਹਿਣਾ ਸੀ ਕਿ ਅੱਜ ਪੰਜਾਬ ਅਤੇ ਪੰਜਾਬੀਆਂ ਲਈ ਸਭ ਤੋਂ ਖੁਸ਼ੀਆਂ ਵਾਲਾ ਦਿਨ ਹੈ, ਕਿਉਂਕਿ ਅੱਜ ਪਰਿਵਾਰ ਤੋਂ ਵਿਛੜਿਆ ਪੁੱਤ ਵਾਪਸ ਆਇਆ ਹੈ। ਉਨ੍ਹਾਂ ਕਿਹਾ ਕਿ ਮੈਂ ਸਮਝਦਾ ਹਾਂ ਕਿ ਉਝੜੇ ਬਾਗਾਂ 'ਚ ਫਿਰ ਤੋਂ ਮਹਿਕ ਨੇ ਆਪਣੀ ਕਿਰਪਾ ਕੀਤੀ ਹੈ, ਜਿਸ ਦੀ ਬਹੁਤ ਖੁਸ਼ੀ ਹੋਈ ਹੈ। ਵਾੜਿੰਗ ਨੇ ਕਿਹਾ ਕਿ ਮਾਤਾ ਚਰਨ ਕੌਰ ਜੀ ਨੇ ਇਸ ਉਮਰ 'ਚ ਤਕੜੇ ਹੋ ਕੇ ਦਰੀੜਤਾਂ ਨਾਲ ਸ਼ੁੱਭਦੀਪ ਨੂੰ ਜਨਮ ਦਿੱਤਾ ਹੈ। ਬੱਚਾ ਅਤੇ ਮਾਤਾ ਜੀ ਦੋਵੇਂ ਤੰਦਰੁਸਤ ਹਨ ਅਤੇ ਪਰਿਵਾਰ ਨੂੰ ਵਧਈ ਦਿੰਦਾ ਹਾਂ। ਉਨ੍ਹਾਂ ਕਿਹਾ ਕਿ ਅਰਦਾਸ ਕਰਦੇ ਹਾਂ ਕਿ ਸ਼ੁੱਭਦੀਪ ਦਾ ਭਰਾ ਤਕੜਾ ਹੋ ਕੇ ਪੰਜਾਬ, ਪੰਜਾਬੀਅਤ ਅਤੇ ਦੇਸ਼ ਦਾ ਨਾਂ ਰੌਸ਼ਨ ਕਰਨ। ਉਨ੍ਹਾਂ ਕਿਹਾ ਸ਼ੁੱਭ ਦੇ ਮਾਪੇ ਰੋਜ ਆਪਣੇ ਪੁੱਤ ਨੂੰ ਯਾਦ ਕਰਦੇ ਸੀ, ਹੁਣ ਇੰਝ ਲੱਗ ਰਿਹਾ ਹੈ ਪਰਿਵਾਰ ਨੂੰ ਜਿਊਂਣ ਦਾ ਮਕਸਦ ਮਿਲ ਗਿਆ ਹੈ। ਇਹ ਵੀ ਪੜ੍ਹੋ : ਮੂਸੇਵਾਲਾ ਦੀ ਹਵੇਲੀ 'ਚ ਬੀਬੀਆਂ ਨੇ ਝੂਮ-ਝੂਮ ਕੇ ਪਾਇਆ ਗਿੱਧਾ, ਵੱਡੀ ਗਿਣਤੀ 'ਚ ਪ੍ਰਸ਼ੰਸਕਾਂ ਦਾ ਲੱਗਿਆ ਤਾਂਤਾ (ਵੀਡੀਓ) ਇਸ ਦੌਰਾਨ ਰਾਜਾ ਵੜਿੰਗ ਨੇ ਭਾਵੁਕ ਹੁੰਦਿਆਂ ਕਿਹਾ ਮੈਨੂੰ ਖੁਸ਼ੀ ਤਾਂ ਸੀ ਪਰ ਅੱਖਾਂ 'ਚ ਪੁਰਾਣੀਆਂ ਯਾਦਾਂ ਸੀ, ਜਿਸ ਨੂੰ ਯਾਦ ਕੀਤਾ।



# ਪਤਨੀ ਡਾ. ਗੁਰਪ੍ਰੀਤ ਨਾਲ ਗੁਰੂਘਰ ਪੁੱਜੇ ਮਾਨ

ਸਰਦੂਲ ਸਿੰਘ

ਮੋਹਾਲੀ, 17 ਮਾਰਚ : ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਦੇ 2 ਸਾਲ ਪੂਰੇ ਹੋਣ 'ਤੇ ਮੁੱਖ ਮੰਤਰੀ ਮਾਨ ਨੇ ਆਪਣੀ ਪਤਨੀ ਡਾ. ਗੁਰਪ੍ਰੀਤ ਕੌਰ ਸਮੇਤ ਗੁਰਦੁਆਰਾ ਅੰਬ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਪਰਮਾਤਮਾ ਦਾ ਸ਼ੁਕਰਾਨਾ ਕੀਤਾ। ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਮਾਨ ਨੇ ਕਿਹਾ ਕਿ ਲੋਕਾਂ ਨੇ ਅੱਜ ਦੇ ਦਿਨ 16 ਮਾਰਚ, 2022 ਨੂੰ 117 'ਚੋਂ 92 ਸੀਟਾਂ ਦਾ ਬਹੁਤ ਵੱਡਾ ਫਤਵਾ ਦਿੱਤਾ ਸੀ। ਉਮੀਦਾਂ ਅਤੇ ਰੰਗਲੇ ਪੰਜਾਬ ਦੀ ਸੋਚ ਨੂੰ ਲੈ ਕੇ ਲੋਕਾਂ ਨੇ ਸਾਡੇ 'ਤੇ ਜ਼ਿੰਮੇਵਾਰੀ ਪਾਈ ਸੀ ਅਤੇ ਅੱਜ ਦੇ ਦਿਨ ਹੀ ਖਟਕੜ ਕਲਾਂ ਵਿਖੇ ਸਹੁੰ ਚੁੱਕ ਸਮਾਰੋਹ ਹੋਇਆ ਸੀ। ਉਨ੍ਹਾਂ ਕਿਹਾ ਕਿ ਇਸ ਮੌਕੇ ਅੱਜ ਉਹ ਆਪਣੀ ਪਤਨੀ ਸਮੇਤ ਗੁਰੂਘਰ ਵਿਖੇ ਨਤਮਸਤਕ ਹੋਏ ਹਨ ਅਤੇ ਅਰਦਾਸ ਕੀਤੀ ਹੈ ਕਿ ਪਰਮਾਤਮਾ ਨੇ ਉਨ੍ਹਾਂ 'ਤੇ ਜੋ ਜ਼ਿੰਮੇਵਾਰੀ ਪਾਈ ਹੈ, ਉਸ ਨੂੰ ਨਿਭਾਉਣ ਦਾ ਬਲ ਬਖਸ਼ੇ। ਮੁੱਖ ਮੰਤਰੀ ਨੇ ਕਿਹਾ ਕਿ ਪੂਰੇ ਦੇਸ਼ 'ਚ ਇਸ ਵੇਲੇ ਲੋਕ ਸਭਾ ਚੋਣਾਂ ਦਾ ਮਾਹੌਲ ਹੈ ਅਤੇ ਉਨ੍ਹਾਂ ਨੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਵੋਟ ਬਹੁਤ ਕੀਮਤੀ ਹੈ ਅਤੇ ਇਸ ਨੂੰ ਅਜਾਈਂ ਨਾ ਜਾਣ ਦਿੱਤਾ ਜਾਵੇ ਕਿਉਂਕਿ ਸਾਡੇ ਸ਼ਹੀਦਾਂ ਨੇ ਛੋਟੀਆਂ-ਛੋਟੀਆਂ ਉਮਰਾਂ 'ਚ ਦੇਸ਼ ਦੀ ਆਜਾਦੀ ਖਾਤਰ ਆਪਣੀਆਂ ਜਾਨਾਂ ਦਿੱਤੀਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਅਸੀਂ ਨਾਮ ਦੀ ਨਹੀਂ, ਕੰਮਾਂ ਦੀ ਰਾਜਨੀਤੀ ਕਰਦੇ ਹਾਂ। ਮੁੱਖ ਮੰਤਰੀ ਨੇ ਕਿਹਾ ਕਿ ਹੁਣ ਤੱਕ 829 ਮੁਹੱਲਾ ਕਲੀਨਿਕ ਖੁੱਲ੍ਹ ਚੁੱਕੇ ਹਨ। 42,992 ਸਰਕਾਰੀ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ। ਪੰਜਾਬ 'ਚ ਇੰਡਸਟਰੀ ਆ ਰਹੀ ਹੈ, ਸਕੂਲ ਆਫ ਐਮੀਨੈਂਸ ਬਣ ਚੁੱਕੇ ਹਨ, ਹਸਪਤਾਲਾਂ 'ਚ ਦਵਾਈਆਂ ਮੁਫਤ ਮਿਲਣ ਲੱਗ ਗਈਆਂ ਹਨ, ਬਿਜਲੀ ਦੇ ਬਿੱਲ ਲੋਕਾਂ ਦੇ ਜੀਰੋ ਆ ਰਹੇ ਹਨ, ਬਜੁਰਗਾਂ ਲਈ ਤੀਰਥ ਯਾਤਰਾ ਸਕੀਮ ਸ਼ੁਰੂ ਕੀਤੀ ਗਈ ਹੈ। ਇਸ ਦੇ ਨਾਲ ਹੀ ਆਉਣ ਵਾਲੇ ਦਿਨਾਂ 'ਚ ਵੀ ਪੰਜਾਬੀਆਂ ਨੂੰ ਵੱਡੀਆਂ ਖੁਸ਼ਖਬਰੀਆਂ ਮਿਲਣਗੀਆਂ। ਮੁੱਖ ਮੰਤਰੀ ਮਾਨ ਨੇ ਕਿਹਾ ਕਿ ਸਾਨੂੰ ਉਮੀਦ ਹੈ ਕਿ ਲੋਕ ਸਭਾ ਚੋਣਾਂ ਦੌਰਾਨ ਲੋਕ ਸਾਡੇ ਕੰਮਾਂ 'ਤੇ ਮੋਹਰ ਲਾਉਣਗੇ।

